ਸਪੈਸ਼ਲ ਗੈਰੀ ਪੀਜ਼ਾ ਸਵਾਦਿਸ਼ਟ ਪਨੀਰ ਰੈਪ ਤੇ ਬਰਗਰ
ਲਾਰਜ ਤੇ ਐਕਸਟਰਾ ਲਾਰਜ ਪੀਜ਼ੇ ਤੇ ਆਫਰਾਂ
ANY 2 LARGE PIZZAS -£9.99
ANY 2 EX LARGE PIZZAS -£11.99
* ਡੋਨਰ ਕਬਾਬ * ਬਰਗਰ * ਫਿਸ਼ ਪਕੌੜੇ
* ਫੈਮਿਲੀ ਡੀਲ * ਪਾਰਟੀ ਡੀਲ * ਕਿਡਜ਼ ਡੀਲ
57 Western Road, Southall
020 8571 3311



PANJAB TIMES

# ਪੰਜਾਬ ਟਾਈਮਜ਼

£1.00

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

14th - 21st May 2020 • Issue No. 2825

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389







## ਸਾਬਕਾ ਡੀਜੀਪੀ ਸੁਮੇਧ ਸੈਣੀ ਖਿਲਾਫ ਔਰਤ ਡਟੀ

## ਕੈਪਟਨ ਸਰਕਾਰ ਮਨੁੱਖੀ ਅਧਿਕਾਰਾਂ ਲਈ ਅਪਨਾ ਰਹੀ ਏ ਢਿੱਲਮੱਠ ਦੀ ਨੀਤੀ

**ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਦੇ ਸਾਬਕਾ ਐਸ ਐਸ ਪੀ ਪ੍ਰੀਤਪਾਲ ਵਿਰਕ, ਅਤੇ ਸਾਬਕਾ ਡੀ ਐਸ ਪੀ ਸਮਸੇਰ ਸਿੰਘ ਸਮੇਤ ਛੇ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫ ਕਰਵਾ ਕੇ ਮਨੁੱਖੀ ਅਧਿਕਾਰਾਂ ਦਾ ਕੀਤਾ ਘਾਣ**





ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਮੌੜ ਅਚਾਨਕ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ, ਉਹ ਕਾਫੀ ਸਮੇਂ ਤੋਂ ਬਿਮਾਰ ਸਨ। ਉਹ 88 ਵਰ੍ਹਿਆਂ ਦੇ ਸਨ ਅਤੇ 1958 ਤੋਂ ਯੂ ਕੇ ਵਿੱਚ ਰਹਿ ਰਹੇ ਸਨ, ਉਹ ਆਪਣੇ ਪਿੱਛੇ ਇੱਕ ਬੇਟਾ ਅਤੇ ਤਿੰਨ ਬੇਟੀਆਂ ਸਮੇਤ ਵੱਡਾ ਪ੍ਰੀਵਾਰ ਛੱਡ ਗਏ ਹਨ। ਸ: ਮੌੜ ਕਬੱਡੀ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਨ। *(ਵਿਸਥਾਰ ਸਹਿਤ ਖਬਰ ਅੰਦਰ ਪੜ੍ਹੋ)*

ਉੱਪਰ ਫੋਟੋ ਵਿੱਚ ਮਹਿੰਦਰ ਸਿੰਘ ਮੌੜ ਨੂੰ ਉਨ੍ਹਾਂ ਦੀਆਂ ਕਬੱਡੀ ਪ੍ਰਤੀ ਕੀਤੀਆਂ ਸੇਵਾਵਾਂ ਲਈ ਸਨਮਾਨਿਤ ਕਰਦੇ ਹੋਏ ਸਾਬਕਾ ਮੇਅਰ (ਕੌਂਸਲਰ) ਤਰਸੇਮ ਸਿੰਘ ਨਾਲ ਖੜ੍ਹੇ ਸਨ ਪ੍ਰਧਾਨ ਬਹਾਦਰ ਸਿੰਘ ਸ਼ੇਰਗਿੱਲ *(ਇਕ ਪੁਰਾਣੀ ਯਾਦ)*



## ਪੰਜਾਬ ਪੁਲੀਸ ਸਟੇਟ ਵੱਲ ਵਧਣ ਕਾਰਨ ਮਨੁੱਖੀ ਅਧਿਕਾਰਾਂ ਤੇ ਕਾਨੂੰਨ ਦੇ ਰਾਜ ਦਾ ਹੋ ਰਿਹਾ ਏ ਘਾਣ

### ★ ਵਿਸ਼ੇਸ਼ ਖ਼ਬਰਾਂ ★

✪ ਕੇਂਦਰ ਨੇ ਪੰਜਾਬ ਨੂੰ ਜਾਰੀ ਕੀਤੇ 638.25 ਕਰੋੜ ਰੁਪਏ ✪ ਭੇਤਭਰੀ ਹਾਲਤ ਵਿੱਚ ਪੱਤਰਕਾਰ ਦੀ ਮੌਤ ✪ ਕੈਪਟਨ ਸਰਕਾਰ ਨੂੰ ਪਰਵਾਸੀ ਮਜ਼ਦੂਰਾਂ ਨੂੰ ਘਰ ਭੇਜਣ ਲਈ ਖਰਚਣੇ ਪੈਣਗੇ 50 ਕਰੋੜ ਰੁਪਏ

HM Government

NHS

# CORONAVIRUS
# STAY ALERT TO STAY SAFE

**To control the risk of infection:**

- Stay at home as much as possible
- Work from home if you can
- Limit contact with other people
- Keep your distance if you go out (2 metres apart where possible)
- Wash your hands regularly

**Do not leave home if you or anyone in your household has symptoms**

**STAY ALERT ▸ CONTROL THE VIRUS ▸ SAVE LIVES**

# ਅਦਾਲਤ ਵੱਲੋਂ ਸਾਬਕਾ ਡੀਜੀਪੀ ਸੁਮੇਧ ਸੈਣੀ ਨੂੰ ਵੱਡੀ ਰਾਹਤ

## ✪ ਸਾਬਕਾ ਡੀਜੀਪੀ ਦੀ ਅਗਾਊਂ ਜ਼ਮਾਨਤ ਮਨਜ਼ੂਰ ✪ ਕੇਪੀ ਗਿੱਲ ਦਾ ਵੱਡਾ ਚਹੇਤਾ ਸੀ ਸੈਣੀ ✪ ਕਈ ਸਿੱਖ ਨੌਜਵਾਨਾਂ ਨੂੰ ਉਸ ਨੇ ਮਾਰ ਮੁਕਾਇਆ ✪ ਗੁਰੂ ਗ੍ਰੰਥ ਸਾਹਿਬ ਦੀ ਗੋਲੀ ਕਾਂਡ ਕੋਟਕਪੂਰਾ ਤੇ ਬਹਿਬਲ ਕਲਾਂ ਦਾ ਮੁੱਖ ਦੋਸ਼ੀ ਏ ਸੈਣੀ

ਚੰਡੀਗੜ੍ਹ-ਮੁਹਾਲੀ ਦੀ ਅਦਾਲਤ ਨੇ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਸਾਬਕਾ ਡੀਜੀਪੀ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ ਹੈ। ਯਾਦ ਰਹੇ ਕਿ 29 ਸਾਲ ਪੁਰਾਣੇ ਕੇਸ ਵਿਚ ਸਾਬਕਾ ਡੀਜੀਪੀ ਖਿਲਾਫ ਮੋਹਾਲੀ ਦੇ ਮਟੌਰ ਥਾਣੇ ਵਿਚ ਸਾਬਕਾ ਡੀਜੀਪੀ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਹ ਮਾਮਲਾ 1991 ਦਾ ਹੈ। ਇਸ ਵਿਚ ਸਾਬਕਾ 91ਛ ਅਫਸਰ ਦੇ ਬੇਟੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਕੇ ਖਤਮ ਕਰਨ ਦੇ ਇਲਜ਼ਾਮ ਹਨ। ਇਸ ਕੇਸ ਦਾ ਸਬੰਧ ਪੰਜਾਬ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਬੇਟੇ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਜੋ ਕਿ ਚੰਡੀਗੜ੍ਹ ਵਿਖੇ ਸਿਟਕੋ ਦੇ ਇਕ ਅਦਾਰੇ ਵਿਚ ਇੰਜੀਨੀਅਰ ਵਜੋਂ ਨੌਕਰੀ ਕਰ ਰਿਹਾ ਸੀ, ਨਾਲ ਹੈ, ਜਿਸ ਨੂੰ ਸੁਮੇਧ ਸੈਣੀ ਨੇ ਚੰਡੀਗੜ੍ਹ ਪੁਲਿਸ ਦੇ ਐਸਐਸਪੀ ਹੁੰਦਿਆਂ ਦਸੰਬਰ 1991 ਵਿਚ ਉਨ੍ਹਾਂ ਦੇ ਨਿਵਾਸ ਅਸਥਾਨ ਤੋਂ ਚੁੱਕਿਆ ਸੀ ਅਤੇ ਉਨ੍ਹਾਂ ਦੇ ਨਾਲ ਬਾਅਦ ਵਿਚ ਚੁੱਕੇ ਗਏ ਕੁਝ ਹੋਰ ਲੋਕਾਂ ਤੋਂ ਵੀ ਪੁਲਿਸ ਵਲੋਂ ਖਾੜਕੂ ਦਵਿੰਦਰਪਾਲ ਸਿੰਘ ਭੁੱਲਰ ਦਾ ਥਹੁ ਪਤਾ ਪੁੱਛਿਆ ਜਾ ਰਿਹਾ ਸੀ। ਦਰਸ਼ਨ ਸਿੰਘ ਮੁਲਤਾਨੀ ਆਪਣੇ ਆਖਰੀ ਸਾਹ ਤੱਕ ਆਪਣੇ ਬੇਟੇ ਨੂੰ ਚੰਡੀਗੜ੍ਹ ਪੁਲਿਸ ਵਲੋਂ ਲਾਪਤਾ ਕਰਨ ਤੇ ਮਾਰੇ ਜਾਣ ਵਿਰੁੱਧ ਅਦਾਲਤੀ ਚਾਰਾਜੋਈ ਕਰਦੇ ਰਹੇ ਤੇ ਹਾਈਕੋਰਟ ਤੋਂ ਇਸ ਮਾਮਲੇ ਵਿਚ ਸੀਬੀਆਈ ਦੀ ਜਾਂਚ ਦੇ ਆਦੇਸ਼ ਲੈਣ ਵਿਚ ਵੀ ਸਫਲ ਹੋ ਗਏ ਸਨ ਪਰ ਸਾਬਕਾ ਮੁੱਖ ਮੰਤਰੀ ਸ. ਬਾਦਲ ਦੀ ਅਗਵਾਈ ਵਾਲੀ ਸਰਕਾਰ ਤੇ ਉਸ ਸਮੇਂ ਦੇ ਡੀਜੀਪੀ ਨੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚੋਂ ਤਕਨੀਕੀ ਕਾਰਨ ਦੱਸ ਕੇ ਰੱਦ ਕਰਵਾ ਦਿੱਤਾ ਸੀ। ਮੁਹਾਲੀ ਪੁਲਿਸ ਵਲੋਂ ਹੁਣ ਇਹ ਨਵਾਂ ਕੇਸ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ ਕੀਤਾ ਗਿਆ ਹੈ ਜਿਸ ਵਿਚ ਉਨ੍ਹਾਂ ਆਪਣੇ ਭਰਾ ਨੂੰ ਘਰੋਂ ਚੁੱਕੇ ਜਾਣ ਅਤੇ ਬਾਅਦ ਵਿਚ ਤਸੀਹੇ ਦੇ ਕੇ ਮਾਰਨ ਦੀ ਕਾਫੀ ਜਾਣਕਾਰੀ ਵੀ ਦਿੱਤੀ ਹੈ ਤੇ ਪੁਲਿਸ ਕੈਟ ਗੁਰਮੀਤ ਪਿੰਕੀ ਦੀ ਇਕ ਨਾਮਵਰ ਰਸਾਲੇ ਆਊਟਲੁਕ ਵਿਚ ਛਪੀ ਇੰਟਰਵਿਊ ਵੀ ਨੱਥੀ ਕੀਤੀ ਹੈ ਜਿਸ ਵਿਚ ਉਨ੍ਹਾਂ ਬਲਵੰਤ ਸਿੰਘ ਮੁਲਤਾਨੀ ਤੋਂ ਦਰਦਨਾਕ ਤਰੀਕੇ ਨਾਲ ਪੁੱਛਗਿੱਛ ਅਤੇ ਉਸ ਨੂੰ ਮਾਰਨ ਦਾ ਬਿਓਰਾ ਦਿੱਤਾ ਗਿਆ ਸੀ। ਮੁਹਾਲੀ ਪੁਲਿਸ ਵਲੋਂ ਡੀ.ਏ. ਲੀਗਲ ਦੀ ਰਾਏ ਤੋਂ ਬਾਅਦ ਇਹ ਮਾਮਲਾ ਬੀਤੇ ਦਿਨੀਂ ਦਰਜ ਕੀਤਾ ਗਿਆ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਸੁਪਰੀਮ ਕੋਰਟ ਵਲੋਂ ਹਾਈਕੋਰਟ ਦੇ ਆਦੇਸ਼ ਨੂੰ ਇਸ ਆਧਾਰ 'ਤੇ ਰੱਦ ਕੀਤਾ ਗਿਆ ਕਿ ਹਾਈਕੋਰਟ ਦੇ ਬੈਂਚ ਕੋਲ ਇਸ ਕੇਸ ਨਾਲ ਨਜਿੱਠਣ ਲਈ ਅਧਿਕਾਰ ਖ਼ੇਤਰ ਦੀ ਘਾਟ ਹੈ ਅਤੇ ਇਸੇ ਆਧਾਰ 'ਤੇ ਸੀ.ਬੀ.ਆਈ. ਵਲੋਂ ਐਫ.ਆਈ.ਆਰ. ਨੂੰ ਤਕਨੀਕੀ ਆਧਾਰ 'ਤੇ ਰੱਦ ਕੀਤਾ ਗਿਆ ਸੀ ਪਰ ਸੁਪਰੀਮ ਕੋਰਟ ਨੇ ਪਰਿਵਾਰ ਨੂੰ ਨਵੇਂ ਸਿਰੇ ਤੋਂ ਕਾਰਵਾਈ ਕਰਨ ਲਈ ਕਿਹਾ ਸੀ।

ਉਹ ਕੇਸ ਤੋਂ ਬਚਣ ਦੇ ਲਈ ਚੰਡੀਗੜ੍ਹ ਤੋਂ ਪਹਿਲਾਂ ਹਿਮਾਚਲ ਲਈ ਰਵਾਨਾ ਹੋਇਆ ਸੀ। ਥਾਣਾ ਸਵਾਰਘਾਟ ਦੇ ਮੁਖੀ ਇੰਸਪੈਕਟਰ ਜੋਗਿੰਦਰ ਸਿੰਘ ਨੇ ਕੋਰੋਨਾ ਵਾਇਰਸ ਦੇ



ਚਲਦਿਆਂ ਸਰਕਾਰੀ ਆਦੇਸ਼ਾਂ 'ਤੇ ਉਸ ਦੀ ਇਨੋਵਾ ਗੱਡੀ ਨੂੰ ਹਿਮਾਚਲ ਅੰਦਰ ਦਾਖ਼ਲ ਹੋਣ ਤੋਂ ਰੋਕ ਲਿਆ। ਇਸ ਦੌਰਾਨ ਗੱਡੀ ਵਿਚੋਂ 2 ਵਿਅਕਤੀ ਉੱਤਰੇ ਜਿਨ੍ਹਾਂ ਵਿਚ ਇਕ ਆਪਣੇ ਆਪ ਨੂੰ ਇੰਸਪੈਕਟਰ ਜਦਕਿ ਦੂਜਾ ਏ.ਐਸ.ਆਈ. ਪੰਜਾਬ ਪੁਲਿਸ ਦੱਸ ਰਿਹਾ ਸੀ। ਇਨ੍ਹਾਂ ਨੇ ਦੱਸਿਆ ਕਿ ਗੱਡੀ ਵਿਚ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਬੈਠੇ ਹਨ ਜੋ ਕਿ ਹਿਮਾਚਲ ਪ੍ਰਦੇਸ਼ ਅੰਦਰ ਸਥਿਤ ਆਪਣੇ ਫਾਰਮ ਹਾਊਸ 'ਤੇ ਜਾ ਰਹੇ ਹਨ। ਇਸ ਸਬੰਧੀ ਜਦੋਂ ਨਾਕੇ 'ਤੇ ਤਾਇਨਾਤ ਮੁਲਾਜ਼ਮਾਂ ਨੇ ਉਨ੍ਹਾਂ ਤੋਂ ਕਰਫ਼ਿਊ ਪਾਸ ਦਿਖਾਉਣ ਦੀ ਮੰਗ ਕੀਤੀ ਤਾਂ ਉਹ ਅਜਿਹਾ ਕੋਈ ਵੀ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ। ਹਿਮਾਚਲ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਨ ਦੇ ਬਾਵਜੂਦ ਉਸ ਨੂੰ ਹਿਮਾਚਲ ਪ੍ਰਦੇਸ਼ ਅੰਦਰ ਪ੍ਰਵੇਸ਼ ਕਰਨ ਦੀ ਇਜਾਜ਼ਤ ਨਹੀਂ ਮਿਲੀ। ਇਸ ਤੋਂ ਬਾਅਦ ਸੈਣੀ ਦਿੱਲੀ ਚਲਾ ਗਿਆ।

### ਸੁਮੇਧ ਸੈਣੀ ਕੇਪੀ ਐਸ ਗਿੱਲ ਦਾ ਚਹੇਤਾ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੌਰਾਨ ਪੰਜਾਬ ਪੁਲਸ ਦੇ ਸੁਪਰ ਕਾਪ ਕੇ.ਪੀ.ਐਸ. ਗਿੱਲ ਦੀ ਸੱਜੀ ਬਾਂਹ ਰਹੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੋਸ਼ੀ ਸਮਝੇ ਜਾਂਦੇ ਹਨ। ਉਸ ਦੌਰਾਨ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਬਾਦਲ ਸਰਕਾਰ 'ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ।

ਅਗਸਤ 1991 ਵਿੱਚ ਸੈਣੀ ਚੰਡੀਗੜ੍ਹ ਦੇ ਐੱਸਐੱਸਪੀ ਸੀ ਉਸ ਦੌਰਾਨ ਉਨ੍ਹਾਂ ਉੱਤੇ ਜਾਨਲੇਵਾ ਹਮਲਾ ਹੋਇਆ। ਇਸ ਹਮਲੇ ਵਿੱਚ ਸੁਮੇਧ ਤਾਂ ਬਚ ਗਏ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ। ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀਬੀਆਈ ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖਿਲਾਫ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਅਮਰ ਕੌਰ ਆਪਣੇ ਪੁੱਤਰ ਵਿਨੋਦ ਕੁਮਾਰ ਅਤੇ ਜਵਾਈ ਅਸ਼ੋਕ ਕੁਮਾਰ ਲਈ ਨਿਆਂ ਹਾਸਲ ਕਰਨ ਲਈ ਕਾਨੂੰਨੀ ਲੜਾਈ ਲੜ ਰਹੀ ਸੀ। ਉਸ ਵਲੋਂ ਅਦਾਲਤ ਵਿੱਚ ਲਾਏ ਦੋਸ਼ਾਂ ਦੇ ਮੁਤਾਬਕ ਸਾਬਕਾ ਡੀਜੀਪੀ ਸੁਮੇਧ ਸੈਣੀ ਨੇ ਉਸ ਦੇ ਪੁੱਤ ਤੇ ਜਵਾਈ ਅਤੇ ਉਨ੍ਹਾਂ ਦੇ ਡਰਾਈਵਰ ਮੁਖ਼ਤਿਆਰ ਸਿੰਘ ਨੂੰ ਅਗਵਾ ਕੀਤਾ ਸੀ ਤੇ ਉਸ ਤੋਂ ਬਾਅਦ ਉਹ ਕਦੇ ਨਹੀਂ ਮਿਲੇ। ਮਾਰਚ 1994 ਵਿਚ ਸੁਮੇਧ ਸਿੰਘ ਸੈਣੀ ਲੁਧਿਆਣਾ ਦੇ ਐਸਐਸਪੀ ਸਨ। ਲੁਧਿਆਣਾ ਪੁਲਿਸ ਨੇ ਅਮਰ ਕੌਰ ਦੇ ਪਰਿਵਾਰ ਦੇ ਤਿੰਨ ਜੀਅ ਲੁਧਿਆਣਾ ਕੋਤਵਾਲੀ ਪੁਲਿਸ ਸਟੇਸ਼ਨ ਚ ਹਿਰਾਸਤ ਵਿੱਚ ਰੱਖੇ ਹੋਏ ਸਨ। ਸੈਣੀ ਮੋਟਰ ਕੇਸ ਦੇ ਨਾਂ ਨਾਲ ਮਸ਼ਹੂਰ ਇਸ ਕੇਸ ਸੁਮੇਧ ਸੈਣੀ ਨੂੰ ਮੁਲਜ਼ਮ ਬਣਾਇਆ ਗਿਆ ਸੀ, ਹਾਲਾਂਕਿ ਉਸ ਨੇ ਹਮੇਸ਼ਾ ਅਜਿਹੇ ਸਾਰੇ ਹੀ ਦੋਸ਼ਾਂ ਨੂੰ ਰੱਦ ਕੀਤਾ ਹੈ।

ਖਿਲਾਫ ਪਿਛਲੇ 23 ਸਾਲਾਂ ਤੋਂ ਕਾਨੂੰਨੀ ਜੰਗ ਲੜ ਰਹੀ ਮਾਤਾ ਅਮਰ ਕੌਰ ਅਧਵਾਟੇ ਹਾਰ ਗਈ। ਆਪਣੇ ਪੁੱਤਰ, ਜਵਾਈ ਤੇ ਉਨ੍ਹਾਂ ਦੇ ਡਰਾਇਵਰ ਨੂੰ ਮਾਰ ਕੇ ਖਪਾ ਦੇਣ ਲਈ ਸੁਮੇਧ ਸੈਣੀ ਨੂੰ ਮੁੱਖ ਦੋਸ਼ੀ ਟਿੱਕਣ ਵਾਲੀ ਮਾਤਾ ਅਮਰ ਕੌਰ ਦੀ ਇੱਕੋ ਹਸਰਤ ਰਹਿ ਗਈ ਸੀ ਕਿ ਉਹ ਆਪਣੇ ਲਾਡਲਿਆਂ ਦੇ ਕਾਤਲਾਂ ਨੂੰ ਸਜ਼ਾ ਦਿਵਾ ਕੇ ਇਸ ਜ਼ਹਾਨ ਤੋਂ ਵਿਦਾ ਹੋਵੇ। ਪਰ ਜਿਸ ਕਾਨੂੰਨ ਤੇ ਕਾਨੂੰਨ ਦੇ ਰਾਜ 'ਤੇ ਉਸ ਨੇ ਅਟੁੱਟ ਵਿਸ਼ਵਾਸ਼ ਰੱਖਿਆ ਉਸੇ ਕਾਨੂੰਨ ਦੀਆਂ ਚੋਰ ਮੋਰੀਆਂ ਤੇ ਹੇਰਾਫੇਰੀਆਂ ਨੇ ਮਾਤਾ ਨੂੰ ਅਧਵਾਟੇ ਦਮ ਤੋੜ ਜਾਣ ਲਈ ਮਜ਼ਬੂਰ ਕਰ ਦਿੱਤਾ। 77 ਵਰ੍ਹਿਆਂ ਦੀ ਬੁਢਾਪੇ ਦੀ ਉਮਰੇ ਮਾਤਾ ਨੇ ਸੰਘਰਸ਼ ਸ਼ੁਰੂ ਕੀਤਾ ਤੇ 23 ਵਰ੍ਹਿਆਂ ਤੱਕ ਇਨਸਾਫ ਲਈ ਲੜਦੀ ਰਹੀ, ਲਕਵਾ ਹੋਣ ਤੋਂ ਬਾਅਦ ਦਸ ਸਾਲ ਤਾਂ ਉਹ ਬਿਸਤਰ ਤੋਂ ਹੀ ਲੜਦੀ ਰਹੀ। ਇਨਸਾਫ ਦਾ ਰਾਹ ਤੱਕਦੀ-ਤੱਕਦੀ ਅੰਤ ਉਹ 13 ਦਸੰਬਰ ਨੂੰ ਚਲ ਵਸੀ।

ਇਸ ਤਰ੍ਹਾਂ ਜਾਪਦਾ ਹੈ ਕਿ ਭਾਰਤ ਦਾ ਨਿਆਂ ਪ੍ਰਬੰਧ ਸਿਰਫ ਲੱਚਰ ਤੇ ਭ੍ਰਿਸ਼ਟ ਹੀ ਨਹੀਂ ਸਗੋਂ ਦੂਹਰੇ ਖਾਸੇ ਵਾਲਾ ਹੈ। ਜਦੋਂ ਇਸ ਦੇ ਕਟਹਿਰੇ ਵਿੱਚ ਮਾਸੂਮ, ਮਜ਼ਲੂਮ ਤੇ ਦੱਬੇ-ਕੁਚਲੇ ਲੋਕ ਖੜ੍ਹੇ ਹੁੰਦੇ ਹਨ ਤਾਂ ਇਹ ਲੋਹੇ ਦਾ ਥਣ ਬਣ ਜਾਂਦਾ ਹੈ ਅਤੇ ਜਦੋਂ ਕਦੇ ਇਸ ਦੇ ਕਟਹਿਰੇ ਵਿਚ ਕਿਸੇ ਰਸੂਖਵਾਨ ਜਾਂ ਤਾਕਤਵਰ ਨੂੰ ਖੜ੍ਹਾ ਲਿਆ ਜਾਵੇ ਤਾਂ ਇਹ ਮੋਮ ਦੇ ਨੱਕ ਵਾਂਗ ਮੁਲਾਇਮ ਹੋ ਜਾਂਦਾ ਹੈ। ਇਸ ਲਈ ਤਾਰੀਖਾਂ ਪੈਂਦੀਆਂ ਰਹੀਆਂ, ਜੱਜ ਆਉਂਦੇ-ਜਾਂਦੇ ਰਹੇ, ਅਦਾਲਤਾਂ ਬਦਲਦੀਆਂ ਰਹੀਆਂ ਤੇ ਸੁਮੇਧ ਸੈਣੀ ਮੌਜ ਨਾਲ ਡੀ.ਜੀ.ਪੀ ਬਣ ਕੇ ਹਕੂਮਤੀ ਛਟੀ ਚਲਾਉਂਦਾ ਰਿਹਾ ਤੇ ਹੁਣ ਵੀ ਉਸ ਨੂੰ ਜ਼ਮਾਨਤ ਮਿਲ ਗਈ ਹੈ। ਸੈਣੀ ਚੰਡੀਗੜ੍ਹ ਵਿੱਚ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਅਤੇ ਬਠਿੰਡਾ ਵਿੱਚ ਐੱਸਐੱਸਪੀ ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿੱਚ ਇੱਕ ਇੰਜਨੀਅਰ ਨਾਲ ਖਿੱਚਧੂਹ ਕਰਨ ਕਰਕੇ ਵਿਵਾਦਾਂ ਵਿੱਚ ਆ ਚੁੱਕਾ ਹੈ। ਗਿੱਲ ਅਤੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ। ਕੁਝ ਲੋਕ ਉਨ੍ਹਾਂ ਨੂੰ ਖਾੜਕੂਵਾਦ ਨਾਲ ਲੜਨ ਵਾਲਾ ਬਹਾਦਰ ਪੁਲਿਸ ਅਫ਼ਸਰ ਮੰਨਦੇ ਹਨ ਅਤੇ ਕੁਝ ਲੋਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ।

2007 ਤੋਂ ਬਆਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿੱਚ ਰਹੇ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ 2012 ਤੋਂ 2015 ਤੱਕ ਪੰਜਾਬ ਪੁਲਿਸ ਮੁਖੀ ਦੇ ਰਹੇ ਤੇ ਬਾਦਲ ਦਲ ਦੇ ਚਹੇਤੇ ਬਣੇ ਰਹੇ। 2009 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀਐੱਸ ਠਾਕੁਰ ਨੇ ਸੈਣੀ 'ਤੇ ਪੰਜਾਬ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ। ਸੁਮੇਧ ਸਿੰਘ ਸੈਣੀ, ਕੈਪਟਨ ਅਮਰਿੰਦਰ ਦੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਭਰੋਸੇਯੋਗ ਅਫ਼ਸਰ ਸਨ। ਅਕਾਲੀ ਸਰਕਾਰ ਦੌਰਾਨ ਕੈਪਟਨ 'ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ। ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦੇ ਮੁਖੀ (2007-12) ਸਨ।

### ਸੈਣੀ ਦਾ ਚੇਲਾ ਪਿੰਕੀ ਕੈਟ

ਪਿੰਕੀ ਕੈਟ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦਾ ਚਹੇਤਾ ਸੀ ਅਤੇ ਖਾੜਕੂਵਾਦ ਸਮੇਂ ਉਸ ਦੀ ਮੁਖ਼ਬਰੀ ਉਤੇ ਕਈ ਨੌਜਵਾਨ ਪੁਲਿਸ ਨੇ ਫੜੇ ਸਨ। ਬਾਅਦ ਵਿਚ ਉਸ ਨੂੰ ਪੁਲਿਸ ਇੰਸਪੈਕਟਰ ਬਣਾ ਦਿੱਤਾ ਗਿਆ। ਉਸ ਨੇ ਮਾਮੂਲੀ ਤਕਰਾਰ ਪਿੱਛੋਂ ਲੁਧਿਆਣਾ ਦੇ ਨੌਜਵਾਨ ਅਵਤਾਰ ਸਿੰਘ ਗੋਲਾ ਦਾ 2001 ਵਿਚ ਕਤਲ ਕਰ ਦਿੱਤਾ ਸੀ। ਇਸ ਦੋਸ਼ ਵਿਚ 2007 ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਪਰ ਮਈ 2014 ਵਿਚ ਬਾਦਲ ਹਕੂਮਤ ਵੱਲੋਂ ਉਸ ਨੂੰ ਸੱਤ ਸਾਲ ਤੇ ਸੱਤ ਮਹੀਨਿਆਂ ਬਾਅਦ ਹੀ ਚੁੱਪ-ਚੁਪੀਤੇ ਰਿਹਾਅ ਕਰ ਦਿੱਤਾ ਗਿਆ ਤੇ ਫਿਰ ਨੌਕਰੀ ਵੀ ਬਹਾਲ ਕਰ ਦਿੱਤੀ। ਬਹਾਲੀ ਦਾ ਤਿੱਖਾ ਵਿਰੋਧ ਹੋਣ 'ਤੇ ਬਾਦਲ ਸਰਕਾਰ ਨੂੰ ਉਸ ਨੂੰ ਨੌਕਰੀ ਤੋਂ ਹਟਾਉਣਾ ਪਿਆ। ਉਸ ਨੂੰ ਗਿਲਾ ਸੀ ਕਿ ਜਿਨ੍ਹਾਂ ਦੇ ਇਸ਼ਾਰੇ 'ਤੇ ਉਹ ਖੁਦ ਘਿਨਾਉਣੇ ਜੁਰਮਾਂ ਨੂੰ ਅੰਜਾਮ ਦਿੰਦਾ ਰਿਹਾ, ਉਹ ਮੁਸੀਬਤ ਸਮੇਂ ਉਸ ਦੇ ਨਾਲ ਨਹੀਂ ਖੜ੍ਹ ਰਹੇ। ਪਿੰਕੀ ਨੇ ਸੁਮੇਧ ਸੈਣੀ ਅਤੇ ਕੇ.ਪੀ.ਐਸ. ਗਿੱਲ 'ਤੇ ਗੰਭੀਰ ਦੋਸ਼ ਲਾਏ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ, ਪਰ ਸਰਕਾਰ ਨੇ ਇਹ ਰਿਪੋਰਟ ਹੀ ਦੱਬ ਲਈ ਹੈ। ਉਸ ਸਮੇਂ ਐਸ.ਐਸ.ਪੀ. ਰਹੇ ਸੁਮੇਧ ਸੈਣੀ 'ਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ ਲੱਗਦੇ ਰਹੇ ਹਨ, ਪਰ ਇਸ ਦੇ ਬਾਵਜੂਦ ਉਸ ਨੂੰ ਪੁਲਿਸ ਮੁਖੀ ਬਣਾ ਦਿੱਤਾ ਗਿਆ। ਅਕਾਲੀ ਦਲ ਨੇ 1997 ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ ਸਰਕਾਰ ਆਉਣ 'ਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਟਰੁਥ ਕਮਿਸ਼ਨ ਬਣਾਇਆ ਜਾਵੇਗਾ, ਪਰ ਦੋ ਵਾਰ ਲਗਾਤਾਰ ਸਰਕਾਰ ਬਣਾਉਣ ਦੇ ਬਾਵਜੂਦ ਇਸ ਪਾਸਿਓਂ ਮੂੰਹ ਫੇਰੀ ਰੱਖਿਆ।

## ਸਾਬਕਾ ਡੀਜੀਪੀ ਸੁਮੇਧ ਸੈਣੀ ਖਿਲਾਫ ਸਾਹਮਣੇ ਔਰਤ ਡਟੀ



ਚੰਡੀਗੜ੍ਹ-ਸਾਬਕਾ ਡੀਜੀਪੀ ਸੁਮੇਧ ਸੈਣੀ ਦੇ ਖਿਲਾਫ ਇੱਕ ਔਰਤ ਗੁਰਸ਼ਰਨ ਕੌਰ ਸਾਹਮਣੇ ਆਈ ਹੈ। ਉਸਨੇ ਕੋਰਟ ਵਿੱਚ ਬਿਆਨ ਦਿੱਤਾ ਹੈ ਕਿ ਸੁਮੇਧ ਸੈਣੀ ਨੇ 1991 ਵਿੱਚ ਉਸਦੇ ਪਤੀ ਤੇ ਬੇਟੇ ਨੂੰ ਚੁੱਕਿਆ ਗਿਆ ਸੀ। ਉੱਥੇ ਬਲਵੰਤ ਸਿੰਘ ਮੁਲਤਾਨੀ ਵੀ ਸੀ, ਜਿਸਦੀ ਹਾਲਤ ਬਹੁਤ ਖਰਾਬ ਸੀ। ਇਸ ਔਰਤ ਨੇ ਦੱਸਿਆ ਕਿ ਮੁਲਤਾਨੀ ਦੇ ਨਾਲ ਉਸਦੇ ਪਤੀ ਦੇ ਚੰਗੇ ਸਬੰਧ ਸਨ। ਇਸ ਵਜ੍ਹਾ ਕਾਰਨ ਸਾਡੇ ਪਰਿਵਾਰ ਨੂੰ ਵੀ ਚੁੱਕਿਆ ਗਿਆ ਸੀ ਤੇ 11 ਸੈਕਟਰ ਲਿਜਾ ਕੇ ਟਾਰਚਰ ਕੀਤਾ ਗਿਆ। ਗਲਤ ਪਰਚਾ ਦੇ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ। 2 ਮਹੀਨੇ ਬਾਅਦ ਜੇਲ੍ਹ ਤੋਂ ਨਿਕਲੇ ਸਨ।

# ਬਰਤਾਨੀਆਂ ਸਰਕਾਰ ਵੱਲੋਂ "ਸਾਵਧਾਨ ਰਹਾਂਗੇ ਤਾਂ ਵਾਇਰਸ 'ਤੇ ਕੰਟਰੋਲ ਕਰਾਂਗੇ" ਨਾਲ ਨਵੀਂ ਸੁਚੇਤ ਮੁਹਿੰਮ ਦੀ ਸੁਰੂਆਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਸਰਕਾਰ ਅੱਜ "ਸਾਵਧਾਨ ਰਾਂਗੇ ਤਾਂ ਵਾਇਰਸ ਤੇ ਕੰਟਰੋਲ ਕਰਾਂਗੇ" ਨਵੇਂ ਅਲਰਟ ਸਿਸਟਮ ਦੀ ਸੁਰੂਆਤ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਅੱਜ ਦੇਰ ਸ਼ਾਮੀ ਦੇਸ਼ ਵਾਸੀਆਂ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਹੀ ਸ਼ੋਸ਼ਲ ਮੀਡੀਆ ਰਾਹੀਂ ਨਿਵੀਨ ਮੁਹਿੰਮ ਦੀ ਸੁਰੂਆਤ ਕਰ ਦਿੱਤੀ ਹੈ। ਜੌਹਨਸਨ ਨੇ ਸੰਕੇਤ ਦਿੱਤੇ ਸਨ ਕਿ ਸੋਮਵਾਰ ਤੋਂ ਬੰਦ ਦੇ ਨਿਯਮਾਂ ਵਿਚ ਕੁਝ ਬਦਲਾਅ ਹੋ ਸਕਦਾ ਹੈ, ਪਰ ਪ੍ਰਧਾਨ ਮੰਤਰੀ ਨਾਲ ਹੀ ਇਹ ਕਹਿੰਦੇ ਰਹੇ ਕਿਸੇ ਤਰ੍ਹਾਂ ਦਾ ਖ਼ਤਰਾ ਮੁੱਲ ਨਹੀਂ ਲਿਆ ਜਾ ਸਕਦਾ। ਇਸ ਦੇ ਨਾਲ ਹੀ ਪ੍ਰਾਪਤ ਜਾਣਕਾਰੀ ਅਨੁਸਾਰ ਯੂ ਕੇ ਵਿੱਚ ਲਾਕਡਾਊਨ ਨੂੰ ਅਗਲੇ ਤਿੰਨ ਹਫਤਿਆਂ ਲਈ ਹੋਰ ਵਧਾਉਣ ਦੀ ਸਰਕਾਰ ਵੱਲੋਂ ਤਜਵੀਜ਼ ਹੈ। ਯੂ ਕੇ ਵਿੱਚ ਹੁਣ ਤੱਕ 31,662 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਕੱਲ੍ਹ ਟ੍ਰਾਂਸਪੋਰਟ ਮੰਤਰੀ ਗ੍ਰਾਂਟ ਸ਼ੈਪਸ ਨੇ ਵਧੇਰੇ ਸਾਵਧਾਨੀ ਵਰਤਣ ਦੀ ਲੋੜ ਬਾਰੇ ਕਿਹਾ ਸੀ। ਬਰਤਾਨਵੀ ਪੁਲਸ ਵੱਲੋਂ ਲਾਕਡਾਊਨ ਦੌਰਾਨ ਲੋਕਾਂ ਨੂੰ ਵਾਰ ਵਾਰ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਉਹ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ, ਹੁਣ ਸਰਕਾਰ ਨੇ ਵੀ ਲੋਕਾਂ ਨੂੰ ਪਾਰਕਾਂ ਅਤੇ ਤੱਟੀ ਖੇਤਰਾਂ ਵਿੱਚ ਦੂਰ ਦਰੇਡੇ ਜਾਣ ਤੋਂ ਪ੍ਰਹੇਜ਼ ਕਰਨ ਲਈ ਕਿਹਾ ਹੈ। 23 ਮਾਰਚ ਤੋਂ ਬੰਦ ਹੋਣ ਨਾਲ ਕੋਰੋਨਾ ਵਾਇਰਸ ਦੇ ਫੈਲਾਅ ਵਿੱਚ ਕਮੀ ਵੇਖੀ ਗਈ ਹੈ ਅਤੇ ਅਜੇ ਤੱਕ ਕੋਈ ਇਲਾਜ਼ ਉਪਲੱਬਧ ਨਾ ਹੋਣ ਕਰਕੇ ਪ੍ਰਹੇਜ਼ ਹੀ ਸਭ ਤੋਂ ਵੱਧ ਜ਼ਰੂਰੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਵਾਇਰਸ ਦਾ ਪਤਾ ਲਗਾਉਣ ਲਈ ਕੋਵਿਡ-19 ਅਲਰਟ ਸਿਸਟਮ ਦੀ ਸ਼ੁਰੂਆਤ ਕਰਨ ਦੀ ਤਿਆਰੀ 'ਚ ਹਨ। ਰਿਪੋਰਟਾਂ ਮੁਤਾਬਕ ਇਹ ਸਿਸਟਮ ਕੋਰੋਨਾ ਵਾਇਰਸ ਤੋਂ ਖਤਰੇ ਨੂੰ ਇਕ ਤੋਂ ਪੰਜ ਦੇ ਪੱਧਰ 'ਤੇ ਦਰਸਾਵੇਗਾ ਅਤੇ ਅੰਕੜਿਆਂ ਅਨੁਸਾਰ ਹੀ ਜਾਣਕਾਰੀ ਦੇਵੇਗਾ। ਇਹ ਚਿਤਾਵਨੀ ਉਪਕਰਨ ਇਕ ਨਵੇਂ ਸੰਯੁਕਤ ਬਾਇਓਸਕਿਓਰਿਟੀ ਸੈਂਟਰ ਵਲੋਂ ਚਲਾਇਆ ਜਾਣਾ ਹੈ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਾਇਰਸ ਦੇ ਖਤਰੇ ਨੂੰ ਵੀ ਦਰਸਾਏਗਾ, ਕਿ ਕਿਸ ਸ਼ਹਿਰ ਵਿਚ ਖਤਰੇ ਦਾ ਪੱਧਰ ਦੂਜੇ ਨਾਲੋਂ ਕਿਸ ਤਰ੍ਹਾਂ ਜ਼ਿਆਦਾ ਅਤੇ ਵੱਖਰਾ ਹੋ ਸਕਦਾ ਹੈ। ਇਹ ਥਾਂ ਬਦਲਣ ਤੋਂ ਬਾਅਦ ਪਾਬੰਦੀਆਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਵੇਗਾ।

ਬ੍ਰਿਟਿਸ਼ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਗਿਆ ਨਵਾਂ ਨਾਅਰਾ 'ਸਾਵਧਾਨ ਰਹੋ, ਵਾਇਰਸ 'ਤੇ ਕੰਟਰੋਲ ਕਰੋ, ਜ਼ਿੰਦਗੀਆਂ ਬਚਾਓ' ਲਗਾਉਣ ਦੇ ਨਾਲ ਨਾਲ ਲੋਕਾਂ ਨੂੰ ਘਰਾਂ ਵਿੱਚ ਰਹਿਣ, ਘਰਾਂ ਤੋਂ ਕੰਮ ਕਰਨ, ਲੋਕਾਂ ਨੂੰ ਘੱਟੋ ਘੱਟ ਮਿਲਣ, 2 ਮੀਟਰ ਦੀ ਦੂਰੀ ਰੱਖਣ ਅਤੇ ਹੱਥ ਧੋਂਦੇ ਰਹਿਣ ਦੇ ਪੰਜ ਨੁਕਾਤੀ ਪ੍ਰੋਗਰਾਮ ਨੂੰ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਲੇਕਨ ਪ੍ਰਧਾਨ ਮੰਤਰੀ ਵੱਲੋਂ ਘਰਾਂ ਵਿੱਚ ਰਹਿਣਾ ਦੀ ਜ਼ਰੂਰੀ ਹਦਾਇਤ ਵਿੱਚ ਨਰਮੀ ਲਿਆਉਣ ਤੇ ਕਈ ਰਾਜਨੀਤਕ ਲੋਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਸਰਕਾਰ ਦੀ ਕੈਬਨਿਟ ਦੀ ਕੋਬਰਾ ਐਮਰਜੈਂਸੀ ਕਮੇਟੀ, ਵਿਕ-ਸਿਤ ਰਾਸ਼ਟਰਾਂ ਅਤੇ ਲੰਡਨ ਦੇ ਮੇਅਰ ਦੀ ਵਿਸ਼ੇਸ਼ ਬੈਠਕ ਵਿਚ ਇਸ ਯੋਜਨਾ ਨੂੰ ਸੋਮਵਾਰ ਨੂੰ ਸੰਸਦ ਦੇ ਸਾਹਮਣੇ ਰੱਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਯੂ ਕੇ ਯੂਰਪ ਦਾ ਸਭ ਤੋਂ ਵਧੇਰੇ ਕੋਰੋਨਾ ਤੋਂ ਪ੍ਰਭਾਵਿਤ ਦੇਸ਼ ਹੈ।

## ਐਥਨਿਕ ਖਾਨੇ ਵਿੱਚ ਸਿੱਖਾਂ ਨੂੰ ਸ਼ਾਮਿਲ ਕਰਨ ਲਈ ਸਕਾਟਲੈਂਡ ਸਰਕਾਰ ਨੇ ਨਵਾਂ ਤਰੀਕਾ ਅਪਨਾਇਆ-ਅਸਿੱਧੇ ਢੰਗ ਨਾਲ ਕੀਤਾ ਐਥਨਿਕ ਖਾਨੇ ਵਿੱਚ ਸ਼ਾਮਿਲ

## ਕਾਨੂੰਨੀ ਜੰਗ ਜਾਰੀ ਰਹੇਗੀ - ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਾਰਚ 2021 ਦੀ ਮਰਦਮਸ਼ੁਮਾਰੀ ਲਈ ਸਿੱਖਾਂ ਦੇ ਵੱਖਰੇ ਖਾਨੇ ਨੂੰ ਲੈ ਕੇ ਸ਼ੰਘਰਸ਼ ਚੱਲ ਰਿਹਾ ਹੈ। ਬੀਤੀ ਦਿਨੀ ਸਕਾਟਲੈਂਡ ਸੰਸਦ ਵਿੱਚ ਅਤੇ ਬਾਅਦ ਵਿੱਚ ਯੂ ਕੇ ਸੰਸਦ ਵਿੱਚ ਜਨਗੰਣਨਾ ਦੇ ਖਰੜੇ ਨੂੰ ਪ੍ਰਵਾਨਗੀ ਮਿਲ ਗਈ, ਇਸ ਖਰੜੇ ਵਿੱਚ ਸਿੱਖਾਂ ਨੂੰ ਐਥਨਿਕ ਗਰੁੱਪ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ। ਜਿਸ ਤੋਂ ਬਾਅਦ ਸਿੱਖਾਂ ਵੱਲੋਂ ਅਦਾਲਤ ਦਾ ਸਹਾਰਾ ਲੈਣ ਦਾ ਐਲਾਨ ਕੀਤਾ ਹੈ। ਲੇਕਨ ਇਸ ਦੇ ਦੌਰਾਨ ਹੀ 7 ਮਈ ਨੂੰ ਸਕਾਟਲੈਂਡ ਸੰਸਦ ਵਿੱਚ ਦ ਸੈਂਸਸ (ਸਕਾਟਲੈਂਡ) ਰੈਗੂਲੇਸ਼ਨ 2020 ਪੇਸ਼ ਕੀਤਾ ਗਿਆ, ਜੋ ਅਗਲੇ ਮਹੀਨੇ 16 ਤਾਰੀਖ ਨੂੰ ਲਾਗੂ ਹੋਵੇਗਾ। ਇਸ ਰੈਗੂਲੇਸ਼ਨ ਵਿੱਚ ਸਿੱਖਾਂ ਨੂੰ ਅਸਿੱਧੇ ਢੰਗ ਨਾਲ ਐਥਨਿਕ ਖਾਨੇ ਵਿੱਚ ਸ਼ਾਮਿਲ ਕਰ ਲਿਆ ਹੈ। ਸਰਕਾਰ ਵੱਲੋਂ ਜਾਰੀ ਕੀਤੇ ਇਸ ਨਵੇਂ ਖਰੜੇ ਵਿੱਚ ਐਥਨਿਕ ਗਰੁੱਪ ਕਿਹੜਾ ਸਵਾਲ ਦੇ ਸਾਹਮਣੇ ਹੋਰ ਐਥਨਿਕ ਗਰੁੱਪ ਲਿਖਿਆ ਹੈ ਜਿਸ ਵਿੱਚ ਅਰਬ, ਸਿੱਖ ਅਤੇ ਜਹੂਦੀ ਸੁਫਸ਼ਟ ਲਿਖ ਕੇ ਪੁਛਿਆ ਗਿਆ ਹੈ। 17 ਅਪ੍ਰੈਲ 2020 ਨੂੰ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਸਕਾਟਲੈਂਡ ਦੇ ਕਾਨੂੰਨੀ ਡਾਇਰੈਕਟੋਰੇਟ ਨੂੰ ਲਿਖੇ ਪੱਤਰ ਦੇ ਜਵਾਬ ਵਿੱਚ ਸਰਕਾਰ ਨੇ ਕਿਹਾ ਸੀ ਕਿ ਉਹ ਸਿੱਖਾਂ ਨੂੰ ਮੈਂਡਲਾ ਬਨਾਮ ਡੋਵਿਲ ਲੀ (1983) 2 ਏ ਸੀ 548 ਦੇ ਸੰਦਰਭ ਵਿੱਚ ਸਿੱਖਾਂ ਨੂੰ ਵੱਖਰਾ ਨਸਲੀ ਗਰੁੱਪ ਮੰਨਦੇ ਹਨ। ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਿੱਖਾਂ ਨੂੰ ਸਕਾਟਲੈਂਡ ਸਰਕਾਰ ਵੱਲੋਂ ਵੱਖਰਾ ਨਸਲੀ ਗਰੁੱਪ ਮੰਨਣਾ ਅਤੇ ਸਰਕਾਰੀ ਅਤੇ ਕਾਨੂੰਨੀ ਤੌਰ ਤੇ ਮਾਨਤਾ ਦੇਣ ਤੇ ਧੰਨਵਾਦ ਕਰਦੇ ਹਾਂ। ਪਰ ਇਸ ਨਾਲ ਸਿਰਫ ਅੱਧਾ ਸਫਰ ਹੀ ਤੈਅ ਹੋਇਆ ਹੈ। ਜਦ ਕਿ ਸਿੱਖਾਂ ਨੂੰ ਬਰਾਬਰ ਹੱਕ ਮਿਲਣੇ ਚਾਹੀਦੇ ਹਨ। ਉਹਨਾ ਕਿਹਾ ਕਿ ਹੁਣ ਸਕਾਟਲੈਂਡ ਮੰਤਰੀ ਨੂੰ ਅਦਾਲਤ ਵਿੱਚ ਹੋਰ ਵੀ ਮੁਸ਼ਕਿਲ ਹੋਵੇਗੀ ਕਿ ਸਿੱਖਾਂ ਨੂੰ ਵੱਖਰੇ ਤੌਰ ਤੇ ਸ਼ਾਮਿਲ ਨਾ ਕਰਨ ਦੇ ਕਿਹੜੇ ਕਾਰਨ ਹਨ। ਉਹਨਾ ਕਿਹਾ ਸਿੱਖ ਸਕਾਟਲੈਂਡ ਸਰਕਾਰ ਅਤੇ ਯੂ ਕੇ ਸਰਕਾਰ ਨੂੰ ਕਈ ਵਾਰ ਲਿਖ ਕੇ ਅਤੇ ਨਿੱਜੀ ਤੌਰ 'ਤੇ ਮਿਲ ਕੇ ਸਿੱਖਾਂ ਦੇ ਇਸ ਮਸਲੇ ਤੋਂ ਜਾਣੂ ਕਰਵਾ ਚੁੱਕੀ ਹੈ, ਸਿੱਖਾਂ ਦੇ ਯੂ ਕੇ ਦੇ ਹਰ ਖੇਤਰ ਵਿੱਚ ਵੱਡਾ ਯੋਗਦਾਨ ਹੈ, ਪਰ ਸਿੱਖਾਂ ਦੀ ਵੱਖਰੀ ਗਿਣਤੀ ਨਾ ਹੋਣ ਕਰਕੇ ਸਰਕਾਰ ਵੱਲੋਂ ਬਣਾਈਆਂ ਜਾਣ ਵਾਲੀਆਂ ਨੀਤੀਆਂ ਵਿੱਚ ਉਹ ਲਾਭ ਪ੍ਰਾਪਤ ਨਹੀਂ ਕਰਦੇ ਜਿਸ ਦੇ ਉਹ ਹੱਕਦਾਰ ਹਨ। ਭਾਈ ਗਿੱਲ ਨੇ ਕਿਹਾ ਕਿ ਉਹ ਕਾਨੂੰਨੀ ਲੜਾਈ ਨੂੰ ਇਨਸਾਫ ਮਿਲਣ ਤੱਕ ਜਾਰੀ ਰੱਖਣਗੇ।

## 40 ਲੱਖ ਪੌਂਡ ਵਿੱਚ ਖ਼ਤਮ ਹੋਇਆ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਤੇ ਮਰੀਨਾ ਵੀਹਲਰ ਦਾ ਵਿਅਹੁਤਾ ਰਿਸ਼ਤਾ



ਬੋਰਿਸ ਜੌਹਨਸਨ ਅਤੇ ਮੈਰੀਨਾ ਵੀਹਲਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਆਪਣੀ ਦੂਜੀ ਪਤਨੀ ਨੂੰ ਦਿੱਤੇ ਤਲਾਕ ਦੇ ਮਾਮਲੇ 'ਤੇ ਹੁਣ ਆਖਰੀ ਮੋਹਰ ਵੀ ਲੱਗ ਗਈ ਹੈ। ਪੰਜਾਬੀ ਪਿਛੋਕੜ ਵਾਲੀ 55 ਸਾਲਾ ਮਰੀਨਾ ਵੀਹਲਰ ਜੋ ਪੇਸ਼ੇ ਵਜੋਂ ਬਰੈਸਟਰ ਹੈ, ਨੇ ਪਿਛਲੇ ਸਾਲ ਤਲਾਕ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਸੀ ਅਤੇ 18 ਫਰਵਰੀ ਨੂੰ ਡੈਕਰੀ ਅਬਸਲੂਟ ਲਈ ਲੰਡਨ ਦੀ ਪ੍ਰੀਵਾਰਿਕ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ। ਜਿਸ ਨੂੰ ਹੁਣ ਅਦਾਲਤ ਨੇ ਆਖਰੀ ਮੋਹਰ ਲਗ੍ਹਾ ਨੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦਾ ਆਪਣੀ ਮੰਗੇਤਰ ਚੈਰੀ ਸਾਈਮੰਡ ਨਾਲ ਵਿਆਹ ਕਰਵਾਉਣ ਦਾ ਰਸਤਾ ਸਾਫ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਬੋਰਿਸ ਅਤੇ ਮਰੀਨਾ ਵੀਹਲਰ ਦੇ ਚਾਰ ਬੱਚੇ ਹਨ ਅਤੇ ਦੋਵੇਂ 2018 ਤੋਂ ਵੱਖ ਵੱਖ ਰਹਿ ਰਹੇ ਸਨ। ਤਲਾਕ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਮਰੀਨਾ ਨੂੰ ਅੰਦਾਜਨ 40 ਲੱਖ ਪੌਂਡ ਦੇ ਕਰੀਬ ਦੇਣੇ ਪੈਣਗੇ। ਮਰੀਨਾ ਦੀ ਪਿਛਲੇ ਸਾਲ ਕੈਂਸਰ ਦੀ ਸਰਜਰੀ ਹੋਈ ਸੀ ਅਤੇ ਫਰਵੀ ਉਸ ਦੀ ਮਾਂ ਦੀਪ ਸਿੰਘ ਦਾ 87 ਸਾਲ ਦੀ ਉਮਰ ਵਿੱਚ ਦਿਹਾਂਤ ਹੋਇਆ ਸੀ। ਮਰੀਨਾ ਅਤੇ ਬੋਰਿਸ ਨੇ 1991 ਵਿੱਚ ਵਿਆਹ ਕੀਤਾ ਸੀ ਅਤੇ ਉਹਨਾਂ ਦੇ 4 ਬੱਚੇ 26 ਸਾਲਾ ਲਾਰਾ ਲੇਟਿਸ, 24 ਸਾਲਾ ਮਿਲੋ ਆਰਥਰ, 22 ਸਾਲਾ ਕੈਸੀਆ ਪੀਚਿਸ ਅਤੇ 20 ਸਾਲਾ ਥਿਓਡੋਰੇ ਅਪੋਲੋ ਹਨ। ਖ਼ਬਰਾਂ ਅਨੁਸਾਰ 2009 ਵਿੱਚ ਜੌਹਨਸਨ 5ਵੀਂ ਔਲਾਦ ਦੇ ਪਿਤਾ ਬਣੇ ਸਨ ਜਿਸ ਦੀ ਮਾਂ ਹੇਲੇਨ ਮੈਕਿਨਟੀਅਰ ਇੱਕ ਜੌਹਨਸਨ ਦੀ ਕਲਾ ਸਲਾਹਕਾਰ ਸੀ। ਇਸ ਤੋਂ ਪਹਿਲਾਂ 1987 ਵਿੱਚ ਬੋਰਿਸ ਨੇ ਅਲੈਗਰਾ ਮੋਸਟਿਨ ਓਵੇਨ ਨਾਲ ਵਿਆਹ ਕਰਵਾਇਆ ਸੀ। ਜਦ ਉਹ ਹੁਣ ਕੈਰੀ ਸਾਈਮੰਡ ਨਾਲ ਰਿਸ਼ਤੇ ਵਿੱਚ ਹਨ ਅਤੇ ਇੱਕ ਬੱਚੇ ਦੇ ਬਾਪ ਹਨ।

## ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਵੱਲੋਂ ਕੋਰੋਨਾ ਵਾਇਰਸ ਲਾਕਡਾਊਨ ਵਿੱਚ ਦਿੱਤੀਆਂ ਛੋਟਾਂ

### 1 ਜੂਨ ਤੋਂ ਖੁੱਲਣਗੀਆਂ ਦੁਕਾਨਾ ਅਤੇ ਪ੍ਰਾਇਮਰੀ ਸਕੂਲ, ਤਿੰਨ ਮਹੀਨਿਆਂ 'ਚ ਹੋਵੇਗਾ ਸਭ ਕੁਝ ਆਮ ਵਾਂਗ



ਸੰਬੋਧਨ ਕਰਦੇ ਹੋਏ ਬੋਰਿਸ ਜੌਹਨਸਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕੱਲ੍ਹ ਸ਼ਾਮੀ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਰਕਾਰ ਦੇ ਲਾਕਡਾਊਨ ਨੂੰ ਲੈ ਕੇ ਨਵੀ ਰਣਨੀਤੀ ਦਾ ਐਲਾਨ ਕੀਤਾ ਹੈ। ਉਹਨਾ ਲੋਕਾਂ ਨੂੰ "ਸਾਵਧਾਨ ਰਹੋ, ਵਾਇਰਸ ਕੰਟਰੋਲ ਕਰੋ ਅਤੇ ਜ਼ਿੰਦਗੀਆਂ ਬਚਾਓ" ਦਾ ਨਵਾਂ ਨਾਹਰਾ ਦਿੱਤਾ। ਪ੍ਰਧਾਨ ਮੰਤਰੀ ਨੇ ਸਿਹਤ ਕਰਮੀਆਂ ਅਤੇ ਮੂਹਰਲੀ ਕਤਾਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦਾ ਧੰਨਵਾਦ ਕਰਦਿਆਂ ਕਿਹਾ ਜਿਹੜੇ ਲੋਕ ਘਰਾਂ ਵਿੱਚ ਬੈਠ ਕੇ ਕੰਮ ਨਹੀਂ ਕਰ ਸਕਦੇ ਉਹ ਕੰਮਾਂ 'ਤੇ ਜਾ ਸਕਦੇ ਹਨ, ਕਸਰਤ ਕਰਨ ਲਈ ਇੱਕ ਤੋਂ ਵੱਧ ਸਮੇਂ ਲਈ ਬਾਹਰ ਜਾ ਸਕਦੇ ਹਨ, ਜਿਸ ਲਈ ਸਥਾਨਿਕ ਪਾਰਕ ਅਤੇ ਖੇਡਣ ਥਾਵਾਂ ਖੋਲ੍ਹੇ ਜਾਣ ਲਈ ਕਿਹਾ ਹੈ। ਉਹਨਾਂ ਕਿਹਾ ਕਿ ਦੁਕਾਨਾਂ ਅਤੇ ਪ੍ਰਾਇਮਰੀ ਸਕੂਲ 1 ਜੂਨ ਤੋਂ ਖੋਲ੍ਹੇ ਜਾਣਗੇ, ਜਦ ਕਿ ਹੋਰ ਕੰਮਕਾਰ ਅਤੇ ਅਦਾਰੇ ਜੁਲਾਈ ਵਿੱਚ ਖੁੱਲ੍ਹ ਜਾਣਗੇ। ਉਹਨਾਂ ਆਸ ਪ੍ਰਗਟ ਕੀਤੀ ਕਿ ਅਗਲੇ ਤਿੰਨ ਮਹੀਨਿਆਂ ਵਿੱਚ ਸਭ ਕੁਝ ਆਂਮ ਵਾਂਗ ਹੋ ਜਾਵੇਗਾ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਲੋਕਾਂ ਨੂੰ ਪਬਲਿਕ ਟਰਾਂਸਪੋਰਟ ਦੀ ਵਰਤੋਂ ਤੋਂ ਪਰਹੇਜ਼ ਕਰਨ ਲਈ ਆਖਦਿਆਂ 2 ਮੀਟਰ ਸਮਾਜਿਕ ਦੂਰੀ ਰੱਖਣ ਦੀ ਅਪੀਲ ਕੀਤੀ ਅਤੇ ਨਿਯਮਾਂ ਦੀ ਉਲੰਘਣਾਂ ਕਰਨ ਵਾਲਿਆਂ ਲਈ 3200 ਪੌਂਡ ਤੱਕ ਜੁਰਮਾਨੇ ਦੀ ਚਿਤਾਵਨੀ ਦਿੱਤੀ ਹੈ। ਸਰਕਾਰ ਦੇ ਇਹ ਦਿਸ਼ਾ ਨਿਰਦੇਸ਼ ਸਿਰਫ ਇੰਗਲੈਂਡ ਵਿੱਚ ਲਾਗੂ ਹੋਣਗੇ, ਜਦ ਕਿ ਸਕਾਟਲੈਂਡ, ਵੇਲਜ਼ ਅਤੇ ਨੌਰਦਨ ਆਇਰਲੈਂਡ ਦੇ ਫਸਟ ਮਨਿਸਟਰਾਂ ਵੱਲੋਂ ਪ੍ਰਧਾਨ ਮੰਤਰੀ ਬੋਰਿਸ ਦੀ ਨਵੀਂ ਰਣਨੀਤੀ ਦਾ ਵਿਰੋਧ ਕੀਤਾ ਗਿਆ ਹੈ ਅਤੇ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਦੀ ਅਪੀਲ ਕੀਤੀ ਹੈ।

## ਬੀਬੀ ਅਮਰਪਾਲ ਕੌਰ ਦੇ ਅਕਾਲ ਚਲਾਣੇ 'ਤੇ ਯੂ ਕੇ ਦੇ ਸਿੱਖਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਧਰਮ ਪਤਨੀ ਬੀਬੀ ਅਮਰਪਾਲ ਕੌਰ ਦੇ ਅਕਾਲ ਚਲਾਣੇ 'ਤੇ ਯੂ ਕੇ ਦੇ ਸਿੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸ਼ੋਕ ਸੰਦੇਸ਼ ਵਿੱਚ ਕਿਹਾ ਕਿ ਇਹ ਲੌਂਗੋਵਾਲ ਪ੍ਰੀਵਾਰ ਲਈ ਅਸਹਿ ਸਦਮਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਸ਼੍ਰੋਮਣੀ ਅਕਾਲੀ ਦਲ ਦੇ ਯੂ ਕੇ ਦੇ ਪ੍ਰਧਾਨ ਸ: ਮਲਕੀਤ ਸਿੰਘ ਗਰੇਵਾਲ, ਡਾ: ਮੇਹਰਬਾਨ ਸਿੰਘ ਸਰਘੇੜੀ, ਸ: ਰਾਜਿੰਦਰ ਸਿੰਘ ਪੁਰੇਵਾਲ ਜਨ: ਸਕੱਤਰ ਸਿੰਘ ਸਭਾ ਡਰਬੀ, ਜਗਰਾਜ ਸਿੰਘ ਸਰਾਂ ਪ੍ਰਧਾਨ ਪਿੰਗਲਵਾੜਾ ਸੁਸਾਇਟੀ ਯੂ ਕੇ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਯੂ ਕੇ ਸਰਕਾਰ ਵੱਲੋਂ ਫਰਲੋ ਸਕੀਮ ਅਕਤੂਬਰ ਤੱਕ ਵਧਾਈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਵੱਲੋਂ ਘਰ ਬੈਠੇ ਕਾਮਿਆਂ ਨੂੰ ਤਨਖਾਹਾਂ ਦਾ 80 ਫੀਸਦੀ ਪ੍ਰਤੀ ਮਹੀਨਾ ਰਾਹਤ ਦੇਣ ਦੀ ਯੋਜਨਾ ਨੂੰ ਅਕਤੂਬਰਤੱਕ ਵਧਾ ਦਿੱਤਾ ਹੈ। ਯੂ ਕੇ ਦੇ ਖ਼ਜ਼ਾਨਾ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਕੋਰੋਨਾਵਾਇਰਸ ਕਾਰਨ ਛੁੱਟੀ 'ਤੇ ਗਏ ਕਰਮਚਾਰੀਆਂ ਦੀਆਂ ਤਨਖਾਹਾਂ ਦੀ ਅਦਾਇਗੀਅਕਤੂਬਰ ਤੱਕ ਪਹਿਲਾਂ ਵਾਂਗ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਸਰਕਾਰ ਨੇ ਤਾਲਾਬੰਦੀ ਦੌਰਾਨ ਕਾਮਿਆਂ ਅਤੇ ਕੰਪਨੀਆਂ ਦੀ ਮਦਦ ਕਰਦਿਆਂ ਉਹਨਾਂ ਦੀਆਂ ਨੌਕਰੀਆਂ ਬਚਾਉਣ ਦੀ ਕੋਸ਼ਿਸ਼ ਕਰੇਗੀ।ਸ੍ਰੀ ਸੁਨਾਕ ਨੇ ਪੁਸ਼ਟੀ ਕੀਤੀ ਕਿ ਕਰਮਚਾਰੀ ਆਪਣੀ 2500 ਪੌਂਡ ਤੱਕ ਮਾਸਿਕ ਤਨਖਾਹ ਦਾ 80% ਪ੍ਰਾਪਤ ਕਰਦੇ ਰਹਿਣਗੇ।ਪਰ ਕੰਪਨੀਆਂ ਨੂੰ ਅਗਸਤ ਤੋਂ ਇਸ ਸਕੀਮ ਦੀ ਲਾਗਤ ਸਬੰਧੀ ਸਰਕਾਰ ਨੂੰ ਜਾਣਕਾਰੀ ਦੇਣਗੀਆਂ। ਸ੍ਰੀ ਸੁਨਾਕ ਨੇ ਕੁਝ ਲੋਕਾਂ ਵੱਲੋਂ ਫਰਲੋ ਵਧਾਉਣ ਨਾਲ ਲੋਕ-ਇਸ ਦੇ ਆਦੀ ਹੋਣ ਬਾਰੇ ਦਿੱਤੇ ਸੁਝਾਵਾਂ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤਕਰੀਬਨ 75 ਮਿਲੀਅਨ ਕਾਮੇ ਇਸ ਯੋਜਨਾ ਦਾ ਲਾਭ ਲੈ ਚੁੱਕੇ ਹਨ, ਜੋਪਿਛਲੇ ਹਫ਼ਤੇ 63 ਮਿਲੀਅਨ ਸੀ।

# ਕੈਪਟਨ ਸਰਕਾਰ ਮਨੁੱਖੀ ਅਧਿਕਾਰਾਂ ਲਈ ਅਪਨਾ ਰਹੀ ਏ ਢਿੱਲਮੱਠ ਦੀ ਨੀਤੀ

✪ ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਦੇ ਸਾਬਕਾ ਐਸ ਐਸ ਪੀ ਪ੍ਰੀਤਪਾਲ ਵਿਰਕ, ਅਤੇ ਸਾਬਕਾ ਡੀ ਐਸ ਪੀ ਸਮਸੇਰ ਸਿੰਘ ਸਮੇਤ ਛੇ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫ ਕਰਵਾ ਕੇ ਮਨੁੱਖੀ ਅਧਿਕਾਰਾਂ ਦਾ ਕੀਤਾ ਘਾਣ ✪ ਗੁਰੂ ਨਾਨਕ ਸਾਹਿਬ ਦੇ 550 ਸਾਲਾ ਦੌਰਾਨ ਕੈਪਟਨ ਸਰਕਾਰ ਨੇ ਕਈ ਬੁੱਚੜ ਪੁਲੀਸ ਅਫ਼ਸਰਾਂ ਦੀਆਂ ਸਜ਼ਾਵਾਂ ਮਾਫ ਕੀਤੀਆਂ

ਮੋਗਾ (ਜੱਸਾ ਸਿੰਘ ਮਾਣਕੀ)-ਸਾਬਕਾ ਡੀਜੀਪੀ ਸੁਮੇਧ ਸੈਣੀ ਦੀ ਜ਼ਮਾਨਤ ਹੋਣ ਤੋਂ ਬਾਅਦ ਸਿੱਖ ਜਗਤ ਮਹਿਸੂਸ ਕਰ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਢਿੱਲਮੱਠ ਦੀ ਨੀਤੀ ਕਾਰਨ ਜ਼ਮਾਨਤ ਨਹੀਂ ਹੋਈ, ਜਦ ਕਿ ਸੈਣੀ ਦੀ ਗ੍ਰਿਫ਼ਤਾਰੀ ਜ਼ਰੂਰੀ ਸੀ। ਦੱਸਿਆ ਇਹ ਵੀ ਜਾਂਦਾ ਹੈ ਕਿ ਉਹ ਕੇਂਦਰ ’ਤੇ ਪ੍ਰਭਾਵ ਪਾ ਕੇ ਆਪਣੀ ਜ਼ਮਾਨਤ ਕਰਾਉਣ ਵਿਚ ਕਾਮਯਾਬ ਹੋ ਗਿਆ। ਇਹੋ ਜਿਹੀ ਢਿੱਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀ ਸਾਬਕਾ ਡੀਜੀਪੀ ਸੈਣੀ ਦੀ ਗ੍ਰਿਫ਼ਤਾਰੀ ਬਾਰੇ ਢਿੱਲਮੱਠ ਦੀ ਨੀਤੀ ਵਰਤੀ ਜਾ ਚੁੱਕੀ ਹੈ। ਇਹੀ ਕਾਰਨ ਹੈ ਕਿ ਇਹ ਉੱਚ ਪੁਲਿਸ ਅਧਿਕਾਰੀ ਅਜੇ ਵੀ ਕਾਨੂੰਨ ਦੀਆਂ ਚੋਰ ਮੋਰੀਆਂ ਦਾ ਲਾਭ ਉਠਾ ਰਹੇ ਹਨ। ਲੇਕਿਨ ਅਕਤੂਬਰ 2015 ਵਿੱਚ ਮਾਰੇ ਗਏ ਸਿੱਖਾਂ ਦੇ ਵਾਰਿਸ ਇਨਸਾਫ ਦੀ ਉਡੀਕ ਕਰ ਰਹੇ ਹਨ। ਕੈਪਟਨ ਇਹ ਕਿਵੇਂ ਭੁੱਲ ਰਹੇ ਹਨ ਕਿ ਇਹ ਸੁਮੇਧ ਸੈਣੀ ਹੀ ਸਨ ਜਿਨ੍ਹਾਂ ਦੇ ਸੂਬਾ ਪੁਲਿਸ ਮੁਖੀ ਰਹਿੰਦਿਆਂ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਹੋਏ। ਗੋਲੀ ਕਾਂਡ ਨੂੰ ਲੈਕੇ ਵੀ ਸੈਣੀ ਦੇ ਸਿਆਸੀ ਆਕਾ ਬਾਦਲ ਸਰਕਾਰ ਪੰਜਾਬ ਪੁਲਿਸ ਨੂੰ ਅਣਪਛਾਤੀ ਦੱਸਦੇ ਰਹੇ। ਲੇਕਿਨ ਇਹ ਵੀ ਸੰਯੋਗ ਹੀ ਮੰਨਿਆ ਜਾਵੇਗਾ ਕਿ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਮੰਨੇ ਜਾਂਦੇ ਇੱਕ ਐਸਐਸਪੀ ਚਰਨਜੀਤ ਸ਼ਰਮਾ ਨੂੰ ਐਸ.ਆਈ.ਟੀ.ਨੇ ਤੜਕ ਸਵੇਰ ਹੀ ਘੇਰਿਆ ਸੀ। ਉਸ ਵੇਲੇ ਦੱਸਿਆ ਗਿਆ ਸੀ ਕਿ ਸ਼ਰਮਾ ਕੋਠੀ ਦੀ ਕੰਧ ਟੱਪ ਭੱਜਣ ਦੀ ਕੋਸ਼ਿਸ਼ ਕਰਦੇ ਫੜੇ ਗਏ। ਤੇ ਇਸ ਵਾਰ ਸੁਮੇਧ ਸੈਣੀ ਉਸੇ ਤਰ੍ਹਾਂ ਦੀ ਇੱਕ ਤੜਕ ਸਵੇਰ ਭੱਜਣ ਵਿੱਚ ਸਫਲ ਹੋਏ। ਇਸ ਵਾਰ ਚੰਡੀਗੜ੍ਹ ਪੁਲਿਸ ਦੇ ਨਾਲ ਨਾਲ ਪੰਜਾਬ, ਹਰਿਆਣਾ ਤੇ ਦਿੱਲੀ ਦੀ ਪੁਲਿਸ ਵੀ ਸੈਣੀ ਤੇ ਮਿਹਰਬਾਨ ਰਹੀ।

ਇਸਦੇ ਉਲਟ ਪੰਜਾਬ ਵਿੱਚ ਹੀ ਅਣਗਿਣਤ ਅਜਿਹੇ ਮਾਮਲੇ ਹਨ ਜਿਥੇ ਪੁਲਿਸ ਨੇ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਨੂੰ ਥਾਣਿਆਂ ਤੇ ਆਰਜੀ ਜੇਲ੍ਹਾਂ ਵਿੱਚ ਬੰਦ ਕੀਤਾ ਔਰ ਸੰਗੀਨ ਧਾਰਾਵਾਂ ਲਗਾਈਆਂ। ਸ਼ਾਇਦ ਸੱਤਾ ਤੇ ਕਾਬਜ ਲੋਕਾਂ ਦੀ ਮਿਲੀ ਭੁਗਤ ਨਾਲ,ਕਾਨੂੰਨ ਦੇ ਸ਼ਿਕੰਜੇ ਤੋਂ ਬਚਣ ਲਈ ਚੂਹੇ ਬਿੱਲੀ ਦੀ ਇਹੀ ਖੇਡ ਦਿੱਲੀ ਕਤਲੇਆਮ ਤੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਵਾਲੇ ਕਾਤਲ ਖੇਡ ਰਹੇ ਹਨ ਜੋ ਇਸ ਵਾਰ ਸੁਮੇਧ ਸੈਣੀ ਖੇਡਣ ਵਿੱਚ ਸਫਲ ਹੋਇਆ ਹੈ। ਜੇਕਰ ਇੱਕ ਐਫ.ਆਈ.ਆਰ ਦਰਜ ਹੋਣ ਵਿੱਚ ਹੀ 29 ਸਾਲ ਲੱਗ ਗਏ ਹਨ ਤਾਂ ਇਨਸਾਫ ਲਈ ਹੋਰ ਕਿਤਨੇ ਦਹਾਕੇ ਚਾਹੀਦੇ ਹਨ, ਇਸਦਾ ਜਵਾਬ ਸ਼ਾਇਦ ਉਹ ਬਾਦਲ ਦਲ ਵੀ ਨਾ ਦੇ ਸਕੇ ਜੋ ਦਿੱਲੀ ਕਤਲੇਆਮ ਤੇ ਅਜੇ ਵੀ ਸਿਆਸੀ ਰੋਟੀਆਂ ਸੇਕ ਰਿਹਾ ਹੈ ਲੇਕਿਨ ਇਹੀ ਬਾਦਲ ਦਲ ਦੇ ਚਹੇਤੇ ਵਕੀਲ ਹੁਣ ਸੁਮੇਧ ਸੈਣੀ ਦੀ ਜਮਾਨਤ ਦੀ ਪੈਰਵਾਈ ਲਈ ਅਦਾਲਤ ਵਿੱਚ ਪੇਸ਼ ਹੋਏ। ਉਧਰ ਥਾਣਾ ਮਟੌਰ ਦੀ ਪੁਲਿਸ ਨੇ ਅਜੇ ਤੀਕ ਉਸ ਤਰ੍ਹਾਂ ਸੈਣੀ ਦੀ ਰਿਹਾਇਸ਼ ਤੇ ਪੁਲਸੀਆ ਧਾਵਾ ਨਹੀ ਮਾਰਿਆ ਜਿਸ ਤਰ੍ਹਾਂ ਇੱਕ ਮਾਮੂਲੀ ਚੋਰ ਨੂੰ ਫੜਨ ਲਈ ਉਹ ਅਕਸਰ ਮਾਰਦੀ ਹੈ। ਚੋਰ ਨਾ ਮਿਲੇ ਤਾਂ ਘਰ ਦੇ ਜੀਅ ਹੀ ਧਰ ਲੈਂਦੀ ਹੈ।

### ਸਿੱਖਾਂ ਦੇ ਕਾਤਲ ਨੂੰ ਮੁਆਫੀ, ਹੱਕ ਮੰਗਦੇ ਜੇਲ੍ਹੀ

ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਦੇ ਸਾਬਕਾ ਐਸ ਐਸ ਪੀ ਪ੍ਰੀਤਪਾਲ ਵਿਰਕ, ਅਤੇ



ਸਾਬਕਾ ਡੀ ਐਸ ਪੀ ਸਮਸੇਰ ਸਿੰਘ ਸਮੇਤ ਛੇ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫ ਕਰਵਾ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ। ਇਹ ਸਬਦ ਜਗਰੂਪ ਸਿੰਘ ਸੁਨਾਮ ਨੇ ਮੀਡੀਆ ਰਾਹੀਂ ਸਾਂਝੇ ਕੀਤੇ ਹਨ ਉਹਨਾਂ ਦੱਸਿਆ ਕਿ ਇਹ ਵਾਰਤਾ 11-12 ਮਈ 1993 ਦੀ ਹੈ ਜਦੋਂ ਮੈ ਆਪਣੇ ਪਰਿਵਾਰਕ ਮੈਬਰਾਂ ਸਮੇਤ ਘਰ ਵਿੱਚ ਸੀ ਅਤੇ ਮੇਰਾ ਵੱਡਾ ਭਰਾ ਬਿੱਲੂ ਕਲਕੱਤਾ ਤੋਂ ਵਾਪਸੀ ਕਰਕੇ ਸੁਨਾਮ ਘਰ ਆਇਆ ਹੋਇਆ ਸੀ ਤਾਂ ਏਨੇ ਨੂੰ ਸੰਗਰੂਰ ਦੇ ਐਸਐਸਪੀ ਪ੍ਰੀਤਪਾਲ ਸਿੰਘ ਵਿਰਕ ਨੇ ਸਾਡੇ ਘਰ ਰੇਡ ਕਰ ਦਿੱਤੀ ਅਤੇ ਉਸਨੇ ਸਾਡੇ ਪਰਿਵਾਰ ਦੇ ਮੈਂਬਰਾਂ ਮੇਰਾ ਭਰਾ ਬਿੱਲੂ, ਮੇਰੇ ਪਿਤਾ ਜੀ, ਤੇ ਸਾਡਾ ਸੀਰੀ ਤਿੰਨਾ ਨੂੰ ਚੁੱਕ ਕੇ ਸੀ ਆਈ ਏ ਸੰਗਰੂਰ ਲੈ ਗਿਆ, ਫਿਰ ਅੰਨਾ ਤਸ਼ੱਦਦ ਕੀਤਾ ਤਾਂ ਪਰਿਵਾਰ ਨੇ ਕਿਸੇ ਕੋਲੋਂ ਕਹਿ ਕੁਹਾ ਕੇ ਬਾਅਦ ਵਿੱਚ ਛੁਡਵਾ ਲਿਆ, ਤਾਂ ਬਿੱਲੂ ਵਾਪਿਸ ਕਲਕੱਤੇ ਚਲਾ ਗਿਆ ਅਸੀਂ ਘਰ ਸੀ,ਫਿਰ ਕੀ ਹੋਇਆ ਕਿ ਥੋੜ੍ਹੇ ਸਮੇਂ ਬਾਅਦ ਵਿਰਕ ਨੇ ਕਲਕੱਤੇ ਤੋ ਮੇਰੇ ਭਰਾ ਬਿੱਲੂ ਨੂੰ ਅਗਵਾ ਕਰਕੇ ਚੁੱਕ ਲਿਆਦਾ ਜਿਸ ਦੇ ਛੱਡਣ ਬਦਲੇ ਸਾਡੇ ਪਾਸੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ ਗਈ, ਅਸੀ ਬਥੇਰੀਆ ਮਿੰਨਤਾਂ ਤਰਲੇ ਕੀਤੇ, ਅਸੀਂ ਨੱਬੇ ਹਜਾਰ ਦੇਣ ਲਈ ਤਿਆਰ ਹੋ ਗਏ ਕਿਉਂਕਿ ਸਾਡੇ ਕੋਲ ਨੱਬੇ ਹਜ਼ਾਰ ਹੀ ਸੀ ਪਰ ਉਹ ਨਹੀ ਮੰਨਿਆ ਆਖਿਰ ਕਾਰ ਉਹੀ ਹੋਇਆ ਜਿਸ ਦਾ ਸਾਨੂੰ ਡਰ ਸੀ ਬਿੱਲੂ ਮੇਰਾ ਪੁਲਿਸ ਨੇ ਮਾਰ ਦਿੱਤਾ। ਫਿਰ ਅਸੀਂ ਬਹੁਤ ਔਖਾ ਕੇਸ ਦਰਜ਼ ਕਰਵਾਇਆ ਕੋਰਟਾ ਦੇ ਧੱਕੇ ਖਾਦਿਆਂ ਕਾਨੂੰਨੀ ਲੜਾਈ ਲੜੀ ਜਿਸ ਦਾ ਫੈਸਲਾ 2013 ਵਿੱਚ ਹੋਇਆ ਬਹੁਤ ਖੁਸੀ ਹੋਈ ਕਿ ਬੇਸ਼ੱਕ ਦੇਰ ਹੀ ਸਹੀ ਪਰ ਮੁਲਜ਼ਮਾਂ ਨੂੰ 10-10 ਸਾਲ ਸਜ਼ਾ ਤਾ ਹੋਈ, ਮਨ ਨੂੰ ਥੋੜਾ ਸ਼ਕੂਨ ਹੋਇਆ, ਇਸੇ ਸਮੇਂ ਦੌਰਾਨ ਪੁਲੀਸ ਨੇ ਸਾਡੇ ਪਰਿਵਾਰ ਉੱਤੇ ਝੂਠਾ ਕਤਲ ਦਾ ਕੇਸ ਵੀ ਦਰਜ ਕਰਵਾ ਦਿੱਤਾ ਸੀ, ਤਾਂ ਕਿ ਅਸੀਂ ਪੁਲਿਸ ਨਾਲ ਫੈਸਲਾ ਕਰ ਲਈਏ,ਪਰ ਮੌਕੇ ਦੀ ਅਦਾਲਤ ਨੇ ਸਾਨੂੰ ਇਨਸਾਫ ਦਿੱਤਾ ਕਿਉਂਕਿ ਕੇਸ ਝੂਠਾ ਸੀ ਉਹ ਬਰੀ ਹੋ ਗਿਆ। ਸਾਰੇ ਮੁਜਰਮ ਸਜਾ ਕੱਟ ਰਹੇ ਸਨ, ਪਰ ਕੈਪਟਨ ਸਰਕਾਰ ਨੇ ਗੁਰੂ ਨਾਨਕ ਸਾਹਿਬ ਜੀ ਦੇ 550 ਵੇ ਪੁਰਬ ਤੇ ਪੁਲਸ ਦੀ ਸਜ਼ਾ ਮੁਆਫੀ ਲਈ ਗਵਰਨਰ ਨੂੰ ਪੱਤਰ ਲਿਖੀਆ ਸੀ ਜੋ ਰੋਲ ਘਚੋਲੇ ਵਿੱਚ ਪਾ ਦਿੱਤਾ ਸੀ ਹੁਣ ਜਦੋਂ ਸਜਾ ਮੁਆਫੀ ਦੀ ਵਾਇਰਲ ਚਿੱਠੀ ਮੈਨੂੰ ਮਿਲੀ ਤਾਂ ਮੈਂ ਝੱਟ ਸੁਪਰਡੈਂਟ ਪਟਿਆਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਡੇ ਪਾਸ ਕੋਈ ਅਜਿਹੀ ਜਾਣਕਾਰੀ ਨਹੀਂ ਹੈ। ਜਗਰੂਪ ਸਿੰਘ ਨੇ ਸਰਕਾਰ ਦੇ ਦੂਹਰੇ ਮਾਪਦੰਡ ਦੀ ਗੱਲ ਕਰਦਿਆਂ ਕਿਹਾ ਕਿ ਸਜ਼ਾ ਮੁਆਫੀ ਦੇ ਸਬੰਧ ਵਿੱਚ ਗਵਰਨਰ ਸਾਹਿਬ ਸੁਪਰੀਮ ਕੋਰਟ ਦੀਆ ਹਿਦਾਇਤਾਂ ਦਾ ਪਾਲਣ ਕਰਦੇ ਹੋਏ ਸਾਨੂੰ ਵੀ ਸ਼ਾਮਿਲ ਕਰਨਾ ਸੀ ਸਜ਼ਾ ਮੁਆਫੀ ਵੇਲੇ, ਸਾਨੂੰ ਕਿਉ ਕੋਈ ਜਾਣਕਾਰੀ ਨਹੀਂ ਦਿੱਤੀ ਗਈ, ਕਿਉਂਕਿ ਸਰਕਾਰ ਨੇ ਗੁਪਤ ਤਰੀਕੇ ਨਾਲ ਹੀ ਪੁਲਸ ਨੂੰ ਬਾਹਰ ਕੱਢਣ ਦਾ ਸੋਚ ਰੱਖਿਆ ਸੀ। ਉਨਾ ਕਿਹਾ ਕਿ ਸਾਰੇ ਸੰਸਾਰ ਵਿੱਚ ਫੈਲੀ ਮਾਹਵਾਰੀ ਕਾਰਨ ਲਾਕਡਾਊਨ ਕੀਤਾ ਹੋਇਆ ਹੈ ਜਿਸ ਕਾਰਨ ਅਸੀਂ ਘਰੋਂ ਤੋਂ ਬਾਹਰ ਨਹੀਂ ਜਾ ਸਕਦੇ ਫਿਰ ਪੁਲਿਸ ਨੂੰ ਕਿਵੇ ਖੁੱਲ ਹੈ ਕਿ ਉਹ ਸਜਾ ਮੁਆਫੀ ਦਾ ਸਾਰਾ ਪ੍ਰਸੀਜਰ ਫਿਰ ਕੇ ਗਵਰਨਰ ਤੱਕ ਚੁੱਪ ਚੁਪੀਤੇ ਸਜਾ ਮੁਆਫ ਕਰਵਾ ਲਈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਤੇ ਪੂਰਾ ਗਿਲਾ ਕਰਦਿਆਂ ਕਰਦਿਆਂ ਕਿਹਾ ਕਿ ਮੇਰਾ ਭਰਾ ਸਿਰਫ ਇੱਕ ਲੱਖ ਰੁਪਏ ਪਿੱਛੇ ਮਾਰ ਦਿੱਤਾ ਜਿਸਦੇ ਛੋਟੇ ਛੋਟੇ ਤਿੰਨ ਬੱਚੇ ਹਨ, ਤੁਸੀਂ ਇਹਨਾ ਬੁੱਚੜਾ ਲਈ ਮੁਆਫੀ ਦੀ ਸਿਫਾਰਸ਼ ਕਿਸ ਆਧਾਰ ਉੱਪਰ ਕੀਤੀ ਜ਼ਰੂਰ ਦੱਸਣਾ। ਉਨ੍ਹਾਂ ਕਿਹਾ ਕਿ ਅਸੀਂ ਇਨਸਾਫ ਸੀਬੀਆਈ, ਵਿਜੀਲੈਂਸ, ਹਾਈਕੋਰਟ ਆਦਿਕ ਤੋਂ ਦਹਾਕਿਆਂ ਬੱਧੀ ਸਰੀਰਕ, ਮਾਨਸਿਕ ਤਸੀਹੇ ਝੱਲ ਕੇ ਲਿਆ ਸੀ ਜਿਹੜਾ ਤੁਸੀਂ 550 ਸਾਲਾਂ ਦੀ ਆੜ ਵਿੱਚ ਗਲਤ ਸਿਫਾਰਸ਼ ਕਰਕੇ ਸਾਡੀਆਂ ਆਸਾ ’ਤੇ ਪਾਣੀ ਫੇਰਿਆ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਪੁਲਸ ਦਾ ਹੱਥ ਵੱਢਿਆ ਜਾਂਦਾ ਹੈ ਅਫਸੋਸ ਵਾਲੀ ਗੱਲ ਹੈ, ਪਰ ਤੁਸੀਂ ਘੰਟਿਆਂ ਵਿੱਚ ਦੋਸ਼ੀ ਫੜ ਕੇਸ ਹੀ ਨਹੀਂ ਪਾਏ ਸਗੋਂ ਮੁਆਵਜ਼ਾ ਰਾਸ਼ੀ ਵੱਖਰੀ ਦਿੱਤੀ ਹੈ। ਇੱਧਰ 25-30 ਸਾਲਾਂ ਵਿੱਚ ਮਰ ਮਰ ਕੇ ਮਿਲਿਆ ਇਨਸਾਫ ਵੀ ਖੋਹ ਲਿਆ ਹੈ। ਇਹ ਕਿੱਥੋਂ ਦਾ ਕਾਨੂੰਨ ਹੈ। ਅਖੀਰ ਉਨ੍ਹਾਂ ਕਿਹਾ ਕਿ ਅਸੀਂ ਜਲਦ ਹੀ ਅੱਗੇ ਸੁਪਰੀਮ ਕੋਰਟ ਜਾਵਾਂਗੇ। ਉਨਾ ਕਿਹਾ ਕਿ ਸਾਨੂੰ ਪੁਲੀਸ ਧੱਕੇ ਨਾਲ ਕਰੋਨਾ ਪੀੜਤ ਵੀ ਬਣਾ ਸਕਦੀ ਹੈ। ਸੋ ਸਰਕਾਰ ਦੀ ਏਸ ਧੱਕੇਸ਼ਾਹੀ ਬਾਰੇ ਦੇਸ ਵਿਦੇਸ਼ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਸ਼ੰਘਰਸਸੀਲ ਜੱਥੇਬੰਦੀਆਂ ਨੂੰ ਇਸ ਗੱਲ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ,ਕਿਉਂਕਿ ਸਰਕਾਰ ਇੱਕ ਪਾਸੇ ਸਿੱਖਾਂ ਦੇ ਕਾਤਲਾਂ ਦੀ ਸਜ਼ਾ ਮੁਆਫ ਕਰ ਰਹੀ ਹੈ, ਦੂਜੇ ਪਾਸੇ ਆਪਣੀਆ ਸਜਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਸਿੱਖ ਕੈਦੀ 25-30 ਸਾਲਾਂ ਤੋਂ ਜੇਲਾਂ ਵਿੱਚ ਸੜ ਰਹੇ ਹਨ ਇਹ ਸਾਰਾ ਵਿਸ਼ਾ ਕੌਮੀ ਧਿਆਨ ਦੀ ਮੰਗ ਕਰਦਾ ਹੈ। ਜਿਕਰਯੋਗ ਹੈ ਕਿ ਉਕਤ ਤੋਂ ਬਿਨਾ ਵੀ ਵਿਰਕ ਸਮੇਤ ਪੰਜ ਮੁਲਾਜਮਾ ਉੱਤੇ ਬੰਗਾਲ ਵਿੱਚ ਬਸੀਰ ਮੁਹੰਮਦ ਭੰਮੇ ਕਲਾਂ ਦੀ ਪਤਨੀ ਅਤੇ ਛੋਟੇ ਬੱਚੇ ਦੇ ਝੂਠੇ ਪੁਲਿਸ ਮੁਕਾਬਲੇ ਦਾ ਕੇਸ ਦਰਜ ਹੋਇਆ ਸੀ, ਉਸ ਵਕਤ ਜੋਤੀ ਬਾਸੂ ਦੀ ਸਰਕਾਰ ਸੀ ਤਾਂ ਇਹਨਾ ਪੰਜਾ ਨੂੰ ਉੱਥੇ ਹੀ ਅਰੈਸਟ ਕਰ ਲਿਆ ਸੀ ਉਸ ਕੇਸ ਵਿੱਚ ਵੀ ਸਜ਼ਾ ਹੋਈ ਸੀ ਬਾਅਦ ਵਿੱਚ ਰਾਸ਼ਟਰਪਤੀ ਦੁਆਰਾ ਉਸ ਕੇਸ ਦੀ ਸਜਾ ਵੀ ਮੁਆਫ ਕਰਵਾ ਲਈ ਗਈ ਸੀ। ਸੋ ਅਜਿਹੇ ਹੋਰ ਬਹੁਤ ਪੁਲਿਸ ਅਫ਼ਸਰ ਹਨ ਜਿੰਨ੍ਹਾਂ ਨੇ ਸਿੱਖ ਨੌਜਵਾਨੀ ਦਾ ਰੱਜ ਕੇ ਘਾਣ ਕੀਤਾ ਹੈ।

## ਕਰੋਨਾ ਮਗਰੋਂ ਅਮਰੀਕਾ ’ਚ ਬੱਚਿਆਂ ਵਿਚ ਫੈਲੀ ਅਜੀਬ ਬਿਮਾਰੀ

ਨਿਊਯਾਰਕ-ਅਮਰੀਕਾ ਦੇ ਨਿਊਯਾਰਕ ਵਿੱਚ ਅੱਜਕੱਲ੍ਹ ਬੱਚਿਆਂ ਦੀ ਰਹੱਸਮਈ ਬਿਮਾਰੀ ਪੈਰ ਪਸਾਰ ਰਹੀ ਹੈ। ਇਸ ਸ਼ਹਿਰ ਵਿੱਚ ਇਸ ਅਣਪਛਾਤੀ ਬਿਮਾਰੀ ਦੇ 73 ਮਾਮਲੇ ਸਾਹਮਣੇ ਆ ਚੁੱਕੇ ਹਨ, ਜਦਕਿ ਦੇਸ਼ ਦੇ ਸੱਤ ਸੂਬਿਆਂ ਵਿੱਚ ਇਸ ਬਿਮਾਰੀ ਨਾਲ 100 ਬੱਚੇ ਪੀੜਤ ਹਨ ਤੇ ਤਿੰਨ ਦੀ ਮੌਤ ਹੋ ਚੁੱਕੀ ਹੈ। ਮ੍ਰਿਤਕਾਂ ਦੀ ਉਮਰ ਦੋ ਤੋਂ ਪੰਦਰਾਂ ਸਾਲ ਦਰਮਿਆਨ ਹੈ। ਗਵਰਨਰ ਐਂਡ੍ਰਿਊ ਕਿਊਮੋ ਨੇ ਮੌਤਾਂ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਜ਼ਿਆਦਾਤਰ ਬੱਚਿਆਂ ਨੂੰ ਸਾਹ ਲੈਣ ਸਬੰਧੀ ਕੋਈ ਪ੍ਰੇਸ਼ਾਨੀ ਨਹੀਂ ਹੋਈ ਯਾਨੀ ਉਨ੍ਹਾਂ ਵਿੱਚ ਕੋਰੋਨਾ ਵਾਇਰਸ ਦੇ ਲੱਛਣ ਨਹੀਂ ਦਿਖਾਈ ਦਿੱਤੇ। ਇਸ ਬਿਮਾਰੀ ਦਾ ਕਾਰਨ ਜਾਣਨ ਲਈ ਨਿਊਯਾਰਕ ਜੀਨੋਮ ਸੈਂਟਰ ਤੇ ਰੌਕਫੇਲਰ ਯੂਨੀਵਰਸਿਟੀ ਮਿਲ ਕੇ ਖੋਜ ਕਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਵਿਗਿਆਨੀ ਡਾ. ਮਰੀਆ ਵੈਨ ਕੇਰਖ਼ੋਵੇ ਨੇ ਦੱਸਿਆ ਕਿ ਨਾ ਸਿਰਫ ਅਮਰੀਕਾ ਬਲਕਿ ਯੂਰਪੀ ਦੇਸ਼ ਜਿਵੇਂ ਕਿ ਬ੍ਰਿਟੇਨ, ਫਰਾਂਸ, ਸਵਿਟਜ਼ਰਲੈਂਡ ਤੇ ਇਟਲੀ ਵਿੱਚ ਵੀ ਇਸ ਰਹੱਸਮਈ ਬਿਮਾਰੀ ਦੇ 50 ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ।

## ‘ਵਿਦੇਸ਼ੀ ਕਾਮਿਆਂ ਨੂੰ ਕੱਢੋ ਬਾਹਰ’

✪ ਖਾੜੀ ਦੇਸ਼ਾਂ ਵਿਚ ਉੱਠੀ ਆਵਾਜ਼, ਵੱਡੀ ਗਿਣਤੀ ਭਾਰਤੀ ਵੀ ਖਾੜੀ ਦੇਸ਼ਾਂ ਵਿਚ ਕਮਾਉਂਦੇ ਰੋਜ਼ੀ

ਚੰਡੀਗੜ੍ਹ-ਕੁਵੈਤ ਦੀ ਐਕਟਰਸ ਹਯਾਤ ਅਲ ਫਹਾਦ ਪਿਛਲੇ ਕੁਝ ਦਿਨਾਂ ਤੋਂ ਕੋਰੋਨਾਵਾਇਰਸ ਬਾਰੇ ਚਰਚਾ ਵਿਚ ਹੈ। ਇਸ ਦਾ ਕਾਰਨ ਇਹ ਹੈ ਕਿ ਅਪਰੈਲ ਵਿਚ ਇੱਕ ਟੀਵੀ ਚੈਨਲ ’ਤੇ ਉਸ ਨੇ ਕੋਰੋਨਾ ਲਈ ਵਿਦੇਸ਼ੀ ਕਾਮਿਆਂ ਨੂੰ ਦੋਸ਼ੀ ਠਹਿਰਾਇਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਇੱਥੋਂ ਕੱਢ ਦੇਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਕਾਰਨ ਕੋਰੋਨਾ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਦੱਸ ਦੇਈਏ ਕਿ ਮਿਡਲ ਈਸਟਨ ਜਾਂ ਖਾੜੀ ਦੇ ਅਮੀਰ ਦੇਸ਼ਾਂ ਵਿੱਚ, ਭਾਰਤ ਸਣੇ ਕਈ ਦੇਸ਼ਾਂ ਦੇ ਨਾਗਰਿਕ ਉਸਾਰੀ, ਸ਼ਾਪਿੰਗ ਮਾਲ, ਦੁਕਾਨਾਂ, ਟੈਕਸੀ ਚਲਾਉਣ, ਸਫਾਈ, ਘਰੇਲੂ ਸੇਵਾ ਸਣੇ ਹੋਰ ਕਈ ਸੇਵਾਵਾਂ ਵਿੱਚ ਆਪਣੀ ਭੂਮਿਕਾ ਨਿਭਾਅ ਰਹੇ ਹਨ। ਪਿਛਲੇ ਦਿਨੀਂ ਕੁਵੈਤੀ ਚੈਨਲ ’ਤੇ ਹੋਏ ਇੱਕ ਟੌਕ ਸ਼ੋਅ ਵਿੱਚ ਸ਼ਾਮਲ ਪੈਨਲ ਦੇ ਲੋਕਾਂ ਵਿਚ ਵੀ ਇਹੀ ਗੱਲ ਦੁਹਰਾਈ ਗਈ ਸੀ। ਇਸ ਵਿੱਚ ਸ਼ਾਮਲ ਇੱਕ ਮੈਂਬਰ ਅਹਿਮਦ ਬਾਕਰ ਨੇ ਕਿਹਾ ਕਿ ਜਦੋਂ ਵੀ ਅਸੀਂ ਮਾਲ ਖਰੀਦਾਰੀ ਕਰਦੇ ਹਾਂ ਤਾਂ ਸਾਨੂੰ ਉੱਥੋਂ ਦੀਆਂ ਦੁਕਾਨਾਂ ’ਤੇ ਕੋਈ ਕੁਵੈਤੀ ਦਿਖਾਈ ਨਹੀਂ ਦਿੰਦਾ। ਇਹ ਸਭ ਵਿਦੇਸ਼ੀ ਲੋਕਾਂ ਦੇ ਹੱਥ ਵਿੱਚ ਹੈ। ਵਾਸ਼ਿੰਗਟਨ ਸਥਿਤ ਅਰਬ ਗਲਫ ਸਟੇਟ ਇੰਸਟੀਚਿਊਟ ਦੇ ਫੈਲੋ ਇਮਾਨ ਅਲਹੁਸੈਨ ਦੀ ਸਲਾਹ ਮੁਤਾਬਕ, ਖਾੜੀ ਦੇਸ਼ਾਂ ਦੀ ਆਰਥਿਕਤਾ ਦੋ ਚੀਜ਼ਾਂ ਹਨ ਜਿਨ੍ਹਾਂ ’ਤੇ ਟਿੱਕੀ ਹੋਈ ਹੈ, ਉਨ੍ਹਾਂ ਵਿਚ ਇੱਕ ਹੈ ਤੇਲ ਤੇ ਦੂਜੀ ਹੈ ਇੱਥੇ ਕੰਮ ਕਰ ਰਹੇ ਵਿਦੇਸ਼ੀ ਮਜ਼ਦੂਰ। ਵਰਤਮਾਨ ਵਿੱਚ ਉਹ ਦੋਵੇਂ ਕੋਰੋਨਵਾਇਰਸ ਕਾਰਨ ਘਾਟਾ ਲੈਣ ਲਈ ਮਜਬੂਰ ਹਨ।

ਦੱਸ ਦੇਈਏ ਕਿ ਸਾਲ 2017 ਵਿੱਚ ਵਿਦੇਸ਼ੀ ਮਜ਼ਦੂਰਾਂ ਨੇ ਲਗਪਗ 124 ਬਿਲੀਅਨ ਡਾਲਰ ਦੀ ਰਕਮ ਤਨਖਾਹ ਵਜੋਂ ਆਪਣੇ ਦੇਸ਼ਾਂ ਨੂੰ ਭੇਜੀ ਸੀ। ਕੋਰੋਨਾ ਸੰਕਟ ਦੌਰਾਨ ਹਜ਼ਾਰਾਂ ਲੋਕਾਂ ਨੇ ਇਨ੍ਹਾਂ ਦੇਸ਼ਾਂ ਵਿੱਚ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ। ਲੌਕਡਾਊਨ ਕਾਰਨ ਇਨ੍ਹਾਂ ਲੋਕਾਂ ਦੀ ਆਰਥਿਕ ਸਮੱਸਿਆ ਵਧੀ ਹੈ। ਇਸ ਦੌਰਾਨ ਇਹ ਵੀ ਸੱਚ ਹੈ ਕਿ ਉਨ੍ਹਾਂ ਚੋਂ ਬਹੁਤ ਸਾਰੀਆਂ ਆਪਣੀਆਂ

# ਕੌਮਾਂਤਰੀ ਕਬੱਡੀ ਖਿਡਾਰੀ ਦਾ ਗੋਲ਼ੀਆਂ ਮਾਰ ਕੇ ਕਤਲ ਕਰਨ ਵਾਲਾ ਛੋਟਾ ਥਾਣੇਦਾਰ ਸਾਥੀ ਸਣੇ ਗ੍ਰਿਫ਼ਤਾਰ

**O ਕਬੱਡੀ ਖਿਡਾਰੀ ਅਰਵਿੰਦਰਜੀਤ ਪਹਿਲਵਾਨ ਆਪਣੇ ਪਿੰਡ ਨੂੰ ਡਰੱਗ ਸਮੱਗਲਰਾਂ ਤੋਂ ਬਚਾ ਰਿਹਾ ਸੀ O ਗੈਰਕਾਨੂੰਨੀ ਤਸ਼ੱਦਦ ਢਾਹੁਣ ਵਿਚ ਪੰਜਾਬ ਪੁਲਿਸ ਨੰਬਰ ਵੰਨ O ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ—ਜਮਹੂਰੀਅਤ ਅਧਿਕਾਰ ਸੰਗਠਨ O ਦੇਸ਼ ਵਿਚੋਂ ਸਭ ਤੋਂ ਜ਼ਿਆਦਾ ਨਸ਼ਾ ਤਸਕਰ ਪੰਜਾਬ 'ਚ - ਗ੍ਰਹਿ ਮੰਤਰਾਲੇ ਦੀ ਰਿਪੋਰਟ**

ਕਪੂਰਥਲਾ-ਕਪੂਰਥਲਾ ਵਿਚ ਬੀਤੀ ਵੀਰਵਾਰ ਰਾਤ ਪੰਜਾਬ ਪੁਲਿਸ ਦੇ ਇੱਕ ਏਐਸਆਈ ਨੇ ਪਿੰਡ ਲਖਨ ਵਿਚ ਠੀਕਰੀ ਪਹਿਰਾ ਦੇ ਰਹੇ ਰਾਸ਼ਟਰੀ ਕਬੱਡੀ ਖਿਡਾਰੀ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਹਮਲੇ ਵਿਚ ਕਬੱਡੀ ਖਿਡਾਰੀ ਦਾ ਸਾਥੀ ਵੀ ਜ਼ਖਮੀ ਹੋ ਗਿਆ। ਪੁਲਿਸ ਨੇ ਆਪਣੇ ਹੀ ਵਿਭਾਗ ਦੇ ਮੁਲਜ਼ਮ ਏਐਸਆਈ ਨੂੰ ਸਾਥੀ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਏਐਸਆਈ ਢਿੱਲਵਾਂ ਪੁਲਿਸ ਥਾਣੇ ਵਿਚ ਤਾਇਨਾਤ ਹੈ। ਜਾਣਕਾਰੀ ਮੁਤਾਬਕ ਪੰਜਾਬ ਵਿਚ ਕਰਫਿਊ ਕਾਰਨ ਜ਼ਿਆਦਾਤਰ ਪਿੰਡਾਂ ਵਿਚ ਠੀਕਰੀ ਪਹਿਰਾ ਲੱਗਿਆ ਹੋਇਆ ਹੈ। ਬੀਤੀ ਰਾਤ ਕਪੂਰਥਲਾ ਦੇ ਪਿੰਡ ਲੱਖਨ ਵਿਚ ਅਰਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਪਹਿਰਾ ਦੇ ਰਹੇ ਸੀ। ਇਸੇ ਦੌਰਾਨ ਏਐਸਆਈ ਪਰਮਜੀਤ ਸਿੰਘ ਆਪਣੇ ਸਾਥੀ ਮੰਗੂ ਨਾਲ ਉੱਥੇ ਆਇਆ। ਪਰਮਜੀਤ ਸਿੰਘ ਪਿੰਡ ਬਾਹਮੂਵਾਲ ਦਾ ਵਸਨੀਕ ਹੈ, ਜਦਕਿ ਮੰਗੂ ਇਸੇ ਪਿੰਡ ਲਖਨ ਵਿਚ ਰਹਿੰਦਾ ਹੈ। ਠੀਕਰੀ ਪਹਿਰਾ ਦੇ ਰਹੇ ਨੌਜਵਾਨਾਂ ਨੇ ਏਐਸਆਈ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਹ ਨਾ ਰੁਕਿਆ। ਇਸ ਗੱਲ 'ਤੇ ਨੌਜਵਾਨਾਂ ਅਤੇ ਏਐਸਆਈ ਵਿਚਕਾਰ ਵਿਵਾਦ ਸ਼ੁਰੂ ਹੋ ਗਿਆ। ਏਐਸਆਈ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਅਰਵਿੰਦਰ ਨੂੰ ਗੋਲੀ ਮਾਰ ਦਿੱਤੀ। ਏਐਸਆਈ ਨੇ ਇੱਕ ਹੋਰ ਫ਼ਾਇਰ ਕੀਤਾ, ਜੋ ਅਰਵਿੰਦਰ ਦੇ ਨਾਲ ਮੌਜੂਦ ਉਸ ਦੇ ਸਾਥੀ ਨੂੰ ਲੱਗਿਆ। ਮੌਕੇ 'ਤੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਦੋਹਾਂ ਨੂੰ ਜਲੰਧਰ ਦੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਅਰਵਿੰਦਰ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ, ਜਦਕਿ ਉਸ ਦਾ ਸਾਥੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਕਪੂਰਥਲਾ ਦੇ ਐਸਐਸਪੀ ਸਤਿੰਦਰ ਸਿੰਘ ਅਨੁਸਾਰ ਪੀੜਤ ਤੇ ਮੁਲਾਜ਼ਮ ਆਹਮੋ-ਸਾਹਮਣੇ ਦੇ ਪਿੰਡਾਂ ਦੇ ਰਹਿਣ ਵਾਲੇ ਹਨ। ਜ਼ਖਮੀ ਦਾ ਇਲਾਜ ਜਲੰਧਰ ਵਿਚ ਜਾਰੀ ਹੈ। ਪੁਲਿਸ ਨੇ ਮੁਲਜ਼ਮ ਏਐਸਆਈ ਨੂੰ ਹਿਰਾਸਤ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਪੁਲੀਸ ਮਨੁੱਖੀ ਅਧਿਕਾਰਾਂ ਦਾ ਕਰ ਰਹੀ ਏ ਘਾਣ

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਜੋ ਨਸ਼ਿਆਂ ਦੀ ਹਨੇਰੀ ਚਲ ਰਹੀ ਹੈ, ਉਸ ਨੂੰ ਨਾ ਬਾਦਲ ਦਲ ਕਾਬੂ ਕਰ ਸਕਿਆ ਤੇ ਨਾ ਹੀ ਕੈਪਟਨ ਸਰਕਾਰ। ਇਹ ਦਾਅਵੇ ਝੂਠੇ ਹਨ ਕਿ ਪੰਜਾਬ ਵਿਚ ਨਸ਼ਾ ਸਮੱਗਲਰ ਮੁੱਕ ਚੁੱਕੇ ਹਨ ਤੇ ਨਸ਼ੇ ਖਤਮ ਹੋ ਚੁੱਕੇ ਹਨ। ਅੱਜ ਪੰਜਾਬ ਵਿਚ ਅਨੇਕਾਂ ਨੌਜਵਾਨ ਡਰੱਗ ਰੋਗੀ ਹਨ। ਜਿੰਨਾ ਚਿਰ ਤੱਕ ਭ੍ਰਿਸ਼ਟ ਪੁਲੀਸ ਅਫ਼ਸਰਾਂ, ਸਿਆਸਤਦਾਨਾਂ ਅਤੇ ਡਰੱਗ ਸਮੱਗਲਰਾਂ ਦਾ ਆਪਸੀ ਗੱਠਜੋੜ ਨਹੀਂ ਟੁੱਟਦਾ ਤਾਂ ਇਹ ਉਪਰੋਕਤ ਘਟਨਾ ਵਾਪਰਦੀਆਂ ਰਹਿਣਗੀਆਂ। ਇਕ ਸਰਵੇਖਣ ਅਨੁਸਾਰ ਇਹ ਗੱਲ ਸਪਸ਼ਟ ਹੋਈ ਹੈ ਕਿ ਨਸ਼ੇ ਦੇ ਤਸਕਰ ਨਸ਼ੇ ਦੀ ਵਿਕਰੀ ਵਿਚ ਵਾਧਾ ਕਰਨ ਲਈ ਚਿੱਟੇ ਵਿਚ ਖ਼ਤਰਨਾਕ ਰਸਾਇਣ ਦੀ ਵਰਤੋਂ ਕਰ ਰਹੇ ਹਨ। ਇਸ ਵਿਚ ਬੈਟਰੀਆਂ ਵਿਚੋਂ ਨਿਕਲਣ ਵਾਲਾ ਚਿੱਟਾ ਪਾਊਡਰ, ਬਰਾਊਨ ਸ਼ੂਗਰ ਅਤੇ ਹਾਥੀ ਨੂੰ ਬੇਹੋਸ਼ ਕਰਨ ਵਾਲੇ ਇਕ ਫੈਨਾਈਟ ਇੰਜੈਕਸ਼ਨ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਸਰੀਰ ਲਈ ਬਹੁਤ ਜਾਨਲੇਵਾ ਹੈ। ਗੁਰਦਾਸਪੁਰ 'ਚ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਨੇ ਇਕ ਅਧਿਐਨ ਦੌਰਾਨ ਇਸ



ਗੱਲ ਦੀ ਪੁਸ਼ਟੀ ਕੀਤੀ ਸੀ ਕਿ ਫੈਨਾਈਟ ਸਿਟਰੇਟ ਇਕ ਅਜਿਹਾ ਇੰਜੈਕਸ਼ਨ ਹੈ ਜਿਸ ਦੀ ਵਰਤੋਂ ਡਾਕਟਰਾਂ ਦੁਆਰਾ ਕੈਂਸਰ ਜਾ ਲੰਮੀ ਸਰਜਰੀ ਦੌਰਾਨ ਮਰੀਜ਼ ਦੇ ਦਰਦ ਨੂੰ ਘੱਟ ਕਰਨ ਲਈ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਪੂਰੇ ਭਾਰਤ ਵਿਚ ਸਭ ਤੋਂ ਜ਼ਿਆਦਾ ਨਸ਼ਾ ਤਸਕਰ ਪੰਜਾਬ ਵਿਚ ਹਨ। ਰਿਪੋਰਟ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਵਿਚੋਂ 46,909 ਨਸ਼ਾ ਤਸਕਰ ਗ੍ਰਿਫਤਾਰ ਹੋਏ ਹਨ। ਨਸ਼ਾ ਤਸਕਰਾਂ ਦੀਆਂ ਗ੍ਰਿਫਤਾਰੀਆਂ ਸਾਲ 2015 ਤੋਂ 2018 ਵਿਚ ਹੋਈਆਂ ਹਨ। ਰਿਪੋਰਟ ਅਨੁਸਾਰ 2018 ਵਿਚ ਨਸ਼ਾ ਤਸਕਰਾਂ ਕੋਲੋਂ 21199 ਕਿਲੋ ਗਾਂਜਾ, 127 ਕਿਲੋ ਹਸ਼ੀਸ਼, 481 ਕਿਲੋ ਹੈਰੋਇਨ, 57,400 ਕਿਲੋ ਚੂਰਾ ਪੋਸਤ ਅਤੇ 83 ਲੱਖ ਦੇ ਕਰੀਬ ਨਸ਼ੇ ਦੇ ਕੈਪਸੂਲ ਫੜੇ ਗਏ। ਇਸੇ ਤਰ੍ਹਾਂ ਸਾਲ 2017 ਵਿਚੋਂ ਨਸ਼ਾ ਤਸਕਰਾਂ ਕੋਲੋਂ 1871 ਕਿਲੋ ਗਾਂਜਾ, 406 ਕਿਲੋ ਹੈਰੋਇਨ, 129 ਕਿਲੋ ਹਸ਼ੀਸ, 505 ਕਿਲੋ ਅਫੀਮ, 41,746 ਕਿਲੋ ਭੁਕੀ ਅਤੇ 35 ਲੱਖ ਦੇ ਕਰੀਬ ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਇਹ ਰਿਪੋਰਟ ਪੰਜਾਬ ਸਰਕਾਰ ਦੇ ਉਹਨਾਂ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਨਸ਼ੇ ਦਾ ਲੱਕ ਤੋੜਨ ਦੀ ਗੱਲ ਕਹਿੰਦੇ ਨੇ। ਸਰਹਦ ਪਾਰ ਪਾਕਿਸਤਾਨ ਵਲੋ ਪਾਸੇ ਤੋਂ ਲਗਾਤਾਰ ਨਸ਼ੇ ਦੀ ਸਪਲਾਈ ਹੋ ਰਹੀ ਹੈ ਅਤੇ ਦੇਸ਼ ਵਿਚ ਡਰੱਗਜ਼ ਸਪਲਾਈ ਲਈ ਪੰਜਾਬ ਟ੍ਰਾਂਜੀਟ ਪੁਆਇੰਟ ਬਣਿਆ ਹੋਇਆ ਹੈ, ਪੂਰੇ ਦੇਸ਼ ਵਿਚ ਨਸ਼ਾ ਸਪਲਾਈ ਲਈ ਪੰਜਾਬ ਬਦਨਾਮ ਹੋ ਰਿਹਾ ਹੈ।

ਸਮੁੱਚੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਪੰਜਾਬ ਪਿਛਲੇ ਕਈ ਦਹਾਕਿਆਂ ਤੋਂ ਮਾਨਵੀ ਹੱਕਾਂ ਤੋਂ ਵਾਂਝਾ ਰਿਹਾ ਹੈ। ਸਿੱਖਾਂ ਨੂੰ 'ਅੱਤਵਾਦੀ' ਤੇ 'ਵੱਖਵਾਦੀ' ਕਹਿ ਕੇ ਥਾਣਿਆਂ ਵਿੱਚ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਅਜਿਹੇ ਪੁਲਿਸ ਅਤਿਆਚਾਰ ਨੂੰ ਸਾਰੇ ਮੁਲਕ ਸਾਹਮਣੇ ਪੇਸ਼ ਕਰਨ ਲਈ ਮਾਨਵ ਅਧਿਕਾਰ ਸੰਗਠਨਾਂ ਨੇ ਕਈ ਰਿਪੋਰਟਾਂ ਪੇਸ਼ ਕੀਤੀਆਂ, ਜਿਨ੍ਹਾਂ ਵਿਚੋਂ 'ਰਿਪੋਰਟ ਟੂ ਨੇਸ਼ਨ-ਅਪਰੇਸ਼ਨ ਪੰਜਾਬ' ਤੇ 'ਸਟੇਟ ਟੈਰਰਿਜ਼ਮ ਇਨ ਪੰਜਾਬ' ਪ੍ਰਮੁੱਖ ਹਨ। ਇਹਨਾਂ ਰਿਪੋਰਟਾਂ ਵਿੱਚ ਪੁਲਸ ਤੇ ਅਰਧ- ਸੈਨਿਕ ਦਲਾਂ ਦੁਆਰਾ ਬੇਕਸੂਰ ਲੋਕਾਂ ਤੇ ਕੀਤੇ ਤਸ਼ੱਦਦ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਦੌਰਾਨ ਅੰਮ੍ਰਿਤਸਰ ਦੇ ਪਾਲ ਇੰਟਰਨੈਸ਼ਨਲ ਹਾਲ ਵਿਚ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਦੀ ਹੋਈ ਨਿਆਂ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ ਵਿਚੋਂ ਇਕ ਮਹੱਤਵਪੂਰਨ ਇਹ ਵੀ ਹੈ ਕਿ ਸੀਬੀਆਈ ਦੁਆਰਾ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ ਰਿਪੋਰਟ ਦੇ ਆਧਾਰ 'ਤੇ ਲਾਸ਼ਾਂ ਨੂੰ ਸਮੂਹਿਕ ਤੌਰ 'ਤੇ ਸਾੜਨ ਦੇ ਦੋਸ਼ ਵਿੱਚ, ਪੰਜਾਬ ਪੁਲਸ ਦੇ ਸਾਬਕਾ ਮੁੱਖੀ ਕੇਪੀ ਗਿੱਲ ਤੇ ਉਸ ਵੇਲੇ ਦੇ ਸਿਆਸੀ ਪ੍ਰਭੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵੱਡੇ ਪੱਧਰ 'ਤੇ ਹੋਏ ਇਸ ਕਤਲੇਆਮ ਬਦਲੇ ਉਹਨਾਂ ਉਪਰ ਨਿਊਰਮਬਰਗ ਟਰਾਇਲ ਵਾਂਗ ਮੁਕੱਦਮੇ ਚਲਾਏ ਜਾਣ, ਜਿਵੇਂ ਇੰਗਲੈਂਡ ਨੇ ਸਾਬਕਾ ਤਾਨਾਸ਼ਾਹ ਜਨਰਲ ਅਗਸਤੋ-ਪਿਨੋਸ਼ੇ ਨੂੰ ਗ੍ਰਿਫ਼ਤਾਰ ਕੀਤਾ, ਉਵੇਂ ਹੀ ਇਹਨਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ, ਪਰ ਅਫਸੋਸ ਕਿ ਗਿੱਲ ਵਰਗਿਆਂ ਮਾਨਵੀ ਹੱਕਾਂ ਦੇ ਅਪਰਾਧੀਆਂ ਨੂੰ ਭਾਰਤੀ ਕਾਨੂੰਨ ਨੇ ਸਜ਼ਾਵਾਂ ਨਾ ਦਿੱਤੀਆਂ, ਬਲਕਿ ਉਹ ਕੁਦਰਤੀ ਮੌਤ ਮਰਿਆ। ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਸਮੇਤ ਖੱਬੇ ਪੱਖੀ ਪਾਰਟੀਆਂ ਨੇ ਵੀ 'ਕੇਪੀ ਗਿੱਲ' ਦੀ ਮੌਤ 'ਤੇ ਕਸੀਦੇ ਪੜ੍ਹੇ ਤੇ ਮਨੁੱਖੀ ਹੱਕਾਂ ਦੇ ਸਿਧਾਂਤਾਂ ਨੂੰ ਕਲੰਕਿਤ ਕੀਤਾ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਘਾਣ ਪੁਲਿਸ ਵਲੋਂ ਹੀ ਕੀਤਾ ਜਾਂਦਾ ਹੈ। ਇਹੀ ਨਹੀਂ, ਸੀਨੀਅਰ ਪੁਲਿਸ ਅਫ਼ਸਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਮੁਲਾਜ਼ਮ ਤੇ ਅਫ਼ਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿਚ ਉਜਾਗਰ ਕੀਤੇ ਗਏ ਹਨ ਜੋ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੇਸ਼ ਕੀਤੀ ਗਈ ਸੀ। ਆਪਣੀ 19ਵੀਂ ਸਾਲਾਨਾ ਰਿਪੋਰਟ ਮੁਤਾਬਕ ਕਮਿਸ਼ਨ ਨੂੰ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਵਿਚੋਂ 55 ਫ਼ੀਸਦ ਸ਼ਿਕਾਇਤਾਂ ਹਿਰਾਸਤੀ ਮੌਤਾਂ, ਤਸ਼ੱਦਦ, ਪੁਲਿਸ ਤੇ ਜੇਲ੍ਹ ਅਧਿਕਾਰੀਆਂ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਦੇ ਸੰਗੀਨ ਮਾਮਲੇ ਸ਼ਾਮਲ ਹਨ। ਵਧੀਕੀਆਂ ਨਾਲ ਸਬੰਧਤ 52 ਫੀਸਦ ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲਿਸ ਨਾਲ ਸਬੰਧਿਤ ਹਨ। ਕਮਿਸ਼ਨ ਨੂੰ 28 ਫ਼ੀਸਦ (3015) ਸ਼ਿਕਾਇਤਾਂ ਮਿਲੀਆਂ ਹਨ ਕਿ ਪੁਲਿਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤੋਂ ਇਲਾਵਾ ਪੁਲਿਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲਿਸ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ। ਜੇਲ੍ਹ ਅਧਿਕਾਰੀਆਂ ਖਿਲਾਫ਼ ਨਿਆਇਕ ਹਿਰਾਸਤ ਦੌਰਾਨ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ।

ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਰੁਝਾਨ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਵੀ ਉਸ ਵਲੋਂ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਸਬੰਧੀ ਦੋਸ਼ੀ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਖਿਲਾਫ਼ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਆਮ ਦੇਖਣ ਵਿਚ ਆਇਆ ਹੈ ਕਿ ਸੀਨੀਅਰ ਪੁਲਿਸ ਅਧਿਕਾਰੀ ਆਪਣੇ ਮਾਤਹਿਤ ਅਫ਼ਸਰਾਂ ਨੂੰ ਬਚਾਉਣ ਲਈ ਹਰ ਵਾਹ ਲਾਉਂਦੇ ਹਨ। ਲਿਹਾਜਾ ਕਮਿਸ਼ਨ ਨੇ ਕੁਝ ਕੇਸਾਂ ਵਿਚ ਆਪਣੇ ਤਹਿਕੀਕਾਤ ਵਿੰਗ ਰਾਹੀਂ ਅਜ਼ਾਦਾਨਾ ਜਾਂਚ ਕਰਵਾਈ ਹੈ। ਜ਼ਿਆਦਾਤਰ ਕੇਸਾਂ ਵਿਚ ਦੇਖਣ ਨੂੰ ਮਿਲਿਆ ਕਿ ਤਹਿਕੀਕਾਤ ਵਿੰਗ ਵਲੋਂ ਕੀਤੀ ਜਾਂਚ ਅਤੇ ਪੁਲਿਸ ਅਧਿਕਾਰੀਆਂ ਦੀ ਜਾਂਚ ਵਿਚਕਾਰ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ। ਜ਼ਿਲ੍ਹਾਵਾਰ ਲੇਖੇ ਜੋਖੇ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਜ਼ਿਲ੍ਹੇ ਵਿਚ ਅਤੇ ਉਸ ਤੋਂ ਬਾਅਦ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨਤਾਰਨ ਵਿਚ 709 ਅਤੇ ਬਠਿੰਡਾ ਵਿਚ 674 ਸ਼ਿਕਾਇਤਾਂ ਆਈਆਂ ਸਨ। ਇਸ ਦੌਰਾਨ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚਾ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ ਹੈ। ਕਮਿਸ਼ਨ ਆਮ ਤੌਰ 'ਤੇ ਪੁਲਿਸ ਖਿਲਾਫ਼ ਸ਼ਿਕਾਇਤਾਂ 'ਤੇ ਕਾਰਵਾਈ ਲਈ ਪੁਲਿਸ ਨੂੰ ਹੀ ਵਾਪਸ ਭੇਜ ਦਿੰਦਾ ਹੈ ਅਤੇ ਪੁਲਿਸ ਅਫ਼ਸਰ ਸਾਰੇ ਨੇਮ ਛਿੱਕੇ ਟੰਗ ਕੇ ਆਪਣੇ ਸਾਥੀ ਅਫ਼ਸਰਾਂ ਨੂੰ ਬਚਾਉਂਦੇ ਹਨ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ 26 ਜਨਵਰੀ 1950 ਨੂੰ ਲਾਗੂ ਹੋਇਆ ਭਾਰਤੀ ਸੰਵਿਧਾਨ ਬਸਤੀਵਾਦੀ ਬਰਤਾਨਵੀ ਰਾਜ ਦੇ ਕਿੰਨੇ ਹੀ ਜਾਬਰ ਕਾਨੂੰਨਾਂ ਨੂੰ ਨਾਲ ਲੈ ਕੇ ਜੰਮਿਆ। ਇੰਡੀਅਨ ਪੈਨਲ ਕੋਡ, ਕਰਿਮੀਨਲ ਪਰੋਸੀਜ਼ਰ ਕੋਡ, 1861 ਦਾ ਪੁਲੀਸ ਐਕਟ, ਡਿਫੈਂਸ ਆਫ ਇੰਡੀਆ ਰੂਲਜ਼ ਅਤੇ ਕਈ ਇਹਤਿਆਤੀ ਨਜ਼ਰਬੰਦੀ ਕਾਨੂੰਨ ਕਾਇਮ ਰੱਖੇ ਗਏ। ਕਾਲੇ ਕਾਨੂੰਨ ਬਣਾਉਣ ਦੀਆਂ ਸੰਵਿਧਾਨਕ ਸ਼ਕਤੀਆਂ ਨੂੰ ਵਰਤਦਿਆਂ, ਕਿੰਨੇ ਹੀ ਨਵੇਂ ਕਾਨੂੰਨ ਬਣਾਏ ਗਏ। ਪਹਿਲਿਆਂ ਨੂੰ ਸਖਤ ਕੀਤਾ ਗਿਆ ਤੇ ਜਾਬਰ ਰਾਜ ਮਸ਼ੀਨਰੀ ਦੇ ਦੰਦ ਤਿੱਖੇ ਕੀਤੇ ਗਏ। ਪੁਲਸ ਤੇ ਕਾਰਜਕਰਨੀ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਨ ਲਈ ਅੰਨ੍ਹੇ ਅਧਿਕਾਰਾਂ ਨਾਲ ਲੈਸ ਕੀਤਾ ਗਿਆ।

ਪ੍ਰਸ਼ਨ ਇਹ ਹੈ ਕਿ ਅਜਿਹੀ ਸਥਿਤੀ ਕਿੰਨੀ ਦੇਰ ਤਕ ਕਾਇਮ ਰੱਖੀ ਜਾ ਸਕਦੀ ਹੈ? ਅਜਿਹੀ ਅਰਾਜਕਤਾ ਸਮਾਜਿਕ ਅਰਾਜਕਤਾ ਨੂੰ ਜਨਮ ਦੇ ਸਕਦੀ ਹੈ। ਹਾਲਾਤ ਨੇ ਬਦਲਣਾ ਹੈ ਪਰ ਜਿੰਨਾ ਚਿਰ ਇਹ ਲੌਕਡਾਊਨ ਦੀ ਸਥਿਤੀ ਚੱਲਦੀ ਹੈ, ਉਸ ਵਿਚ ਮਨੁੱਖੀ ਅਧਿਕਾਰ ਕਾਇਮ ਰਹਿਣੇ ਚਾਹੀਦੇ ਹਨ। ਅਜਿਹੇ ਵਰਤਾਰੇ ਬਾਰੇ ਡਾ. ਅੰਬੇਦਕਰ ਨੇ ਬੀ.ਬੀ.ਸੀ ਨੂੰ ਇਕ ਵਿਸ਼ੇਸ਼ ਗਲਬਾਤ ਵਿਚ 1953 ਵੇਲੇ ਕਿਹਾ ਸੀ ਕਿ ਸਮਾਜਿਕ ਅਤੇ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਤੋਂ ਬਗੈਰ ਦੇ ਭਾਰਤ ਵਿਚ ਲੋਕਤੰਤਰ ਕੋਈ ਲਾਭ ਨਹੀਂ ਹੋਵੇਗਾ ਕੇਵਲ ਰਾਜਨੀਤਿਕ ਲੋਕਤੰਤਰ ਦੀ ਬਾਹਰੀ ਦਿਖ ਚੋਣਾਂ ਦੁਆਰਾ ਹਾਕਮਾਂ ਦੀ ਸਮੇਂ-ਸਮੇਂ ਤੇ ਤਬਦੀਲੀ ਹੀ ਕਰ ਸਕਦੀ ਹੈ ਜਿਸ ਨਾਲ ਅਸਲ ਲੋਕਤੰਤਰ ਨਹੀਂ ਆ ਸਕਦਾ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਰੁਪਿੰਦਰ ਗਾਂਧੀ, ਵਿੱਕੀ ਗੌਂਡਰ, ਜੈਪਾਲ ਸਿੰਘ ਆਦਿ ਚੰਗੇ ਪਰਿਵਾਰਾਂ ਦੇ ਮਿਹਨਤੀ ਮੁੰਡੇ ਸਨ। ਇਨ੍ਹਾਂ ਵਿਚੋਂ ਕਈ ਵਧੀਆ ਖਿਡਾਰੀ ਵੀ ਸਨ। ਕਈ ਤਾਂ ਵਿਦੇਸ਼ ਜਾਣ ਦੀ ਤਿਆਰੀ ਵਿਚ ਵੀ ਸਨ। ਇਹ ਮੁੰਡੇ ਸਾਡੇ ਪੰਜਾਬ ਵਿਚ ਫੈਲੇ ਨਸ਼ੇ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰੀ ਰਾਜਨੀਤੀ ਦੇ ਪੀੜਤ ਸਨ ਜਿਨ੍ਹਾਂ ਅਪਣੀ ਨਿਰਾਸ਼ ਜ਼ਿੰਦਗੀ ਨੂੰ ਗ਼ਲਤ ਰਸਤੇ ਪਾ ਦਿਤਾ। ਉਨ੍ਹਾਂ ਵਿਚੋਂ ਕਈਆਂ ਦਾ ਨਾਮ ਇਕ ਸਿਆਸੀ ਪਾਰਟੀ ਦੇ ਨੌਜਵਾਨ ਵਿੰਗ ਨਾਲ ਜੋੜਿਆ ਜਾਂਦਾ ਹੈ। ਸਾਰੇ ਦੇ ਸਾਰੇ ਆਪ ਨਸ਼ੇ ਕਰਦੇ ਹਨ। ਇਹ ਮੁੰਡੇ ਸਾਡੇ ਸਮਾਜ ਵਿਚ ਸਿਆਸੀ ਤੇ ਅਫ਼ਸਰਸ਼ਾਹੀ ਦੀ ਅੰਨ੍ਹੀ ਲੁੱਟ ਵਿਚੋਂ ਜਨਮੇ ਹਨ। ਇਹ ਭ੍ਰਿਸ਼ਟਾਚਾਰੀ ਸਿਆਸੀ ਪ੍ਰਬੰਧ ਕੌਣ ਤੋੜੇਗਾ? ਆਖਿਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਤੇ ਨਸ਼ਿਆਂ ਨੂੰ ਨੱਥ ਪਾਉਣ ਲਈ ਲੋਕਾਂ ਨੂੰ ਸਾਹਮਣੇ ਆਉਣਾ ਪਵੇਗਾ।

# ਕੋਰੋਨਾ ਮਹਾਂਮਾਰੀ ਦਾ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਦੇ ਸਬੰਧ ਵਿੱਚ ਯੂ ਕੇ ਦੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦੀ ਅਹਿਮ ਮੀਟਿੰਗ



ਸ: ਗੁਰਮੇਲ ਸਿੰਘ ਮੱਲ੍ਹੀ, ਸ: ਮੇਜਰ ਸਿੰਘ ਬਾਸੀ, ਸ: ਰਾਜਮਨਵਿੰਦਰ ਸਿੰਘ ਕੰਗ

ਡਰਬੀ-(ਪੰਜਾਬ ਟਾਈਮਜ਼)-ਕੋਰੋਨਾ ਵਾਇਰਸ ਦੀ ਕਰੋਪੀ ਕਰਕੇ ਯੂ.ਕੇ. ਦੇ ਸਾਰੇ ਗੁਰਦੁਆਰਾ ਸਾਹਿਬ ਬੰਦ ਹਨ। ਕੁਝ ਗੁਰ-ਦੁਆਰੇ ਸਵੇਰੇ ਤੇ ਸ਼ਾਮ ਪ੍ਰਕਾਸ਼ ਤੇ ਸੁਖ ਆਸਨ ਤੇ ਦਿਨ ਵੇਲੇ ਸਹਿਜ ਪਾਠ ਜਾਂ ਸੁਖਮਨੀ ਸਾਹਿਬ ਦੇ ਪਾਠ ਗੁਰੂ ਘਰ ਦੇ ਗਿਆਨੀ ਜਾਂ ਸੰਗਤ ਵਿੱਚੋਂ ਗੁਰਸਿੱਖ ਕਰਦੇ ਹਨ। ਸਰਕਾਰ ਵੱਲੋਂ ਸਾਰੇ ਧਰਮਾਂ ਦੇ ਧਾਰਮਿਕ ਅਸਥਾਨ ਬੰਦ ਕਰਨ ਦੀ ਹਦਾਇਤ ਹੈ। ਸੰਗਤਾਂ ਗੁਰੂ ਘਰ ਨਹੀਂ ਆ ਸਕਦੀਆਂ। ਅਜੇ ਲੰਮਾਂ ਸਮਾਂ ਨਾਰਮਲ ਸਥਿਤੀ ਹੋਣ ਨੂੰ ਲੱਗ ਸਕਦਾ। ਲੰਡਨ ਦੇ ਕੁਝ ਗੁਰੂ ਘਰਾਂ ਦੀ ਮੀਟਿੰਗ ਹੋਈ। ਉਸ ਵਿੱਚ ਪਾਸ ਹੋਇਆ ਸੀ ਯੂ.ਕੇ. ਦੇ ਸਾਰੇ ਗੁਰੂ ਘਰਾਂ ਦੀ ਮੀਟਿੰਗ ਸੱਦੀ ਜਾਵੇ। ਉਨ੍ਹਾਂ ਨੇ ਜ਼ਿੰਮੇਵਾਰੀ ਸ: ਗੁਰਮੇਲ ਸਿੰਘ ਮੱਲ੍ਹੀ ਮੁੱਖ ਸੇਵਾਦਾਰ ਸਿੰਘ ਸਭਾ ਸਾਊਥਾਲ ਦੀ ਲਾਈ ਸੀ। ਸ: ਗੁਰਮੇਲ ਸਿੰਘ ਮੱਲ੍ਹੀ ਵੱਲੋਂ ਮੀਟਿੰਗ ਲਈ ਯੂ.ਕੇ. ਦੇ ਬਹੁਤ ਸਾਰੇ ਗੁਰੂ ਘਰ ਦੀ ਟੈਲੀਫੋਨ ਕਾਨਫਰੰਸ 'ਤੇ ਮੀਟਿੰਗ ਸ਼ੁੱਕਰਵਾਰ ਨੂੰ ਹੋਈ, ਜਿਸ ਵਿੱਚ 50 ਦੇ ਕਰੀਬ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਹਿੱਸਾ ਲਿਆ । ਇਹ ਮੀਟਿੰਗ 7 ਤੋਂ ਲੈਕੇ 9 ਵਜੇ ਤੱਕ ਹੋਈ। ਸਾਰੇ ਗੁਰੂ ਘਰਾਂ ਦੇ ਸੇਵਾਦਾਰਾਂ ਨੇ ਆਪਣੇ ਆਪਣੇ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਆਮ ਲੋਕਾਂ ਲਈ ਲੰਗਰ ਦੀਆਂ ਸੇਵਾਵਾਂ ਤੇ ਯੂ.ਕੇ. ਦੇ ਹਸਪਤਾਲਾਂ ਦੇ ਸਟਾਫ ਲਈ PPE ਕਿੱਟਾਂ ਸਪਲਾਈ ਕਰਨ ਤੇ ਮਾਇਕ ਮਦਦ ਬਾਰੇ ਵੀ ਜਾਣਕਾਰੀ ਦਿੱਤੀ। ਗੁਰਦੁਆਰਾ ਸਾਹਿਬ ਵਿੱਚ ਘੱਟ ਆਮਦਨ ਤੇ ਵੱਧ ਖਰਚੇ ਦੀ ਜਾਣਕਾਰੀ ਦਿੱਤੀ ਗਈ। ਗੁਰੂ ਘਰਾਂ ਦੇ ਕਰਜ਼ੇ ਲਈ ਬੈਂਕਾਂ ਨੂੰ ਸਿਰਫ਼ ਤੁਸੀਂ ਵਿਆਜ਼ ਹੀ ਦੇ ਸਕਦੇ ਹੋ ਇਹ ਵੀ ਜਾਣਕਾਰੀ ਦਿੱਤੀ ਗਈ । ਗੁਰੂ ਘਰ ਵਿੱਚ ਗਿਆਨੀ ਸਾਹਿਬਾਨ ਤੇ ਵਰਕਰਾਂ ਲਈ ਸਰਕਾਰ ਵੱਲੋਂ 80 ਫੀਸਦੀ ਤਨਖਾਹ ਦੇਣ ਦੀ ਜਾਣਕਾਰੀ ਦਿਤੀ। ਜੇ ਗਿਆਨੀ ਸਾਹਿਬਾਨ ਘੱਟ ਘੰਟੇ ਡਿਊਟੀ ਦਿੰਦੇ ਹਨ ਤੇ ਬਾਕੀ ਘੰਟਿਆਂ ਲਈ ਤੁਸੀਂ ਕਾਨੂੰਨ ਤਹਿਤ ਸਰਕਾਰ ਪਾਸੋਂ 80 ਫੀਸਦੀ ਤਨਖਾਹ ਲੈ ਸਕਦੇ ਹੋ। ਸ: ਮੱਲ੍ਹੀ ਨੇ ਦੱਸਿਆ ਕਿਸੇ ਨੂੰ ਕੋਈ ਜਾਣਕਾਰੀ ਚਾਹੀਦੀ ਹੋਵੇ ਤਾਂ ਸਾਨੂੰ ਸੰਪਰਕ ਕਰ ਸਕਦੇ ਹੋ। ਕੁਝ ਲੋਕ ਗੁਰੂ ਘਰਾਂ ਬਾਰੇ ਗਲਤ ਅਫਵਾਹਾਂ ਫੈਲਾਉਂਦੇ ਹਨ ਕਿ ਗੁਰੂ ਘਰਾਂ ਨੂੰ ਸਹਿਯੋਗ ਨਾ ਦਿਉ ਸਾਨੂੰ ਦਿਉ ਅਸੀਂ ਜ਼ਿਆਦਾ ਸੇਵਾਵਾਂ ਕਰਦੇ ਹਾਂ। ਇਸ ਦੀ ਨਿਖੇਧੀ ਕੀਤੀ ਗਈ ਤੇ ਉਨ੍ਹਾਂ ਸੰਸਥਾਵਾਂ ਨਾਲ ਵੀ ਵਿਚਾਰ ਵਟਾਂਦਰਾ ਕਰਨ ਦੀ ਵਿਚਾਰ ਹੋਈ। ਯੂ.ਕੇ. ਦੇ ਗੁਰਦੁਆਰਾ ਸਾਹਿਬ 60-70 ਸਾਲ ਪਹਿਲਾਂ ਸਿੱਖ ਸੰਗਤਾਂ ਵੱਲੋਂ ਬਣਾਏ ਗਏ। ਇਸੇ ਕਰਕੇ ਇਥੇ ਸਿੱਖੀ ਦਾ ਪ੍ਰਚਾਰ ਜ਼ਿਆਦਾ ਹੈ। ਗੁਰੂ ਘਰਾਂ ਤੋਂ ਇਲਾਵਾ ਸਪੋਰਟ ਸੈਂਟਰ, ਜਿੰਮ, ਮਿਊਜ਼ੀਅਮ ਤੇ ਸਮੇਂ ਸਮੇਂ ਪੰਜਾਬ ਵਿੱਚ ਸਿੱਖੀ ਪ੍ਰਚਾਰ ਤੇ ਸਦਾ ਔਖੇ ਸਮੇਂ ਗੁਰੂ ਘਰਾਂ ਵੱਲੋਂ ਸੇਵਾਵਾਂ ਹੁੰਦੀਆਂ ਰਹਿੰਦੀਆਂ ਹਨ, ਜਿਹੜੀਆਂ ਸੰਸਥਾਵਾਂ ਹੋਰ ਸੇਵਾਵਾਂ ਕਰਦੀਆਂ ਹਨ ਉਹ ਆਪਣਾ ਕੰਮ ਕਰਨ, ਗੁਰੂ ਘਰਾਂ ਦੀਆਂ ਸੇਵਾਵਾਂ ਬਾਰੇ ਗਲਤ ਅਫਵਾਹਾਂ ਨਾ ਫੈਲਾਉਣ। ਜਿਹੜੇ ਹੋਰ ਸੁਝਾਅ ਆਏ ਸਨ ਉਹ ਗੁਰਦੁਆਰਾ ਸਾਹਿਬ ਵਿੱਚ ਦੂਰੀ ਬਣਾ ਕੇ ਰੱਖਣ (ਡਿਸਟੈਂਸ) ਲੰਗਰ ਤਿਆਰ ਕਰਨ ਸਮੇਂ, ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਵੇਲੇ ਸਿਰਫ਼ ਖੜ੍ਹੇ ਨਮਸਕਾਰ ਕਰਨ, ਹਾਈਜੀਨ ਤੇ ਗੁਰੂ ਘਰ ਵਿੱਚ ਸੰਗਤ ਇਕ ਪਾਸੇ ਗੁਰੂ ਘਰ ਆਏ ਤੇ ਦੂਜੇ ਪਾਸੇ ਦਰਵਾਜੇ ਪੌੜੀਆਂ ਵਾਪਸ ਜਾਣ ਲਈ ਤਬਦੀਲੀ ਕੀਤੀ ਜਾਵੇ। ਪ੍ਰਚਾਰ ਲਈ ਇੰਟਰਨੈੱਟ, ਰੇਡੀਉ ਜਾਂ ਯੂ ਟਿਊਬ ਦੀ ਵਰਤੋਂ ਤੇ ਗੁਰੂ ਘਰ ਦੀ ਸੰਗਤ ਲਈ ਮਾਸਕ, ਸੈਨੇਟਾਈਜ਼ਰ ਤੇ ਟੈਂਪਰੇਚਰ ਚੈੱਕ ਕਰਨ ਦੀਆਂ ਸਹੂਲਤਾਂ ਦਾ ਪ੍ਰਬੰਧ ਗੁਰੂ ਘਰ ਕਰਨ । ਆਉਣ ਵਾਲੇ ਸਮੇਂ ਹੋਰ ਮੀਟਿੰਗ, ਨੌਰਥ ਤੇ ਮਿਡਲੈਂਡ ਵਿੱਚ ਹੋਣ ਬਾਰੇ ਵੀ ਵਿਚਾਰ ਹੋਈ। ਯੂ.ਕੇ. ਸਰਕਾਰ ਦੇ ਹੈਲਥ ਮਨਿਸਟਰ ਨਾਲ ਮੀਟਿੰਗ ਵੀ ਕੀਤੀ ਜਾਵੇਗੀ।

ਮੀਟਿੰਗ ਵਿੱਚ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲ੍ਹੀ, ਲੈਸਟਰ ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਰਾਜਮਨਵਿੰਦਰ ਸਿੰਘ ਕੰਗ, ਲੈਸਟਰ ਤੋਂ ਸ: ਅਮਰੀਕ ਸਿੰਘ ਗਿੱਲ, ਸ: ਰਾਜਿੰਦਰ ਸਿੰਘ ਪੁਰੇਵਾਲ, ਰਣਜੀਤ ਸਿੰਘ ਸੀਹਾ, ਇਕਬਾਲ ਸਿੰਘ, ਬਾਰਕਿੰਗ ਗੁਰਦੁਆਰਾ ਸਾਹਿਬ ਤੋਂ ਸ: ਮੇਜਰ ਸਿੰਘ ਬਾਸੀ, ਸ: ਜਸਪਾਲ ਸਿੰਘ, ਸ: ਸੁਰਿੰਦਰ ਸਿੰਘ ਚਾਹਲ, ਈਰਥ ਕੈਂਟ, ਸ: ਜਗਦੇਵ ਸਿੰਘ ਵਿਰਦੀ ਗਰੇਵਜ਼ੈਂਟ, ਸ: ਜਗਜੀਤ ਸਿੰਘ, ਸ: ਸੁਰਿੰਦਰ ਸਿੰਘ ਭੰਵਰਾ, ਡਾ: ਪਿਆਰਾ ਸਿੰਘ ਭੋਗਲ, ਸ: ਗੁਰਪ੍ਰੀਤ ਸਿੰਘ, ਸ: ਤਰਸੇਮ ਸਿੰਘ ਚੱਗਰ, ਸ: ਕੁਲਦੀਪ ਸਿੰਘ ਭੰਵਰਾ ਤੋਂ ਇਲਾਵਾ 50 ਦੇ ਕਰੀਬ ਬੁਲਾਰਿਆਂ ਨੇ ਆਪਣੇ ਸੁਝਾਅ ਦਿੱਤੇ। ਅੰਤ ਵਿੱਚ ਸ: ਗੁਰਮੇਲ ਸਿੰਘ ਮੱਲ੍ਹੀ ਵੱਲੋਂ ਸਮੂਹ ਗੁਰੂ ਘਰ ਦੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਤੇ ਆਉਣ ਵਾਲੇ ਸਮੇਂ ਸਰਕਾਰ ਨਾਲ ਹੋਰ ਮੀਟਿੰਗਾਂ ਬਾਰੇ ਵੀ ਜਾਣਕਾਰੀ ਦੇਣਗੇ।

VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

ਵੁਲਵਰਹੈਂਪਟਨ, ਵਾਲਸਾਲ, ਵਿਲਨਹਾਲ, ਵੈਸਟ ਬ੍ਰਾਮਵਿਚ ਅਤੇ ਮਾਨਚੈਸਟਰ ਵਿਖੇ ਇਮਾਰਤਸਾਜ਼ੀ (ਬਿਲਡਿੰਗ) ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ। ਕਾਮੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ । ਸਾਨੂੰ ਸਬ-ਕੰਟਰੈਕਟਰ ਅਤੇ ਕੰਕਰੀਟ ਫ਼ਿਨਿਸ਼ਰ ਵੀ ਚਾਹੀਦੇ ਹਨ । ਸੀ ਐਸ ਸੀ ਐਸ (CSCS) ਕਾਰਡ ਵਾਲੇ
ਮਿ: ਰੰਧਾਵਾ ਨਾਲ ਸੰਪਰਕ ਕਰਨ





Workers, Sub-Contractors and Concrete Finishers Required around Wolverhampton, Walsall, Willenhall, West Bromwich, Smethwick and Manchester, for work on Construction Sites.
Candidates must have right to work in U.K. and CSCS card.

FOR INFORMATION PLEASE CONTACT:
MR. RANDHAWA MO: 07891 908007

JSR CONTRACTS LTD.
4 GLYN AVENUE, BILSTON, WV14 8NL
Tel/Fax: 01902 497 404 Email: info@jsrcontractsltd.co.uk

ਤੰਦਰੁਸਤ ਸਰੀਰ ਵਿਚ ਤੰਦਰੁਸਤ ਮਨ
ਮਰਦਾਨਾ ਅਤੇ ਔਰਤਾਂ ਵਾਸਤੇ ਇਕ ਖਾਸ ਤੋਹਫ਼ਾ

ਟਾਈਗਰ ਫੋਰਸ
ਇਕ ਵਾਰ ਖਾਓਗੇ ਤਾਂ ਵਾਰ ਵਾਰ ਆਓਗੇ



ਇਹ ਯੋਗ 41 ਜੜ੍ਹੀ ਬੂਟੀਆਂ ਅਤੇ ਭਸਮਾਂ ਦੇ ਮਿਸ਼ਰਣ ਨਾਲ ਆਯੁਰਵੈਦਿਕ ਸ਼ਾਸਤਰਾਂ ਅਨੁਸਾਰ ਤਿਆਰ ਕੀਤਾ ਗਿਆ ਹੈ, ਇਹ ਹਰ ਤਰ੍ਹਾਂ ਦੀ ਸਰੀਰਕ ਕਮਜ਼ੋਰੀ, ਨਮਰਦੀ, ਔਰਤਾਂ ਵਿੱਚ ਠੰਢੇਪਨ ਨੂੰ ਦੂਰ ਕਰਦਾ ਹੈ । ਟਾਈਗਰ ਫੋਰਸ ਕਿਸੇ ਵੀ ਮੌਸਮ ਵਿਚ ਲੈ ਸਕਦੇ ਹੋ, ਪਰ ਸਰਦੀ ਦੀ ਰੁੱਤ ਵਿਚ ਲਿਆ ਜਾਵੇ ਤਾਂ ਬਹੁਤ ਅੱਛਾ ਹੈ। ਇਸ ਦਾ ਕੋਈ ਸਾਈਡ ਇਫੈਕਟ (ਬੁਰਾ ਪ੍ਰਭਾਵ) ਨਹੀਂ ਹੁੰਦਾ।

ਔਰਤਾਂ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਅੰਗਾਂ ਦੇ ਵਿਕਾਸ ਵਾਸਤੇ ਵੀ ਇਲਾਜ ਕੀਤਾ ਜਾਂਦਾ ਹੈ।

ਅਸੀਂ ਹਰ ਬਿਮਾਰੀ ਦਾ ਤਸੱਲੀਬਖਸ਼ ਇਲਾਜ਼ ਕਰਦੇ ਹਾਂ ਅਤੇ ਸਾਡੀਆਂ ਦਵਾਈਆਂ ਦਾ ਕੋਈ ਬੁਰਾ ਪ੍ਰਭਾਵ ਨਹੀਂ ਹੈ, ਅਸੀਂ ਆਪ ਖੋਜ ਕਰਕੇ ਦਵਾਈਆਂ ਖੁਦ ਆਪ ਤਿਆਰ ਕਰਦੇ ਹਾਂ !!

ਵਧੇਰੇ ਜਾਣਕਾਰੀ ਅਤੇ ਦਵਾਈ ਮੰਗਵਾਉਣ ਲਈ ਹੇਠਾਂ ਦਿੱਤੇ ਨੰਬਰ 'ਤੇ ਪ੍ਰੋ: ਮਹਿੰਦਰ ਸਿੰਘ ਸੋਖੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Prof. Mohinder Singh Sokhi
M.D., B.A.M.S., A.R., B.M.S., M.D.M.S., F.I.A.M.A.

Mob : 07761 064 541
Mob : 07979 808 110

**ਵਿਚਾਰ :–** ਅਸੀਂ ਲਗਭਗ ਕਿਸੇ ਵੀ ਗੱਲ, ਸ਼ੌਂਕ, ਵਰਤਾਰੇ ਜਾਂ ਸੁਆਦ ਉੱਤੇ ਸਹਿਮਤੀ ਨਾ ਹੋਣ ਦੇ ਬਾਵਜੂਦ 40 ਸਾਲ ਲੰਘਾ ਲਏ। ਇਸ ਦਾ ਕਾਰਣ, ਦੂਸਰੇ ਨੂੰ ਆਪਣੇ ਵਰਗਾ ਬਨਾਉਣ ਦੀ ਇੱਛਾ ਹੀ ਨਹੀਂ ਸੀ, ਬੱਸ ਆਪਣੇ ਆਪ ਨੂੰ ਆਪਣੇ ਵਰਗਾ ਹੀ ਬਣੇ ਰਹਿਣ ਦੇਣ ਦੀ ਖਾਹਿਸ਼ ਸੀ–ਜਨਮੇਜਾ ਸਿੰਘ ਜੌਹਲ



# ਭਾਰਤ ਦੀ ਪੱਤਰਕਾਰੀ ਕਿੰਨੀ ਕੁ ਆਜ਼ਾਦ ਤੇ ਦਰਬਾਰੀ ਪੱਤਰਕਾਰੀ ਦਾ ਭਵਿੱਖ

ਭਾਰਤ ਦੀ ਪੱਤਰਕਾਰੀ ਬਾਰੇ ਭਾਰਤੀ ਸਮਾਜ ਵਿਚ ਬਹੁਤ ਸਾਰੇ ਕਿੰਤੂ ਪ੍ਰੰਤੂ ਹੋ ਰਹੇ ਹਨ। ਨਿਰਪੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਰਤ ਦੀ ਪੱਤਰਕਾਰੀ ਆਜ਼ਾਦ ਨਹੀਂ ਹੈ ਤੇ ਵੱਡੀ ਪੱਧਰ 'ਤੇ ਇਹ ਦਰਬਾਰੀ ਪੱਤਰਕਾਰੀ ਵਿਚ ਤਬਦੀਲ ਹੋ ਚੁੱਕੀ ਹੈ। ਕਹਿਣ ਵਾਲੇ ਸਾਧਾਰਨ ਲੋਕ ਇਸ ਨੂੰ ਗੋਦੀ ਮੀਡੀਆ ਵੀ ਕਹਿੰਦੇ ਹਨ। ਜਦੋਂ ਅਸੀਂ ਟੀਵੀ ਚੈਨਲਾਂ 'ਤੇ ਇਹੋ ਜਿਹੇ ਗੋਦੀ ਮੀਡੀਆ ਨਾਲ ਜੁੜੇ ਪੱਤਰਕਾਰਾਂ ਨੂੰ ਝੂਠ ਦੀ ਪੱਤਰਕਾਰੀ ਪੇਸ਼ ਕਰਦੇ ਤੇ ਸ਼ੋਅਲੇ ਫਿਲਮ ਦੇ ਗੱਬਰ ਸਿੰਘ ਵਰਗੇ ਡਾਇਲਾਗ ਮਾਰਦੇ ਦੇਖੀਦਾ ਹੈ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਇਹ ਭਾਰਤੀ ਜਮਹੂਰੀਅਤ ਦਾ ਜਲੂਸ ਕੱਢ ਰਹੇ ਹਨ। ਇਹ ਸਿਧਾਂਤਕ ਤੇ ਨਿਰਪੱਖ ਪੱਤਰਕਾਰੀ ਨਹੀਂ ਹੈ, ਜਿਸ ਦੌਰਾਨ ਤੁਸੀਂ ਲੋਕਾਂ ਦੇ ਹਿੱਤ ਦੇ ਵਿਰੋਧ ਵਿਚ ਖੜੇ ਹੋਵੋ ਅਤੇ ਘੱਟ ਗਿਣਤੀਆਂ ਨੂੰ ਬਦਨਾਮ ਕਰਕੇ ਇਕਪਾਸੜ ਭੂਮਿਕਾ ਨਿਭਾਓ। ਲੋਕਾਂ ਦੀ ਪਹਿਰੇਦਾਰੀ ਕਰਨਾ ਹੀ ਅਸਲ ਪੱਤਰਕਾਰੀ ਹੈ। ਜੇ ਤੁਹਾਨੂੰ ਕਿਸੇ ਅਹੁਦੇ ਤੇ ਕਿਸੇ ਮਾਇਆ ਦਾ ਲਾਲਚ ਨਹੀਂ ਤਾਂ ਹੀ ਤੁਸੀਂ ਮਹਾਨ ਪੱਤਰਕਾਰ ਹੋ ਸਕਦੇ ਹੋ। ਜੇਕਰ ਤੁਸੀਂ ਪ੍ਰੈਸ ਦੀ ਆਜ਼ਾਦੀ ਆਪ ਖਤਮ ਕਰ ਰਹੇ ਹੋ ਤਾਂ ਤੁਸੀਂ ਲੋਕਾਂ ਲਈ, ਆਪਣੇ ਲਈ, ਆਪਣੇ ਦੇਸ ਲਈ ਕਾਲਾ ਭਵਿੱਖ ਬੁਣ ਰਹੇ ਹੋ। ਇਸੇ ਲਈ ਕਿਹਾ ਜਾਂਦਾ ਹੈ ਕਿ ਅਖਬਾਰ ਜਾਂ ਮੀਡੀਆ ਜਾਂ ਪ੍ਰੈਸ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਸੱਚ ਦੀ ਪੱਤਰਕਾਰੀ ਹੀ ਆਦਰਸ਼ਵਾਦੀ ਸਮਾਜ ਤੇ ਸਿਆਸਤ ਦੀ ਸਿਰਜਣਾ ਕਰ ਸਕਦੀ ਹੈ। ਪ੍ਰੈਸ ਦੀ ਸੁਤੰਤਰਤਾ ਇਸੇ ਲਈ ਜ਼ਰੂਰੀ ਹੁੰਦੀ ਹੈ ਤਾਂ ਜੋ ਮਨੁੱਖੀ ਅਧਿਕਾਰ ਤੇ ਲੋਕਤੰਤਰ ਕਾਇਮ ਰਹਿ ਸਕੇ। ਪੱਤਰਕਾਰ ਨੂੰ ਉਤੇਜਿਤ ਵਿਚਾਰ ਤੋਂ ਬਚਣਾ ਚਾਹੀਦਾ ਹੈ। ਜਿੰਨਾ ਉਹ ਸ਼ਾਂਤ ਵਿਚਾਰ ਪੇਸ਼ ਕਰੇਗਾ, ਓਨਾ ਹੀ ਉਸ ਦੀ ਪੱਤਰਕਾਰੀ ਤੇ ਭਾਸ਼ਾ ਵਿਚ ਦਮ ਹੋਵੇਗਾ। ਉਹ ਭਾਸ਼ਾ ਅਸਰਦਾਰ ਵੀ ਹੋਵੇਗੀ ਤੇ ਲੋਕ ਵੀ ਕਬੂਲਣਗੇ। ਭੜਕਾਊ ਭਾਸ਼ਾ ਹਮੇਸ਼ਾ ਸਮਾਜ ਨੂੰ ਬੇਚੈਨ ਕਰਦੀ ਹੈ ਤੇ ਸਮਾਜ ਦਾ ਬੇੜਾ ਗਰਕ ਕਰਦੀ ਹੈ। ਇਸ ਲਈ ਮੀਡੀਆ ਤੇ ਪੱਤਰਕਾਰ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ।

ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਕਾਫੀ ਪਿੱਛੇ ਹੈ। ਬੀਤੇ ਦਿਨੀਂ ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ ਵਿਚ 180 ਦੇਸ਼ਾਂ ਦੀ ਸੂਚੀ ਜਾਰੀ ਹੋਈ ਸੀ, ਜਿਸ ਵਿਚ ਭਾਰਤ 142ਵੇਂ ਨੰਬਰ 'ਤੇ ਹੈ। ਪਿਛਲੇ ਚਾਰ ਸਾਲਾਂ ਤੋਂ ਭਾਰਤ ਲਗਾਤਾਰ ਪਛੜ ਰਿਹਾ ਹੈ। ਨੇਪਾਲ (112), ਸ਼੍ਰੀਲੰਕਾ (127), ਮਿਆਂਮਾਰ (139) ਤੋਂ ਵੀ ਭਾਰਤ ਪਿੱਛੇ ਹੈ। ਹਾਲਾਂਕਿ ਪਾਕਿਸਤਾਨ (145), ਬੰਗਲਾਦੇਸ਼ (151) ਤੇ ਚੀਨ (177) ਤੋਂ ਭਾਰਤ ਦੀ ਸਥਿਤੀ ਬਿਹਤਰ ਹੈ। ਇੱਕ ਰਿਪੋਰਟ ਮੁਤਾਬਕ ਭਾਰਤ ਵਿਚ 2014 ਤੋਂ 2019 ਤਕ ਪੱਤਰਕਾਰਾਂ 'ਤੇ ਲਗਾਤਾਰ 198 ਹਮਲੇ ਹੋਏ ਹਨ। ਇਨ੍ਹਾਂ ਵਿਚੋਂ 36 ਹਮਲੇ 2019 ਵਿਚ ਹੋਏ। 40 ਹਮਲਿਆਂ ਵਿਚ ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ, ਇਨ੍ਹਾਂ ਵਿਚ 21 ਕਤਲ ਸਿੱਧੇ ਤੌਰ 'ਤੇ ਖ਼ਬਰ ਛਾਪਣ ਤੋਂ ਨਾਰਾਜ਼ ਹੋਣ 'ਤੇ ਕੀਤੇ ਗਏ। ਕੁੱਲ ਹਮਲਿਆਂ ਦੇ ਇਕ ਤਿਹਾਈ ਵਿਚ ਐਫਆਈਆਰ ਤਕ ਦਰਜ ਨਹੀਂ ਹੋਈ।

ਦੁਨੀਆਂ ਭਰ ਦੇ ਕਈ ਦੇਸ਼ਾਂ ਵਿਚ ਪੱਤਰਕਾਰਾਂ ਤੇ ਪ੍ਰੈੱਸ 'ਤੇ ਅੱਤਿਆਚਾਰ ਹੁੰਦਾ ਹੈ। ਮੀਡੀਆ ਸੰਗਠਨਾਂ ਨੂੰ ਸਰਕਾਰਾਂ ਪਰੇਸ਼ਾਨ ਕਰਦੀਆਂ ਹਨ। ਇਸ਼ਤਿਹਾਰ ਬੰਦ ਕਰਕੇ ਆਰਥਿਕ ਰੂਪ ਤੋਂ ਨੁਕਸਾਨ ਪਹੁੰਚਾਇਆ ਜਾਂਦਾ ਹੈ। ਪੱਤਰਕਾਰਾਂ 'ਤੇ ਹਮਲੇ ਕੀਤੇ ਜਾਂਦੇ ਹਨ। ਇਸ ਦੇ ਮੱਦੇਨਜ਼ਰ ਯੂਨੈਸਕੋ ਨੇ 1993 ਵਿਚ ਵਰਲਡ ਪ੍ਰੈੱਸ ਫਰੀਡਮ ਡੇਅ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਯੂਨੈਸਕੋ ਹਰ ਸਾਲ ਇਸ ਦਾ ਥੀਮ ਤੇ ਮੇਜ਼ਬਾਨ ਦੇਸ਼ ਤੈਅ ਕਰਦਾ ਹੈ। ਇਸ ਸਾਲ ਦਾ ਥੀਮ 'ਸੇਫਟੀ ਆਫ਼ ਜਰਨਲਿਸਟ ਪ੍ਰੈਸ ਫ੍ਰੀਡਮ ਐਂਡ ਮੀਡੀਆ ਕੈਪਚਰ' ਰੱਖਿਆ ਗਿਆ ਤੇ ਮੇਜ਼ਬਾਨੀ ਨੀਦਰਲੈਂਡ ਨੂੰ ਮਿਲੀ ਹੈ। ਅਫਰੀਕਾ ਵਿਚ ਪੱਤਰਕਾਰਾਂ ਨੇ 1991 ਵਿਚ ਪ੍ਰੈੱਸ ਦੀ ਆਜ਼ਾਦੀ ਨੂੰ ਲੈ ਕੇ ਇੱਕ ਪਹਿਲ ਕੀਤੀ ਸੀ। ਯੂਨੈਸਕੋ ਨੇ ਇਸ ਸਬੰਧੀ ਨਾਮੀਬੀਆ ਵਿਚ ਇਕ ਸੰਮੇਲਨ ਕੀਤਾ ਸੀ। ਇਹ ਸੰਮੇਲਨ 29 ਅਪ੍ਰੈਲ ਤੋਂ ਤਿੰਨ ਮਈ ਤਕ ਚੱਲਿਆ ਸੀ। ਇਸ ਮਗਰੋਂ ਪ੍ਰੈਸ ਦੀ ਆਜ਼ਾਦੀ ਨਾਲ ਜੁੜਿਆ ਇਕ ਬਿਆਨ ਜਾਰੀ ਕੀਤਾ ਗਿਆ ਸੀ। ਇਸ ਨੂੰ 'ਡੈਕਲੇਰੇਸ਼ਨ ਆਫ਼ ਵਿੰਡੋਕ' ਕਿਹਾ ਜਾਂਦਾ ਹੈ।

ਇਸ ਸੰਮੇਲਨ ਦੀ ਦੂਜੀ ਐਨੀਵਰਸਰੀ ਤੇ 1993 ਵਿਚ ਯੂਨੈਸਕੋ ਅਤੇ ਸੰਯੁਕਤ ਰਾਸ਼ਟਰ ਮਹਾਸਭਾ ਨੇ ਹਰ ਸਾਲ ਤਿੰਨ ਮਈ ਨੂੰ ਵਰਲਡ ਪ੍ਰੈੱਸ ਫ੍ਰੀਡਮ ਡੇਅ ਮਨਾਉਣ ਦਾ ਫੈਸਲਾ ਲਿਆ ਸੀ। 2020 ਦੇ ਵਰਲਡ ਪ੍ਰੈਸ ਫਰੀਡਮ ਇੰਡੈਕਸ ਵਿਚ ਨੌਰਵੇ ਪਹਿਲੇ ਸਥਾਨ 'ਤੇ ਅਤੇ ਨੌਰਥ ਕੋਰੀਆ ਆਖਰੀ ਨੰਬਰ 'ਤੇ ਹੈ। ਨੌਰਵੇ ਚਾਰ ਸਾਲ ਤੋਂ ਲਗਾਤਾਰ ਪਹਿਲੇ ਸਥਾਨ 'ਤੇ ਕਾਬਜ਼ ਹੈ। ਦੁਨੀਆਂ ਭਰ ਵਿਚ ਪੱਤਰਕਾਰਾਂ ਦੀ ਸੁਰੱਖਿਆ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਦੇ ਮਹਾਸਕੱਤਰ ਕ੍ਰਿਸਟੋਫ ਡੇਲੋਏਰ ਨੇ ਕਿਹਾ ਸੀ ਕਿ ਕੋਰੋਨਾ ਮਹਾਮਾਰੀ ਨੇ ਦੁਨੀਆਂ ਭਰ ਦੇ ਮੀਡੀਆ 'ਤੇ ਗਲਤ ਅਸਰ ਪਾਇਆ ਹੈ। ਚੀਨ, ਇਰਾਨ ਤੇ ਇਰਾਕ ਸਮੇਤ ਕਈ ਅਜਿਹੇ ਦੇਸ਼ ਹਨ ਜਿੱਥੇ ਦੇ ਮੀਡੀਆ ਨੇ ਸਰਕਾਰ ਦੇ ਦਬਾਅ ਵਿਚ ਸਹੀ ਜਾਣਕਾਰੀ ਨਹੀਂ ਦਿੱਤੀ। ਇਰਾਨ ਵਿਚ ਕੋਰੋਨਾ ਦੇ ਅਧਿਕਾਰਤ ਅੰਕੜਿਆਂ 'ਤੇ ਸਵਾਲ ਚੁੱਕਣ ਵਾਲੀ ਸਟੋਰੀ ਪ੍ਰਕਾਸ਼ਤ ਕਰਨ 'ਤੇ ਨਿਊਜ਼ ਏਜੰਸੀ ਰਾਇਟਰਸ ਦਾ ਲਾਇਸੈਂਸ ਤਿੰਨ ਮਹੀਨੇ ਲਈ ਰੱਦ ਕਰ ਦਿੱਤਾ ਗਿਆ ਸੀ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੁਆਰਾ ਤਿਆਰ ਕੀਤੀ ਗਈ 2020 ਦੀ ਵਿਸ਼ਵ ਪ੍ਰੈਸ ਸੁਤੰਤਰਤਾ ਸੂਚੀ, ਕੋਰੋਨਾ ਪੀਰੀਅਡ ਵਿੱਚ ਪ੍ਰੈਸ ਦੀ ਆਜ਼ਾਦੀ ਸੰਬੰਧੀ ਦਰਪੇਸ਼ ਚੁਣੌਤੀਆਂ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਦੇਸ਼ਾਂ ਨੇ ਇਸ ਵਿਸ਼ਵਵਿਆਪੀ ਮਹਾਂਮਾਰੀ ਦੇ ਪਰਦੇ ਹੇਠ ਮੀਡੀਆ ਦੀ ਆਜ਼ਾਦੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸਦਾ ਵਿਸ਼ਵ ਪ੍ਰੈਸ ਅਜ਼ਾਦੀ ਸੂਚੀ ਵਿੱਚ ਉਨ੍ਹਾਂ ਦੀ ਰੈਂਕਿੰਗ ਉੱਤੇ ਵੀ ਮਾੜਾ ਪ੍ਰਭਾਵ ਪਿਆ ਹੈ। ਵੂਹਾਨ ਵਿਚ ਕੋਰੋਨਾ ਦੇ ਸ਼ੁਰੂਆਤੀ ਹਮਲੇ ਨਾਲ ਸਬੰਧਤ ਖ਼ਬਰਾਂ ਦੇ ਪ੍ਰਸਾਰ ਨੂੰ ਰੋਕਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 180 ਦੇਸ਼ਾਂ ਵਿਚੋਂ ਚੀਨ 177 ਵੇਂ ਨੰਬਰ 'ਤੇ ਹੈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਦਾ ਮੰਨਣਾ ਹੈ ਕਿ ਚੀਨ ਨੇ ਡਾਕਟਰਾਂ ਅਤੇ ਮੀਡੀਆ ਕਰਮਚਾਰੀਆਂ ਤੇ ਦਬਾਅ ਪਾਇਆ ਅਤੇ ਵਾਇਰਸ ਨਾਲ ਹੋਈਆਂ ਮੌਤਾਂ ਦੇ ਅੰਕੜਿਆਂ ਨੂੰ ਲੁਕਾਉਣ ਲਈ ਦਮਨਕਾਰੀ ਤਰੀਕਿਆਂ ਦੀ ਵਰਤੋਂ ਕੀਤੀ। ਇਹੀ ਸਥਿਤੀ ਇਰਾਨ ਦੇ ਨਾਲ ਕੋਵਿਡ -19 ਸੰਬੰਧੀ ਖ਼ਬਰਾਂ ਉੱਪਰ ਸੈਂਸਰਸ਼ਿਪ ਠੋਸਣ 'ਤੇ ਦਰਪੇਸ਼ ਹੈ। ਇਰਾਕ ਵਿਚ ਰੋਇਟਰਜ਼ ਏਜੰਸੀ ਦੀ ਤਿੰਨ ਮਹੀਨਿਆਂ ਲਈ ਛੁੱਟੀ ਕਰ ਦਿੱਤੀ ਗਈ ਸੀ ਜਦੋਂ ਏਜੰਸੀ ਨੇ ਕੋਵਿਡ -19 ਦੌਰਾਨ ਮਾਰੇ ਗਏ । ਲੋਕਾਂ ਦੇ ਬਾਰੇ ਇਰਾਕੀ ਸਰਕਾਰ ਦੁਆਰਾ ਮੁਹੱਈਆ ਕਰਵਾਏ ਗਏ ਅੰਕੜਿਆਂ ਉੱਤੇ ਪ੍ਰਸ਼ਨ ਪੁੱਛੇ ਜਾਣ ਦੀਆਂ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ। ਸਰਕਾਰਾਂ ਕੋਵਿਡ -19 ਦੀ ਰੋਕਥਾਮ ਦਾ ਅਧਾਰ ਬਣਾ ਕੇ ਆਪਣੀ ਨਿਗਰਾਨੀ ਵਧਾ ਰਹੀਆਂ ਹਨ। ਜੇ ਸਰਕਾਰਾਂ ਦੁਆਰਾ ਨਿਗਰਾਨੀ ਦਾ ਇਹ ਰੁਝਾਨ ਅੱਗੇ ਵੀ ਜਾਰੀ ਰਿਹਾ ਤਾਂ ਇਸ ਦਾ ਪ੍ਰੈਸ ਦੀ ਆਜ਼ਾਦੀ 'ਤੇ ਲੰਮੇ ਸਮੇਂ ਦਾ ਅਸਰ ਪਏਗਾ। ਐਮਰਜੈਂਸੀ ਲੋਕਤੰਤਰੀ ਹਕੂਮਤ ਦੇ ਮੁਖੀਆਂ ਨੂੰ ਜ਼ਾਲਮ ਸ਼ਾਸਕਾਂ ਵਾਂਗ ਬੇਅੰਤ ਅਤੇ ਬੇਕਾਬੂ ਤਾਕਤਾਂ ਦੀ ਵਰਤੋਂ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਲੋਕ ਹਿੱਤਾਂ ਲਈ ਇਨ੍ਹਾਂ ਨੂੰ ਰੋਕਣਾ ਜ਼ਰੂਰੀ ਹੈ। ਲੋੜ ਹੈ ਲੋਕਾਂ ਨੂੰ ਜਾਗਣ ਦੀ। ਜਮਹੂਰੀਅਤ, ਲੋਕਤੰਤਰ, ਮਨੁੱਖੀ ਅਧਿਕਾਰ ਤਾਂ ਹੀ ਬਚ ਸਕਦੇ ਹਨ, ਜੇਕਰ ਪ੍ਰੈਸ ਦੀ ਆਜ਼ਾਦੀ ਹੋਵੇ ਤੇ ਲੋਕ ਜਾਗੇ ਹੋਣ, ਇਕਮੁੱਠ ਹੋਣ।

**-ਰਜਿੰਦਰ ਸਿੰਘ ਪੁਰੇਵਾਲ**

## NEWS & VIEWS



Gurmukh Singh
OBE

# SIKHI: THE PATH FOR THE NEW AGE

## What is meant by *Sikhi Ik Sresht Dharam?*

This topic is discussed on the forums from to time. The expression, *Sikhi Ik Sresht Dharam,* is used by Sikh scholars to bring out the egalitarian features of the Sikh way of life. Some take the meaning literally that Sikhi is a *superior* religion but that cannot be the intended meaning. For a follower of any faith, own chosen path is the best. Sikhi was not intended to bridge the almost impossible gulf between Abrahamic and the Vedic traditions, but to offer a third option, the *Niara Teesra Panth*. As Dr J S Grewal noted, there was hardly anything in politics, society or the religious practices of his time that was acceptable to Guru Nanak Sahib (*The Sikhs of the Punjab*).

Many *bhagats* (saints) too had revolted against the discriminatory and divisive ideologies practised by their background religions. Their *Bani* was selectively included in Sri Guru Granth Sahib, sometimes with qualifications by the Guru. Thus, the study of Sikhi requires a paradigm shift away from orthodox ideologies. It was for that reason that scholars like Macauliffe found it difficult *to point to a religion of greater originality.* Dorothy Field found it *little short of a miracle that this faith transformed the outcaste Indian into a fine loyal warrior.* (*The Religion of the Sikhs*).

At interfaith forums, I have often bullet-pointed the main Sikhi characteristics also well set out by Dr I J Singh in his introduction to "*Sikhs and Sikhism - A View With a Bias*: *Uncompromising monotheism; no priesthood or any form of brokerage between God and creation; direct (Khalsa) relationship with the Creator; direct access to the scriptures written in the vernacular; rejection of monasticism and stress on family life and community obligations'; rejection of multi-tiered caste system; demolition of every traditional excuse used to perpetuate gender bias or any form of discrimination; and concept of saint soldier.*

Sikhi way of life – the system – rests on three pillars: constant awareness of the Creator Being, honest work and sharing/charity. Dr I J Singh concludes that all these elements constitute Sikhi as *a religion of the people, by the people, for the people.*

Having clarified their way of life it is not for the Sikhs to make comparison with earlier systems but for them to continually re-evaluate their own actual performance against the founding principles of Sikhi as above. Unlike other older religions, Sikhs do have an authentic original reference source in Sri Guru Granth Sahib to be able to cross check if they are indeed following in the footsteps of the Guru.

Of course, other religions can also check if their religious texts meet the headings most relevant to modern human rights and values. It is only when provoked by religious zealots, misrepresenting Sikh ideology and re-writing Sikh history while seeking converts to own faiths, that Sikh scholars like Bhai Kahn Singh Nabha have responded by restating the basics of Sikhi.

*Sikhi Ik Sresht Dharam* does not mean that Sikhi is a superior religion or that any comparison with other faiths is intended, but that Sikhi is a new approach and a new whole-life system. Sikhs themselves need to fully understand that through the *Sikh-ing* (learning) path shown by the Guru.

**Gurmukh Singh OBE,** Principal Civil Servant ret'd sewauk2005@yahoo.co.uk

✴ ਪਾਠਕ ਤੇ ਸਿਆਣੇ ਪੰਜਾਬੀ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਨੂੰ ਆਪਣੇ ਘਰਾਂ, ਗੁਰੂ ਘਰਾਂ ਅਤੇ ਮੰਦਰਾਂ ਆਦਿ ਵਿਚ ਨਾ ਰੱਖਣ ਜਿਹੜੇ ਅਖ਼ਬਾਰਾਂ ਵਿਚ ਪਾਖੰਡੀ ਬਾਬਿਆਂ ਤੇ ਜਾਦੂ ਟੂਣੇ ਵਾਲਿਆਂ ਦੇ ਇਸ਼ਤਿਹਾਰ ਛਪਦੇ ਹਨ।

# ਮੋਦੀ ਨੇ ਭਾਰਤ ਵਾਸੀਆਂ ਨੂੰ ਦਿੱਤੇ ਸਵੈ-ਨਿਰਭਰ ਭਾਰਤ ਦੇ ਪੰਜ ਸੂਤਰ

**✪ ਕੋਰੋਨਾ ਸੰਕਟ: 20 ਲੱਖ ਕਰੋੜ ਦੇ ਰਾਹਤ ਪੈਕੇਜ ਨਾਲ ਲੌਕਡਾਊਨ-4 ਦੀ ਤਿਆਰੀ✪ ਕੋਰੋਨਾ ਨਾਲ ਜੰਗ ਦੌਰਾਨ ਭਾਰਤ ਨੇ ਦੁਨੀਆ ਤੋਂ ਲਿਆ ਸਬਕ ✪ ਹਾਲਾਤ ਨੂੰ ਬੇਕਾਬੂ ਹੋਣ ਤੋਂ ਬਚਾਇਆ ✪ ਜਰਮਨੀ ਵਿਚ ਦੁਕਾਨਾਂ ਖੁੱਲ੍ਹਣਗੀਆਂ ✪ ਸਪੇਨ ਵਿਚ ਸਤੰਬਰ ਤੋਂ ਖੋਲ੍ਹੇ ਜਾਣਗੇ ਸਕੂਲ**

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀਂ ਮੰਗਲਵਾਰ ਨੂੰ ਭਾਰਤ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 21ਵੀਂ ਸਦੀ ਭਾਰਤ ਦੀ ਹੋਣੀ ਚਾਹੀਦੀ ਹੈ, ਇਹ ਸਾਡਾ ਸੁਫਨਾ ਨਹੀਂ ਹੈ, ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਸ ਦਾ ਇਕੋ ਰਸਤਾ ਹੈ, ਸਵੈ-ਨਿਰਭਰ ਭਾਰਤ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਸਵੈ-ਨਿਰਭਰ ਸ਼ਬਦ ਦਾ ਅਰਥ ਬਦਲ ਗਿਆ ਹੈ। ਆਰਥਿਕ ਕੇਂਦ੍ਰਿਤ ਵਿਸ਼ਵੀਕਰਨ ਬਨਾਮ ਮਨੁੱਖੀ ਕੇਂਦਰਿਤ ਵਿਸ਼ਵੀਕਰਨ ਦੀ ਇੱਕ ਚਰਚਾ ਹੈ। ਜਦੋਂ ਭਾਰਤ ਸਵੈ-ਨਿਰਭਰਤਾ ਦੀ ਗੱਲ ਕਰਦਾ ਹੈ, ਭਾਰਤ ਦੀ ਸਵੈ-ਨਿਰਭਰਤਾ ਚ ਸਵੈ-ਕੇਂਦਰਿਤ ਸੋਚ ਨਹੀਂ, ਵਾਸੂਧੈਵ ਕੁਟੰਬਕਮ ਦੀ ਭਾਵਨਾ ਸ਼ਾਮਲ ਹੁੰਦੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ, ਮੈਂ ਇਕ ਉਦਾਹਰਣ ਦੇ ਨਾਲ ਬੋਲ ਰਿਹਾ ਹਾਂ। ਜਦੋਂ ਕੋਰੋਨਾ ਸੰਕਟ ਸ਼ੁਰੂ ਹੋਇਆ, ਭਾਰਤ ਵਿਚ ਇਕ ਵੀ ਪੀਪੀਈ ਕਿੱਟ ਨਹੀਂ ਬਣਦੀ ਸੀ। ਟੀ-95 ਮਾਸਕ ਭਾਰਤ ਵਿੱਚ ਨਾਮਾਤਰ ਤਿਆਰ ਕੀਤੇ ਗਏ ਸਨ। ਅੱਜ ਸਥਿਤੀ ਇਹ ਹੈ ਕਿ ਹਰ ਰੋਜ਼ ਦੋ ਲੱਖ ਪੀਪੀਈ ਤੇ ਦੋ ਲੱਖ ਐਨ-95 ਮਾਸਕ ਬਣਾਏ ਜਾ ਰਹੇ ਹਨ। ਅਸੀਂ ਅਜਿਹਾ ਕਰਨ ਦੇ ਯੋਗ ਹੋ ਗਏ ਕਿਉਂਕਿ ਭਾਰਤ ਨੇ ਤਬਾਹੀ ਨੂੰ ਮੌਕਾ ਬਣਾ ਦਿੱਤਾ। ਅਜਿਹਾ ਕਰਨ ਦੀ ਭਾਰਤ ਦੀ ਦ੍ਰਿਸ਼ਟੀ ਸਵੈ-ਨਿਰਭਰ ਭਾਰਤ ਦੇ ਸਾਡੇ ਸੰਕਲਪ ਲਈ ਉਨੀ ਹੀ ਪ੍ਰਭਾਵਸ਼ਾਲੀ ਹੋਵੇਗੀ।

ਸਵੈ-ਨਿਰਭਰ ਭਾਰਤ ਦੇ ਪੰਜ ਸੂਤਰ

1. ਅਰਥਚਾਰਾ: ਪ੍ਰਧਾਨ ਮੰਤਰੀ ਨੇ ਕਿਹਾ ਪਹਿਲਾ ਥੰਮ ਅਰਥਚਾਰਾ ਹੈ। ਅਜਿਹਾ ਅਰਥਚਾਰਾ ਜਿਹੜਾ ਕੁਆਂਟਮ ਜੰਪ (ਲੋੜੀਂਦਾ ਉਛਾਲ) ਵਾਲਾ ਅਰਥਚਾਰਾ ਹੋਵੇ।

2. ਬੁਨਿਆਦੀ ਢਾਂਚਾ: ਸਵੈ-ਨਿਰਭਰ ਭਾਰਤ ਦਾ ਦੂਜਾ ਥੰਮ ਢਾਂਚਾ ਹੈ ਜੋ ਆਧੁਨਿਕ ਭਾਰਤ ਦੀ ਪਛਾਣ ਬਣੇ।

3. ਸਿਸਟਮ: ਤੀਸਰਾ ਥੰਮ੍ਹ ਸਾਡਾ ਸਿਸਟਮ 21ਵੀਂ ਸਦੀ ਤਕਨਾਲੋਜੀ ਆਧਾਰਿਤ ਪ੍ਰਣਾਲੀ ਤੇ ਅਧਾਰਤ ਹੈ।

4. ਡੈਮੋਗ੍ਰਾਫੀ: ਚੌਥਾ ਥੰਮ ਡੈਮੋਗ੍ਰਾਫੀ ਹੈ ਜੋ ਜੀਵੰਤ ਲੋਕਤੰਤਰ ਦੀ ਤਾਕਤ ਹੈ।

5. ਮੰਗ: ਪੰਜਵਾਂ ਥੰਮ ਮੰਗ ਹੈ, ਸਾਨੂੰ ਪੂਰੇ ਜੋਸ਼ ਨਾਲ ਮੰਗ ਅਤੇ ਸਪਲਾਈ ਦੇ ਚੱਕਰ ਦੀ ਵਰਤੋਂ ਕਰਨ ਦੀ ਲੋੜ ਹੈ।

ਪ੍ਰਧਾਨ ਮੰਤਰੀ ਨੇ ਕਿਹਾ, ਇਸ ਆਰਥਿਕ ਪੈਕੇਜ ਵਿੱਚ ਵਿੱਤ ਮੰਤਰਾਲੇ ਅਤੇ ਰਿਜ਼ਰਵ ਬੈਂਕ ਦੁਆਰਾ ਪਹਿਲਾਂ ਕੀਤੀਆਂ ਐਲਾਨਾਂ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੇ ਅਸੀਂ ਇਸ ਨੂੰ ਜੋੜਦੇ ਹਾਂ ਤਾਂ ਇਹ ਤਕਰੀਬਨ 20 ਲੱਖ ਕਰੋੜ ਰੁਪਏ ਹੈ। ਇਹ ਪੈਕੇਜ ਭਾਰਤ ਦੇ ਕੁਲ ਘਰੇਲੂ ਉਤਪਾਦ ਦਾ 10 ਪ੍ਰਤੀਸ਼ਤ ਹੈ। ਜਿਸ ਦਾ ਐਲਾਨ ਮੈਂ ਅੱਜ ਕਰ ਰਿਹਾ ਹਾਂ।

## 20 ਲੱਖ ਕਰੋੜ ਦੇ ਰਾਹਤ ਪੈਕੇਜ ਨਾਲ ਲੌਕਡਾਊਨ-4 ਦੀ ਤਿਆਰੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਵੈ-ਨਿਰਭਰ ਭਾਰਤ ਦਾ ਸੱਦਾ ਦਿੰਦਿਆਂ ਦੇਸ਼ ਦੇ ਛੋਟੇ, ਦਰਮਿਆਨੇ ਉਦਯੋਗਾਂ ਸਮੇਤ ਸਾਰੇ ਸੈਕਟਰਾਂ ਨੂੰ ਰਾਹਤ ਪ੍ਰਦਾਨ ਕਰਨ ਲਈ 20 ਲੱਖ ਕਰੋੜ ਰੁਪਏ ਦੇ ਪੂਰਵ-ਆਰਥਿਕ ਪੈਕੇਜ ਦਾ ਐਲਾਨ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਤਾਲਾਬੰਦੀ ਦੇ ਚੌਥੇ ਪੜਾਅ ਬਾਰੇ ਵੀ ਸਪੱਸ਼ਟੀਕਰਨ ਦਿੰਦਿਆਂ ਕਿਹਾ, ਇਹ ਨਵੀਂ ਦਿੱਖ ਅਤੇ ਨਵੇਂ ਨਿਯਮਾਂ ਨਾਲ ਹੋਵੇਗਾ। ਇਸ ਦੀ ਜਾਣਕਾਰੀ 18 ਮਈ ਤੋਂ ਪਹਿਲਾਂ ਦਿੱਤੀ ਜਾਏਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਬੁੱਧਵਾਰ ਤੋਂ ਪੈਕੇਜ ਦਾ ਵਿਸਥਾਰ ਨਾਲ ਵੇਰਵਾ ਦੇਣਗੇ। ਪ੍ਰਧਾਨ ਮੰਤਰੀ ਨੇ ਸਖਤ ਸੁਧਾਰਾਂ ਦੀ ਵਕਾਲਤ ਵੀ ਕੀਤੀ। ਉਨ੍ਹਾਂ ਕਿਹਾ ਕਿ 2020 ਵਿਚ 20 ਲੱਖ ਕਰੋੜ ਦੇ ਪੈਕੇਜ ਨਾਲ ਦੇਸ਼ ਦੀ ਅਚਾਨਕ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਇਸਦੇ ਨਾਲ ਵਪਾਰ ਅਤੇ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਵੀ ਕਦਮ ਚੁੱਕੇ ਜਾਣਗੇ ਅਤੇ ਭਾਰਤ



ਸਰਕਾਰ ਦੇ ਮਿਸ਼ਨ, ਮੇਕ ਇਨ ਇੰਡੀਆ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ। ਇਹ ਪੈਕੇਜ ਸਵੈ-ਨਿਰਭਰ ਭਾਰਤ ਲਈ ਮੁਹਿੰਮ ਨੂੰ ਤੇਜ਼ ਕਰੇਗਾ। ਇਸ ਵਿੱਚ ਜ਼ਮੀਨ, ਲੇਬਰ ਦੀ ਤਰਲਤਾ, ਕਾਨੂੰਨ ਸਭ ਸ਼ਾਮਲ ਹੋਣਗੇ।

ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਸਥਾਨਕ ਮੰਗ ਅਤੇ ਸਪਲਾਈ ਦਾ ਹਵਾਲਾ ਦਿੰਦਿਆਂ ਇਸ ਨੂੰ ਆਪਣਾ ਜੀਵਨ-ਮੰਤਰ ਬਣਾਉਣ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੌਜੂਦਾ ਸੰਕਟ ਨੇ ਲੋਕਲ ਦੀ ਮਹੱਤਤਾ ਬਾਰੇ ਦੱਸਿਆ ਹੈ। ਇਸ ਲੋਕਲ ਨੇ ਸੰਕਟ ਵਿੱਚ ਸਾਡੀ ਮੰਗ ਨੂੰ ਪੂਰਾ ਕੀਤਾ। ਸਥਾਨਕ (ਲੋਕਲ) ਨੇ ਹੀ ਸਾਨੂੰ ਬਚਾਇਆ। ਇਸ ਲਈ ਲੋਕਲ ਲਈ ਸਾਨੂੰ ਆਵਾਜ਼ ਬੁਲੰਦ ਕਰਨੀ ਪਵੇਗੀ। ਵਿਸ਼ਵ ਵਿੱਚ ਬਣੇ ਸਾਰੇ ਗਲੋਬਲ ਬ੍ਰਾਂਡ ਸਥਾਨਕ ਸਨ। ਸਾਨੂੰ ਸਥਾਨਕ 'ਤੇ ਮਾਣ ਕਰਨਾ ਹੋਵੇਗਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਕ ਵਾਇਰਸ ਨੇ ਪੂਰੀ ਦੁਨੀਆ ਨੂੰ ਤਬਾਹ ਕਰ ਦਿੱਤਾ। ਅਜਿਹਾ ਸੰਕਟ ਕਦੇ ਨਹੀਂ ਵੇਖਿਆ ਜਾਂ ਨਹੀਂ ਸੁਣਿਆ। ਇਹ ਇੱਕ ਬੇਮਿਸਾਲ ਸੰਕਟ ਹੈ। ਪਰ ਥੱਕੋ ਨਾ, ਨਾ ਗੁਆਓ, ਨਾ ਟੁੱਟੋ, ਨਾ ਟੁੱਟੋ। ਸਾਵਧਾਨ ਰਹਿੰਦਿਆਂ ਨਿਯਮਾਂ ਦੀ ਪਾਲਣਾ ਕਰਦੇ ਹੋਏ ਬਚਣਾ ਵੀ ਹੈ ਅਤੇ ਅੱਗੇ ਵੀ ਵਧਣਾ ਹੈ। ਸਾਡਾ ਸੰਕਲਪ ਇਸ ਸੰਕਟ ਨਾਲੋਂ ਵੱਡਾ ਹੋਵੇਗਾ।

### ਭਾਰਤ ਕੋਰੋਨਾ ਤੋਂ ਬਾਕੀ ਦੇਸ਼ਾਂ ਤੋਂ ਕਿਉਂ ਸਫਲ

ਦੇਸ਼ ਵਿਚ ਲੌਕਡਾਊਨ ਦੇ 50 ਦਿਨ ਪੂਰੇ ਹੋ ਗਏ ਹਨ। ਦੂਜੇ ਦੇਸ਼ਾਂ ਦੇ ਵਿਗੜਦੇ ਹਾਲਤ ਤੋਂ ਸਬਕ ਲੈਂਦਿਆਂ ਭਾਰਤ ਨੇ ਪਹਿਲਾਂ ਹੀ ਲੌਕਡਾਊਨ ਲਾਗੂ ਕਰ ਦਿੱਤਾ ਸੀ। ਇਸ ਨਾਲ ਸਥਿਤੀ ਬੇਕਾਬੂ ਹੋਣ ਤੋਂ ਬਚ ਗਈ। ਦੁਨੀਆਂ ਦੇ 5 ਸਭ ਤੋਂ ਪ੍ਰਭਾਵਿਤ ਦੇਸ਼ ਅਮਰੀਕਾ, ਸਪੇਨ, ਰੂਸ, ਬ੍ਰਿਟੇਨ ਤੇ ਇਟਲੀ ਹਨ। ਜਦਕਿ ਮੌਤਾਂ ਵਿਚ ਸਭ ਤੋਂ ਪ੍ਰਭਾਵਿਤ 5 ਦੇਸ਼ ਲੜੀਵਾਰ ਅਮਰੀਕਾ, ਬ੍ਰਿਟੇਨ, ਇਟਲੀ, ਸਪੇਨ ਤੇ ਫ਼ਰਾਂਸ ਹਨ। ਭਾਰਤ ਇਸ ਕੁੱਲ ਮਾਮਲਿਆਂ ਅਨੁਸਾਰ ਇਸ ਸਮੇਂ 12ਵੇਂ ਨੰਬਰ, ਜਦਕਿ ਕੁੱਲ ਮੌਤਾਂ ਦੇ ਮਾਮਲੇ ਵਿੱਚ 16 ਵੇਂ ਨੰਬਰ 'ਤੇ ਹੈ। ਮਾਹਿਰਾਂ ਦੇ ਅਨੁਸਾਰ ਭਾਰਤ ਤੇ ਹੋਰਨਾਂ ਦੇਸ਼ਾਂ ਵਿੱਚ ਸਭ ਤੋਂ ਵੱਡਾ ਅੰਤਰ ਇਹ ਸੀ ਕਿ ਇੱਥੇ ਮਹਾਂਮਾਰੀ ਦੇ ਬੇਕਾਬੂ ਹਾਲਾਤ ਹੋਣ ਦਾ ਇੰਤਜਾਰ ਕਰਨ ਤੋਂ ਪਹਿਲਾਂ ਲੌਕਡਾਊਨ ਲਾਗੂ ਕੀਤਾ ਗਿਆ, ਜਦਕਿ ਫ਼ਰਾਂਸ, ਬ੍ਰਿਟੇਨ, ਇਟਲੀ, ਸਪੇਨ ਤੇ ਅਮਰੀਕਾ ਨੇ ਹਾਲਾਤ ਖ਼ਰਾਬ ਹੋਣ ਤੋਂ ਬਾਅਦ ਕਦਮ ਚੁੱਕੇ। ਲੌਕਡਾਊਨ ਨੂੰ ਭਾਰਤ ਵਿਚ ਦੋ ਵਾਰ ਅੱਗੇ ਵਧਾਇਆ ਗਿਆ ਹੈ। ਲੌਕਡਾਊਨ ਦਾ ਤੀਜਾ ਗੇੜ 17 ਮਈ ਨੂੰ ਖ਼ਤਮ ਹੋਵੇਗਾ।

ਆਕਸਫੋਰਡ, ਜੌਹਨ ਹਾਪਕਿਨਜ਼ ਅਤੇ ਹਾਰਵਰਡ ਯੂਨੀਵਰਸਿਟੀ ਦੇ ਵੱਖ-ਵੱਖ ਅਧਿਐਨ ਨੇ ਵੀ ਭਾਰਤ ਸਰਕਾਰ ਵੱਲੋਂ ਸਮੇਂ ਰਹਿੰਦੇ ਲੌਕਡਾਊਨ ਲਗਾਉਣ ਦੀ ਸ਼ਲਾਘਾ ਕੀਤੀ। ਆਕਸਫੋਰਡ ਨੇ ਰਣਨੀਤੀ ਸੂਚੀ ਵਿਚ ਭਾਰਤ ਨੂੰ ਸਭ ਤੋਂ ਵੱਧ 100 ਅੰਕ ਦਿੱਤੇ ਤੇ ਉਸ ਨੂੰ ਚੀਨ, ਦੱਖਣ ਕੋਰੀਆ, ਅਮਰੀਕਾ, ਫ਼ਰਾਂਸ ਤੇ ਬ੍ਰਿਟੇਨ ਨਾਲੋਂ ਉੱਪਰ ਰੱਖਿਆ। ਹੁਣ ਬਹੁਤ ਸਾਰੇ ਦੇਸ਼ ਵੱਖ-ਵੱਖ ਪੱਧਰਾਂ 'ਤੇ ਪਾਬੰਦੀ ਵਿਚ ਢਿੱਲ ਦੇ ਰਹੇ ਹਨ।

## ਜਰਮਨੀ ਵਿਚ ਦੁਕਾਨਾਂ ਖੁੱਲ੍ਹਣਗੀਆਂ

ਹੁਣ ਲੌਕਡਾਊਨ ਵਿਚ ਛੋਟ ਦਾ ਫ਼ੈਸਲਾ ਸੂਬੇ ਆਪਣੇ ਅਨੁਸਾਰ ਕਰਨਗੇ। ਸਾਰੀਆਂ ਕਿਸਮਾਂ ਦੀਆਂ ਦੁਕਾਨਾਂ ਨੂੰ ਹੁਣ ਮੁੜ ਖੋਲ੍ਹਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਕੰਪਨੀਆਂ, ਕਾਰ ਡੀਲਰਸ਼ਿਪ ਸ਼ੋਅਰੂਮ, ਬੁੱਕ ਸ਼ਾਪ, ਲਾਇਬ੍ਰੇਰੀਆਂ ਖੁੱਲ੍ਹਣਗੀਆਂ। ਪ੍ਰਾਇਮਰੀ ਤੇ ਮਿਡਲ ਸਕੂਲ ਅੰਸ਼ਕ ਤੌਰ 'ਤੇ ਦੁਬਾਰਾ ਖੋਲ੍ਹ ਦਿੱਤੇ ਗਏ ਹਨ। ਯੂਰਪੀਅਨ ਲੀਗ ਫੁੱਟਬਾਲ ਮੈਚ ਬੰਦ ਦਰਵਾਜ਼ਿਆਂ ਦੇ ਪਿੱਛੇ ਦੁਬਾਰਾ ਸ਼ੁਰੂ ਹੋ ਰਹੇ ਹਨ।

### ਸਪੇਨ ਵਿਚ ਸਤੰਬਰ ਤੋਂ ਖੋਲ੍ਹੇ ਜਾਣਗੇ ਸਕੂਲ

ਲਾਗ ਵਾਲੇ ਮਰੀਜ਼ਾਂ ਦੀ ਗਿਣਤੀ ਦੇ ਅਧਾਰ 'ਤੇ ਸਪੇਨ ਦੂਜਾ ਸਭ ਤੋਂ ਵੱਧ ਪ੍ਰਭਾਵਿਤ ਹੈ। 26 ਮਈ ਤੋਂ ਸਿਨੇਮਾ ਘਰਾਂ ਨੂੰ 30% ਸਮਰੱਥਾ ਨਾਲ ਖੋਲ੍ਹਣ ਦੀ ਮਨਜ਼ੂਰੀ। ਇੱਥੇ ਸਤੰਬਰ ਵਿਚ ਸਕੂਲਾਂ ਨੂੰ ਮੁੜ ਖੋਲ੍ਹਿਆ ਜਾਵੇਗਾ। 10 ਜੂਨ ਤੋਂ ਇੱਥੇ ਬਾਰ ਤੇ ਰੈਸਟੋਰੈਂਟ ਪੂਰੀ ਤਰ੍ਹਾਂ ਖੋਲ੍ਹਣ ਦੀ ਛੋਟ ਹੈ। ਬਾਹਰ ਜਾਣ ਤੇ ਆਵਾਜਾਈ ਲਈ ਮਾਸਕ ਲਗਾਉਣਾ ਲਾਜ਼ਮੀ ਹੈ। ਇਸ ਦੌਰਾਨ ਸਖਤ ਸਮਾਜਿਕ ਦੂਰੀਆਂ ਦੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

## ਘਰ ਪਰਤਣ ਵਾਲੇ ਪ੍ਰਵਾਸੀ ਬਣੇ ਭਾਰਤ ਲਈ ਚਿੰਤਾ, ਕਈ ਨਿਕਲੇ ਕੋਰੋਨਾ ਪਾਜ਼ੀਟਿਵ

ਨਵੀਂ ਦਿੱਲੀ-ਭਾਰਤ ਦੇ ਦਿਹਾੜੀਦਾਰ ਲੋਕ ਆਪਣੀ ਰੋਜ਼ੀ-ਰੋਟੀ ਦੇ ਸਾਧਨਾਂ ਤੋਂ ਹੱਥ ਧੋ ਬੈਠੇ ਹਨ। ਅਜਿਹੇ ਵਿਚ ਉਹ ਸ਼ਹਿਰਾਂ ਤੋਂ ਆਪਣੇ ਗ੍ਰਹਿ ਸੂਬਿਆਂ ਵੱਲ ਪਲਾਇਨ ਕਰ ਰਹੇ ਹਨ। ਰੋਜ਼ੀ-ਰੋਟੀ ਗੁਆਉਣ ਕਾਰਨ ਦੇਸ਼ ਦੇ ਵੱਡੇ ਸੂਬਿਆਂ ਉੱਤਰ ਪ੍ਰਦੇਸ਼, ਉਤਰਾਖੰਡ, ਬਿਹਾਰ ਤੇ ਝਾਰਖੰਡ ਵਾਪਸ ਪਰਤ ਰਹੇ ਮਜ਼ਦੂਰਾਂ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਹੁਣ ਤਕ ਇਨ੍ਹਾਂ ਚਾਰਾਂ ਸੂਬਿਆਂ ਵਿਚ ਵਾਪਸ ਪਰਤੇ 11 ਲੱਖ ਤੋਂ ਵੱਧ ਪ੍ਰਵਾਸੀ ਮਜ਼ਦੂਰਾਂ ਵਿਚੋਂ 317 ਕੋਰੋਨਾ ਪਾਜ਼ੀਟਿਵ ਪਾਏ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 59 ਪਾਜ਼ੀਟਿਵ ਮਰੀਜ਼ ਇਕੱਲੇ ਗੁਜਰਾਤ ਤੋਂ ਆਏ ਹਨ। ਇਸ ਦੇ ਨਾਲ ਹੀ 53 ਲੋਕ ਦਿੱਲੀ-ਐਨਸੀਆਰ ਤੋਂ ਅਤੇ ਮਹਾਰਾਸ਼ਟਰ ਤੋਂ 45 ਲੋਕ ਵਾਪਸ ਪਰਤੇ ਹਨ। ਚਾਰਾਂ ਸੂਬਿਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰੀ ਪ੍ਰਬੰਧਾਂ ਨਾਲ ਆਉਣ ਵਾਲੇ ਸਾਰੇ ਲੋਕਾਂ ਦੀ ਸਕ੍ਰੀਨਿੰਗ ਕੀਤੀ ਗਈ ਹੈ।

2.50 ਲੱਖ ਰੁਪਏ ਵਿਚ ਟਰੱਕ ਰਾਹੀਂ ਮੁੰਬਈ ਤੋਂ ਬਲਿਆ ਪਹੁੰਚੇ 54 ਮਜ਼ਦੂਰ : ਮੁੰਬਈ ਦੇ ਵਾਪੀ ਤੋਂ ਇਕੱਠੇ 54 ਮਜ਼ਦੂਰ 2 ਲੱਖ 50 ਹਜ਼ਾਰ ਰੁਪਏ ਵਿਚ ਟਰੱਕ ਕਿਰਾਏ 'ਤੇ ਲੈ ਕੇ ਆਪਣੇ ਘਰ ਗਾਜ਼ੀਪੁਰ, ਬਲੀਆ ਤੇ ਬੈਰੀਆ ਤਹਿਸੀਲ ਦੇ ਵੱਖ-ਵੱਖ ਪਿੰਡਾਂ ਵਿਚ ਸੋਮਵਾਰ ਰਾਤ ਪਹੁੰਚੇ। ਮੁੰਬਈ ਤੋਂ ਟਰੱਕ ਵਿਚ ਸਫ਼ਰ ਕਰਦਿਆਂ ਕਰਮਾਨਪੁਰ ਤੁਰਹਾ ਬਸਤੀ ਪਹੁੰਚੇ ਮਿਥੀਲੇਸ਼, ਰਾਜੇਸ਼, ਬ੍ਰਿਜੇਸ਼, ਜਿਤੇਂਦਰ, ਮਹਿੰਦਰ, ਗੋਵਿੰਦ, ਸੁਦਰਸ਼ਨ ਆਦਿ ਨੇ ਦੱਸਿਆ ਕਿ ਵਾਪੀ ਵਿਚ ਪੱਲੇਦਾਰੀ (ਦਿਹਾੜੀ ਮਜ਼ਦੂਰੀ) ਦਾ ਕੰਮ ਵਧੀਆ ਚੱਲ ਰਿਹਾ ਸੀ। ਉਹ ਰੋਜ਼ਾਨਾ 500 ਤੋਂ 800 ਰੁਪਏ ਕਮਾਉਂਦੇ ਸਨ। ਇਸ ਨਾਲ ਉਸ ਦਾ ਢਿੱਡ ਭਰ ਰਿਹਾ ਸੀ, ਅਤੇ ਉਹ ਕੁਝ ਪੈਸੇ ਘਰ ਵੀ ਭੇਜਦੇ ਸਨ। ਲੌਕਡਾਊਨ ਵਿਚ ਕੰਮ ਬੰਦ ਹੋ ਗਿਆ।

ਝਾਰਖੰਡ : ਬੀਤੇ ਦਿਨੀਂ 40 ਹਜ਼ਾਰ ਪ੍ਰਵਾਸੀ ਮਜ਼ਦੂਰ ਝਾਰਖੰਡ ਪਹੁੰਚੇ। ਇਨ੍ਹਾਂ ਵਿਚੋਂ 23 ਹਜ਼ਾਰ ਦੇ ਕਰੀਬ ਰੇਲ ਗੱਡੀਆਂ ਅਤੇ 9 ਹਜ਼ਾਰ ਲੋਕ ਬੱਸਾਂ ਰਾਹੀਂ ਆਏ ਸਨ। ਅਧਿਕਾਰੀਆਂ ਅਨੁਸਾਰ ਬਾਹਰੋਂ ਆਏ ਕੁੱਲ 47 ਲੋਕ ਪਾਜ਼ੀਟਿਵ ਪਾਏ ਗਏ ਹਨ। ਉਨ੍ਹਾਂ ਵਿੱਚੋਂ ਸਭ ਤੋਂ ਵੱਧ 23 ਸੂਰਤ ਤੋਂ ਵਾਪਸ ਪਰਤੇ ਹਨ। ਉਨ੍ਹਾਂ ਦੱਸਿਆ ਕਿ ਹੁਣ ਤਕ 8993 ਲੋਕਾਂ ਨੂੰ ਸਰਕਾਰੀ ਕੁਆਰੰਟੀਨ ਸੈਂਟਰਾਂ ਵਿੱਚ ਰੱਖਿਆ ਜਾ ਚੁੱਕਾ ਹੈ, ਬਾਕੀ ਲੋਕ ਘਰਾਂ ਵਿਚ ਕੁਆਰੰਟੀਨ ਹਨ।

ਬਿਹਾਰ : ਸੋਮਵਾਰ ਤੱਕ 1.25 ਲੱਖ ਪ੍ਰਵਾਸੀ ਮਜ਼ਦੂਰ ਅਤੇ ਵਿਦਿਆਰਥੀ ਬਿਹਾਰ ਪਹੁੰਚ ਚੁੱਕੇ ਸਨ। ਇਨ੍ਹਾਂ ਵਿਚੋਂ 142 ਲੋਕ ਕੋਰੋਨਾ ਵਾਇਰਸ ਪਾਜ਼ੀਟਿਵ ਪਾਏ ਗਏ ਹਨ। ਇਨ੍ਹਾਂ ਸਾਰਿਆਂ ਦੀ ਸਕ੍ਰੀਨਿੰਗ ਕੀਤੀ ਗਈ ਸੀ। ਪਾਜ਼ੀਟਿਵ ਪਾਏ ਗਏ 41 ਲੋਕ ਐਨਸੀਆਰ ਦਿੱਲੀ, 36 ਮਹਾਰਾਸ਼ਟਰ, 33 ਗੁਜਰਾਤ, 10 ਤੇਲੰਗਾਨਾ ਤੇ 3 ਹਰਿਆਣਾ ਤੋਂ ਆਏ ਹਨ। ਬਾਹਰੋਂ ਆਏ ਲਗਭਗ 1 ਲੱਖ 10 ਹਜ਼ਾਰ ਲੋਕਾਂ ਨੂੰ ਕੁਆਰੰਟੀਨ ਸੈਂਟਰਾਂ ਵਿਚ ਰੱਖਿਆ ਗਿਆ ਹੈ।

ਉੱਤਰ ਪ੍ਰਦੇਸ਼ : ਉੱਤਰ ਪ੍ਰਦੇਸ਼ ਵਿਚ ਹੁਣ ਤਕ ਕੁੱਲ 102 ਪ੍ਰਵਾਸੀ ਮਜ਼ਦੂਰ ਸੰਕਰਮਿਤ ਪਾਏ ਗਏ ਹਨ। ਇਹ ਸਾਰੇ ਟਰੱਕ, ਮੋਟਰਸਾਈਕਲ, ਸਾਈਕਲ, ਪੈਦਲ ਜਾਂ ਆਪਣੇ ਹੀ ਕਿਸੇ ਹੋਰ ਸਾਧਨ ਨਾਲ ਇੱਥੇ ਪਹੁੰਚੇ ਹਨ। ਇਨ੍ਹਾਂ 'ਚੋਂ 46 ਗੋਰਖਪੁਰ ਤੇ ਆਸਪਾਸ ਦੇ ਇਲਾਕਿਆਂ ਵਿੱਚ ਪਾਏ ਗਏ ਹਨ। ਉਨ੍ਹਾਂ ਦੇ ਸੰਪਰਕ 'ਚ ਆਏ 33 ਹੋਰ ਲੋਕ ਵੀ ਸੰਕਰਮਿਤ ਹੋਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸੋਮਵਾਰ ਤਕ 9 ਲੱਖ ਪ੍ਰਵਾਸੀ ਮਜ਼ਦੂਰਾਂ ਨੂੰ ਰੇਲ ਗੱਡੀਆਂ ਤੇ ਬੱਸਾਂ ਰਾਹੀਂ ਸੂਬੇ ਲਿਆਇਆ ਗਿਆ ਹੈ।

# ਵਿਦੇਸ਼ਾਂ 'ਚ ਫਸੇ ਭਾਰਤੀ ਵਤਨ ਪਰਤੇ

## ✪ ਜਲ ਸੈਨਾ ਦੇ ਜਹਾਜ਼ ਰਾਹੀਂ ਮਾਲਦੀਵ ਤੋਂ 698 ਭਾਰਤੀ ਕੋਚੀ ਪਹੁੰਚੇ



ਮੁੰਬਈ-ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਦੁਨੀਆ ਭਰ ਵਿਚ ਲੱਗੀਆਂ ਯਾਤਰਾ ਪਾਬੰਦੀਆਂ ਦੇ ਕਾਰਨ ਬਰਤਾਨੀਆ ਵਿਚ ਫਸੇ ਕੁੱਲ 329 ਭਾਰਤੀ ਏਅਰ ਇੰਡੀਆ ਦੀ ਇਕ ਉਡਾਨ ਰਾਹੀਂ ਬੀਤੇ ਦਿਨੀਂ ਮੁੰਬਈ ਦੇ ਛੱਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ ਪੁੱਜੇ। ਨਾਗਰਿਕ ਉਡਾਨ ਮੰਤਰੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਜਹਾਜ਼ ਵਿਚ 329 ਯਾਤਰੀ ਸਵਾਰ ਸਨ। ਇਹ ਉਡਾਨ 'ਵੰਦੇ ਭਾਰਤ ਮਿਸ਼ਨ' ਦਾ ਹਿੱਸਾ ਸੀ। ਮਹਾਰਾਸ਼ਟਰ ਸਰਕਾਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਯਾਤਰੀਆਂ ਵਿਚੋਂ ਜੋ ਲੋਕ ਮੁੰਬਈ ਦੇ ਹਨ, ਉਨ੍ਹਾਂ ਨੂੰ ਹਵਾਈ ਅੱਡੇ ਦੇ ਕੋਲ ਸਥਿਤ ਹੋਟਲਾਂ ਵਿਚ ਮੁੱਖ ਤੌਰ 'ਤੇ ਇਕਾਂਤਵਾਸ ਵਿਚ ਰੱਖਿਆ ਗਿਆ ਹੈ, ਜਦਕਿ ਹੋਰ ਸ਼ਹਿਰਾਂ ਦੇ ਯਾਤਰੀਆਂ ਨੂੰ ਉਨ੍ਹਾਂ ਦੇ ਸਥਾਨਾਂ 'ਤੇ ਲਿਜਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਕ ਉਡਾਨ ਲੰਡਨ ਤੋਂ ਅਤੇ ਇਕ ਸਿੰਗਾਪੁਰ ਤੋਂ ਇੱਥੇ ਪੁੱਜੀ, ਜਿਸ ਵਿਚ ਕਰੀਬ 572 ਯਾਤਰੀ ਮੌਜੂਦ ਸਨ। ਮਾਲਦੀਵ ਤੋਂ 698 ਭਾਰਤੀ ਨਾਗਰਿਕਾਂ ਨੂੰ ਲੈ ਕੇ ਜਲ ਸੈਨਾ ਦਾ ਜਹਾਜ਼ ਆਈ.ਐਨ.ਐਸ. ਜਲਸ਼ਵਾ ਬੀਤੇ ਦਿਨੀਂ ਕੋਚੀ ਬੰਦਰਗਾਹ ਪੁੱਜਾ। ਖਾੜੀ ਦੇਸ਼ਾਂ (ਕੁਵੈਤ, ਓਮਾਨ ਤੇ ਦੋਹਾ) ਤੋਂ 3 ਜਹਾਜ਼ਾਂ ਰਾਹੀਂ 545 ਯਾਤਰੀ ਬੀਤੇ ਦਿਨੀਂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੇ। ਜਿਸ ਵਿਚ 48 ਗਰਭਵਤੀ ਔਰਤਾਂ ਤੇ ਚਾਰ ਨਵਜੰਮੇ ਬੱਚੇ ਵੀ ਸਵਾਰ ਸਨ।

### ਮਾਮਲਾ ਡਰੱਗ ਸਮੱਗਲਿੰਗ ਨਾਲ ਜੁੜੇ ਮਨੀ ਲਾਂਡਰਿੰਗ ਦਾ

## ਅਦਾਲਤ ਨੇ ਚੁੰਨੀ ਲਾਲ ਗਾਬਾ ਨੂੰ 20 ਜੂਨ ਤੱਕ ਦਿੱਤੀ ਜ਼ਮਾਨਤ

ਐੱਸ. ਏ. ਐੱਸ. ਨਗਰ-ਭੋਲਾ ਡਰੱਗਜ਼ ਮਾਮਲੇ ਵਿਚ ਈਡੀ ਵਲੋਂ ਮਨੀ ਲਾਂਡਰਿੰਗ ਮਾਮਲੇ ਵਿਚ ਨਾਮਜ਼ਦ ਕੀਤੇ ਚੁੰਨੀ ਲਾਲ ਗਾਬਾ ਜਿਸ ਨੂੰ ਹਾਈਕੋਰਟ ਦੇ ਹੁਕਮਾਂ ਮੁਤਾਬਿਕ ਪੈਰੋਲ 'ਤੇ ਛੱਡਿਆ ਗਿਆ ਸੀ, ਦੇ ਵਕੀਲ ਵਲੋਂ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਹਰਪ੍ਰੀਤ ਕੌਰ ਦੀ ਅਦਾਲਤ ਵਿਚ 20 ਜੂਨ ਤੱਕ ਆਰਜ਼ੀ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਦੱਸਣਯੋਗ ਹੈ ਕਿ ਈਡੀ ਵਲੋਂ ਦੋ ਸਾਬਕਾ ਮੰਤਰੀਆਂ ਸਮੇਤ 12 ਮੁਲਜ਼ਮਾਂ ਅਤੇ ਉਨ੍ਹਾਂ ਦੀਆਂ ਵੱਖ-ਵੱਖ ਫ਼ਰਮਾਂ ਖ਼ਿਲਾਫ਼ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਈਡੀ ਵਲੋਂ ਪੇਸ਼ ਚਲਾਨ ਵਿਚ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਸਾਬਕਾ ਮੰਤਰੀ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ ਦੇ ਲੜਕੇ ਦਮਨਵੀਰ ਸਿੰਘ, ਜਗਜੀਤ ਸਿੰਘ ਚਾਹਲ, ਪਰਮਜੀਤ ਸਿੰਘ ਚਾਹਲ, ਇੰਦਰਜੀਤ ਕੌਰ, ਦਵਿੰਦਰ ਕਾਂਤ ਸ਼ਰਮਾ, ਜਸਵਿੰਦਰ ਸਿੰਘ, ਸਚਿਨ ਸਰਦਾਨਾ, ਸੁਸ਼ੀਲ ਕੁਮਾਰ ਸਰਦਾਨਾ, ਸ਼੍ਰੀਮਤੀ ਕੈਲਾਸ਼ ਸਰਦਾਨਾ, ਸ੍ਰੀਮਤੀ ਰਸ਼ਮੀ ਸਰਦਾਨਾ, ਚੁੰਨੀ ਲਾਲ ਗਾਬਾ, ਗੁਰਮੇਸ਼ ਗਾਬਾ ਤੇ ਚਾਹਲ ਦੀਆਂ ਕਈ ਕੰਪਨੀਆਂ ਸ਼ਾਮਲ ਹਨ।

## ਆਰਥਿਕ ਤੰਗੀ ਕਾਰਨ ਮਜ਼ਦੂਰ ਵੱਲੋਂ ਆਤਮ-ਹੱਤਿਆ

ਬੋਹਾ-ਕਰੋਨਾਵਾਇਰਸ ਦੇ ਮੱਦੇਨਜ਼ਰ ਲਗਾਏ ਗਏ ਕਰਫਿਊ ਕਾਰਨ ਵਿਗੜੀ ਮਾਲੀ ਹਾਲਤ ਕਰ ਕੇ ਅਤੇ ਆਪਣੇ ਸਿਰ ਚੜ੍ਹੇ ਕਰਜ਼ੇ ਕਾਰਨ ਨੇੜਲੇ ਪਿੰਡ ਮੱਲ ਸਿੰਘ ਵਾਲਾ ਦੇ ਇਕ ਦਲਿਤ ਨੌਜਵਾਨ ਗੁਰਦੀਪ ਸਿੰਘ ਸਿੰਘ ਫੂਲਾ (33) ਨੇ ਫ਼ਾਹਾ ਲੈ ਕੇ ਖੁਦਕਸ਼ੀ ਕਰ ਲਈ। ਉਸ ਦੇ ਭਰਾ ਹਰਦੀਪ ਸਿੰਘ ਨੇ ਦੱਸਿਆ ਕਿ ਕਰੋਨਾਵਾਇਰਸ ਦੀ ਰੋਕਥਾਮ ਲਈ ਲਗਾਏ ਗਏ ਕਰਫਿਊ ਦੌਰਾਨ ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਹੋਰ ਵਿਗੜ ਗਈ। ਪਿਛਲੇ ਡੇਢ ਮਹੀਨੇ ਤੋਂ ਦਿਹਾੜੀ ਨਾ ਮਿਲਣ ਕਾਰਨ ਘਰ ਵਿੱਚ ਭੁੱਖਮਰੀ ਵਾਲੀ ਸਥਿਤੀ ਪੈਦਾ ਹੋ ਗਈ ਸੀ ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਕਾਫੀ ਪ੍ਰੇਸ਼ਾਨ ਸੀ ਤੇ ਇਸੇ ਦਬਾਅ ਹੇਠ ਗੁਰਦੀਪ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਬੋਹਾ ਪੁਲੀਸ ਨੇ ਇਸ ਸਬੰਧੀ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਹੈ। ਗੁਰਦੀਪ ਆਪਣੇ ਪਿੱਛੇ ਪਤਨੀ ਤੇ ਧੀਆਂ ਛੱਡ ਗਿਆ ਹੈ।

## ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਡੀਆਈਜੀ-ਜੇਲ੍ਹਾਂ ਜਾਖੜ ਮੁਅੱਤਲ



ਚੰਡੀਗੜ੍ਹ-ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਡੀਆਈਜੀ- ਜੇਲ੍ਹਾਂ (ਅੰਮ੍ਰਿਤਸਰ) ਲਖਵਿੰਦਰ ਸਿੰਘ ਜਾਖੜ ਨੂੰ ਮੁਅੱਤਲ ਕਰ ਦਿੱਤਾ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਡੀਆਈਜੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਜਾਖੜ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

## ਗੁਰਦੁਆਰਿਆਂ ਵਿਚ ਚੜ੍ਹਾਵਾ ਘਟਿਆ

### ਫਿਰ ਵੀ ਰੋਜ਼ਾਨਾ ਲੱਖਾਂ ਲੋਕ ਛਕ ਰਹੇ ਲੰਗਰ

ਚੰਡੀਗੜ੍ਹ-ਕੋਰੋਨਾ ਵਾਇਰਸ ਮਹਾਮਾਰੀ ਦੇ ਚੱਲਦਿਆਂ ਦਿੱਲੀ ਦੇ ਗੁਰਦੁਆਰਿਆਂ ਵਿਚ ਲੰਗਰ ਛਕਣ ਵਾਲੇ ਬੇਸਹਾਰਾ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਇਜ਼ਾਫਾ ਹੋ ਰਿਹਾ ਹੈ। ਦੂਜੇ ਪਾਸੇ ਗੁਰਦੁਆਰਿਆਂ ਨੂੰ ਮਿਲਣ ਵਾਲੇ ਰਾਸ਼ਨ ਤੇ ਦਾਨ ਦੀ ਰਾਸ਼ੀ ਵਿਚ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਮੁਤਾਬਕ ਲੌਕਡਾਊਨ ਕਾਰਨ ਦਿੱਲੀ ਕਮੇਟੀ ਦੇ ਗੁਰਦੁਆਰਿਆਂ ਵਿਚ ਕਰੀਬ 50 ਲੱਖ ਬੇਘਰ, ਪਰਵਾਸੀ ਤੇ ਬਜ਼ੁਰਗਾਂ ਨੂੰ ਲੰਗਰ ਮਿਲ ਰਿਹਾ ਹੈ।

ਕੁਝ ਗੁਰਦੁਆਰਿਆਂ ਨੇ ਡਾਕਟਰਾਂ ਤੇ ਨਰਸਾਂ ਸਮੇਤ ਕਰੀਬ 200 ਸਿਹਤ ਕਰਮੀਆਂ ਨੂੰ ਆਸਰਾ ਦਿੱਤਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 500 ਲੋਕਾਂ ਨੂੰ ਲੌਕਡਾਊਨ ਦੌਰਾਨ ਰਾਹਤ ਕਾਰਜ ਲਈ ਤਾਇਨਾਤ ਕੀਤਾ ਗਿਆ ਹੈ ਜਿਨ੍ਹਾਂ ਵਿਚ ਖਾਣਾ ਬਣਾਉਣ ਵਾਲੇ, ਚਾਲਕ, ਸਫਾਈ ਕਰਮੀ ਸ਼ਾਮਲ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਇਸ ਤੋਂ ਪਹਿਲਾਂ ਦਿੱਲੀ ਦੇ ਗੁਰਦੁਆਰਿਆਂ ਵਿਚ 40 ਲੱਖ ਰੁਪਏ ਦਾ ਦਾਨ ਆਉਂਦਾ ਸੀ ਜਿਸ ਨਾਲ ਲੰਗਰ ਸੇਵਾ ਜਾਰੀ ਰੱਖਣ ਵਿਚ ਮਦਦ ਮਿਲਦੀ ਸੀ। ਸਿਰਸਾ ਨੇ ਕਿਹਾ ਕਿ ਲੌਕਡਾਊਨ ਕਾਰਨ ਲੋਕ ਗੁਰਦੁਆਰੇ ਨਹੀਂ ਆ ਸਕਦੇ ਜਿਸ ਕਾਰਨ ਦਾਨ ਤੇ ਚੜ੍ਹਾਵੇ ਵਿਚ ਕਮੀ ਤੋਂ ਬਾਅਦ 20 ਫੀਸਦ ਰਹਿ ਗਿਆ ਹੈ।

### ਮਾਮਲਾ ਬਲਵੰਤ ਸਿੰਘ ਮੁਲਤਾਨੀ ਦੇ ਅਗਵਾ ਤੇ ਕਤਲ ਦਾ

## ਸਿੱਖ ਜਥੇਬੰਦੀਆਂ ਵੱਲੋਂ ਪੀੜਤਾਂ ਲਈ ਨਿਆਂ ਦੀ ਮੰਗ

ਅੰਮ੍ਰਿਤਸਰ-ਦਮਦਮੀ ਟਕਸਾਲ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ 29 ਸਾਲਾਂ ਬਾਅਦ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਅਤੇ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦੇ ਮਾਮਲੇ ਵਿਚ ਨਿਆਂ ਦੀ ਮੰਗ ਕੀਤੀ ਹੈ। ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਆਖਿਆ ਕਿ ਕੈਪਟਨ ਸਰਕਾਰ ਨੇ ਉਸ ਵੇਲੇ ਦੇ ਪੁਲੀਸ ਅਧਿਕਾਰੀ ਸੁਮੇਧ ਸੈਣੀ ਖ਼ਿਲਾਫ਼ ਕੇਸ ਦਰਜ ਕੀਤਾ ਹੈ ਤੇ ਹੁਣ ਪੀੜਤ ਪਰਿਵਾਰ ਨੂੰ ਨਿਆਂ ਦੇਣ ਲਈ ਨਾਮਜ਼ਦ ਸਾਬਕਾ ਪੁਲੀਸ ਅਧਿਕਾਰੀ ਨੂੰ ਗ੍ਰਿਫ਼ਤਾਰ ਵੀ ਕਰਨ। ਉਨ੍ਹਾਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ-ਕਾਂਡ ਵਿੱਚ ਵੀ ਇਸ ਸਾਬਕਾ ਪੁਲੀਸ ਅਧਿਕਾਰੀ ਕੋਲੋਂ ਜੁਆਬ-ਤਲਬੀ ਦੀ ਮੰਗ ਕੀਤੀ ਹੈ। ਟਕਸਾਲ ਮੁਖੀ ਨੇ ਸਾਬਕਾ ਪੁਲੀਸ ਅਧਿਕਾਰੀ ਦੀ ਵਕਾਲਤ ਲਈ ਅਦਾਲਤ ਵਿਚ ਪਹੁੰਚ ਕਰਨ ਵਾਲੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਦੀ ਵੀ ਨਿਖੇਧੀ ਕੀਤੀ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਪਣੇ ਫੇਸਬੁੱਕ ਪੇਜ 'ਤੇ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ 29 ਸਾਲ ਤੋਂ ਨਿਆਂ ਲਈ ਉਡੀਕ ਕੀਤੀ ਜਾ ਰਹੀ ਸੀ, ਜੋ ਕੇਸ ਖਤਮ ਹੋਣ ਤੇ ਨਤੀਜਾ ਆਉਣ ਤਕ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਬੇਦੋਸ਼ਿਆਂ ਲਈ ਨਿਆਂ ਦੀ ਮੰਗ ਕਰਦਿਆਂ ਜਸਵੰਤ ਸਿੰਘ ਖਾਲੜਾ ਵਰਗੇ ਖੁਦ ਪੁਲੀਸ ਮੁਕਾਬਲੇ ਦਾ ਸ਼ਿਕਾਰ ਹੋ ਗਏ ਸਨ। ਹੁਣ ਅਜਿਹੇ ਹੀ ਪੁਲੀਸ ਮੁਕਾਬਲੇ ਦੇ ਮਾਮਲੇ ਵਿੱਚ ਸੁਮੇਧ ਸੈਣੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਯੂਨਾਈਟਿਡ ਅਕਾਲੀ ਦਲ ਦੇ ਆਗੂ ਭਾਈ ਮੋਹਕਮ ਸਿੰਘ ਨੇ ਸੁਮੇਧ ਸੈਣੀ ਦੀ ਵਕਾਲਤ ਲਈ ਗਏ ਐਡਵੋਕੇਟ ਸਤਨਾਮ ਸਿੰਘ ਕਲੇਰ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਾਬਕਾ ਪੁਲੀਸ ਅਧਿਕਾਰੀ ਨੂੰ ਬਚਾਉਣ ਲਈ ਯਤਨ ਕਰ ਰਿਹਾ ਹੈ।

## ਕੇਜਰੀਵਾਲ ਬਣੇ ਨੰਬਰ-1 ਮੁੱਖ ਮੰਤਰੀ, ਮੋਦੀ ਨੂੰ ਮਿਲੀ 71% ਰੇਟਿੰਗ

ਕੋਰੋਨਾ ਖਿਲਾਫ ਜੰਗ ਵਿਚ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਹਰ ਪਾਸੇ ਵਾਹ-ਵਾਹ ਹੋ ਰਹੀ ਹੈ। ਇਸ ਸਬੰਧੀ ਕਰਵਾਏ ਇਕ ਸਰਵੇਖਣ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀਆਂ ਦੀ ਸੂਚੀ ਵਿਚ ਪਹਿਲੇ ਨੰਬਰ 'ਤੇ ਹਨ। ਕੇਜਰੀਵਾਲ ਨੂੰ 65% ਰੇਟਿੰਗ ਮਿਲੀ ਹੈ, ਜਦਕਿ ਕਰਨਾਟਕ ਦੇ ਮੁੱਖ ਮੰਤਰੀ ਬੀਐਸ ਯੇਦੀਯੁਰੱਪਾ ਦੂਜੇ ਨੰਬਰ 'ਤੇ ਹਨ। ਉਨ੍ਹਾਂ ਨੂੰ 56 ਪ੍ਰਤੀਸ਼ਤ ਰੇਟਿੰਗ ਮਿਲੀ ਹੈ। ਇਸ ਸੂਚੀ ਵਿਚ ਤੀਜਾ, ਤੇਲੰਗਾਨਾ ਦੇ ਸੀਐਮ ਚੰਦਰਸ਼ੇਖਰ ਰਾਓ ਅਤੇ ਚੌਥੇ ਸਥਾਨ 'ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਨੂੰ 40 ਪ੍ਰਤੀਸ਼ਤ ਰੇਟਿੰਗ ਮਿਲੀ ਹੈ।

TIMES NOW ਤੇ ORMAX Media ਵੱਲੋਂ ਕਰਵਾਏ ਸਰਵੇਖਣ ਵਿਚ ਦੇਸ਼ ਦੇ 6 ਮੈਟਰੋ ਸ਼ਹਿਰਾਂ ਦਿੱਲੀ, ਮੁੰਬਈ, ਕੋਲਕਾਤਾ, ਬੈਂਗਲੁਰੂ, ਹੈਦਰਾਬਾਦ ਅਤੇ ਚੇਨਈ ਵਿੱਚ ਕੀਤਾ ਗਿਆ ਸੀ। ਸਰਵੇਖਣ ਵਿਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਇਨ੍ਹਾਂ ਛੇ ਸ਼ਹਿਰਾਂ ਵਿਚ ਕੋਰੋਨਾ ਵਾਇਰਸ ਸਬੰਧੀ ਚੁੱਕੇ ਗਏ ਕਦਮਾਂ ਦੀ ਬਹੁਤ ਪ੍ਰਸ਼ੰਸਾ ਕੀਤੀ। ਮੋਦੀ ਨੂੰ ਸਮੁੱਚੀ ਦਰਜਾ ਪ੍ਰਾਪਤ 71 ਪ੍ਰਤੀਸ਼ਤ ਮਿਲਿਆ ਹੈ।

## ਕੋਰੋਨਾ ਵਾਇਰਸ ਦੀ ਦਵਾਈ ਨਾ ਮਿਲਣ ਤੱਕ ਨਾ ਹਟਾਓ ਲਾਕਡਾਊਨ-ਸਟੱਡੀ

ਸ਼ਿੰਗਾਈ-ਕੋਰੋਨਾਵਾਇਰਸ ਬਾਰੇ ਇਕ ਨਵੇਂ ਅਧਿਐਨ ਵਿਚ ਕਿਹਾ ਗਿਆ ਹੈ ਕਿ ਜਦੋਂ ਤੱਕ ਕੋਰੋਨਾ ਦੀ ਵੈਕਸੀਨ ਨਹੀਂ ਮਿਲ ਜਾਂਦੀ, ਉਦੋਂ ਤੱਕ ਸੰਕਰਮਣ ਦਾ ਸਾਹਮਣਾ ਕਰ ਰਹੇ ਦੇਸ਼ਾਂ ਕੋਲ ਇਸ ਵਾਇਰਸ ਤੋਂ ਬਚਣ ਲਈ ਲੌਕਡਾਊਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਇਹ ਸਟੱਡੀ ਚੀਨ ਵਿਚ ਕੋਰੋਨਾ ਵਾਇਰਸ ਦੀ ਲਾਗ ਦੇ ਫੈਲਣ ਦੇ ਮਾਮਲਿਆਂ ਦਾ ਅਧਿਐਨ ਕਰਨ ਤੋਂ ਬਾਅਦ ਸਾਹਮਣੇ ਆਈ ਹੈ। ਹਾਂਗਕਾਂਗ ਦੀ ਯੂਨੀਵਰਸਿਟੀ ਦੇ ਪ੍ਰੋਫੈਸਰ ਟੀ ਵੂ, ਜੋ ਇਸ ਖੋਜ ਦੀ ਅਗਵਾਈ ਕਰ ਰਹੇ ਹਨ, ਨੇ ਕਿਹਾ ਹੈ ਕਿ ਲੋਕਾਂ ਦੀ ਆਵਾਜਾਈ 'ਤੇ ਲਗਾਈਆਂ ਪਾਬੰਦੀਆਂ ਨੇ ਲਾਗਾਂ ਦੀ ਗਿਣਤੀ ਘਟਾਉਣ 'ਚ ਮਦਦ ਕੀਤੀ। ਪਰ ਹੁਣ ਸਕੂਲ-ਕਾਲਜ ਅਤੇ ਕਾਰੋਬਾਰ-ਕਾਰਖਾਨਿਆਂ ਦੇ ਖੁੱਲ੍ਹਣ ਨਾਲ, ਲੋਕ ਇਕ ਦੂਜੇ ਦੇ ਸੰਪਰਕ ਵਿਚ ਆਉਣਗੇ। ਇਹ ਲਾਗ ਦੇ ਜੋਖਮ ਨੂੰ ਵਧਾ ਦੇਵੇਗਾ। ਇਹ ਪੂਰੀ ਦੁਨੀਆ ਲਈ ਖ਼ਤਰਨਾਕ ਹੋਵੇਗਾ। ਖੋਜਕਰਤਾਵਾਂ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਧਿਐਨ ਉਨ੍ਹਾਂ ਦੇਸ਼ਾਂ 'ਤੇ ਵੀ ਲਾਗੂ ਹੁੰਦਾ ਹੈ, ਜਿਨ੍ਹਾਂ ਨੇ ਵਾਇਰਸ ਦੀ ਲਾਗ ਦੇ ਸ਼ੁਰੂਆਤੀ ਦਿਨਾਂ ਵਿੱਚ ਤਾਲਾਬੰਦੀ ਲਗਾਈ ਸੀ ਅਤੇ ਹੁਣ ਉਹ ਇਸ ਵਿੱਚ ਢਿੱਲ ਦੇਣ ਜਾ ਰਹੇ ਹਨ।

## ਸੁਪਰੀਮ ਕੋਰਟ ਜੰਮੂ-ਕਸ਼ਮੀਰ ਵਿਚ 4ਜੀ ਇੰਟਰਨੈਟ ਸੇਵਾਵਾਂ ਤੋਂ ਇਨਕਾਰੀ

ਜੰਮੂ-ਕਸ਼ਮੀਰ-ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਵਿਚ 4ਜੀ ਇੰਟਰਨੈੱਟ ਬਹਾਲ ਕਰਨ ਤੋਂ ਫਿਲਹਾਲ ਇਨਕਾਰ ਕਰ ਦਿੱਤਾ ਹੈ। 4ਜੀ ਸੇਵਾਵਾਂ ਚਾਲੂ ਕਰਨ ਨੂੰ ਲੈਕੇ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਇਸ ਮਾਮਲੇ ਵਿਚ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ। ਜੋ ਵੱਖ-ਵੱਖ ਪਟੀਸ਼ਨਕਰਤਾ ਵੱਲੋਂ ਚੁੱਕੇ ਗਏ ਵਿਵਾਦਾਂ ਨੂੰ ਦੇਖੇਗੀ। ਕਮੇਟੀ ਦੀ ਅਗਵਾਈ ਗ੍ਰਹਿ ਮੰਤਰਾਲਾ ਸਕੱਤਰ ਵੱਲੋਂ ਕੀਤੀ ਜਾਵੇਗੀ।

## ਗੈਂਗਰੇਪ ਪੀੜਤਾ ਨਿਕਲੀ ਕੋਰੋਨਾ ਪੌਜ਼ੇਟਿਵ, ਪੁਲੀਸ ਦੇ ਉੱਡੇ ਹੋਸ਼

ਨਵੀਂ ਦਿੱਲੀ-ਕੋਰੋਨਾ ਦੀ ਦਹਿਸ਼ਤ ਵਿਚ ਵੀ ਬਲਾਤਕਾਰ ਜਿਹੀਆਂ ਸ਼ਰਮਨਾਕ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਕੇਂਦਰੀ ਜ਼ਿਲ੍ਹਾ ਪੁਲਿਸ ਅਨੁਸਾਰ 16 ਸਾਲਾ ਲੜਕੀ ਆਪਣੇ ਪਰਿਵਾਰ ਨਾਲ ਨਬੀ ਕਰੀਮ ਵਿੱਚ ਕਿਰਾਏ 'ਤੇ ਰਹਿੰਦੀ ਹੈ। ਇਲਜ਼ਾਮ ਹੈ ਕਿ ਉਸ ਦੀ ਇਮਾਰਤ ਵਿਚ ਰਹਿਣ ਵਾਲੇ ਹਿੰਦੂ ਭਾਈਚਾਰੇ ਦੇ ਨੌਜਵਾਨ ਨੇ ਉਸ ਨੂੰ ਬਹਾਨੇ ਨਾਲ ਘਰ ਬੁਲਾਇਆ ਤੇ ਫਿਰ ਬਲਾਤਕਾਰ ਦੀ ਘਟਨਾ ਨੂੰ ਅੰਜਾਮ ਦਿੱਤਾ। ਇਸ ਤੋਂ ਬਾਅਦ ਉਸ ਦਾ ਰਿਸ਼ਤੇਦਾਰ ਸਮੀਮੁੱਲਾ ਵੀ ਪਹੁੰਚ ਗਿਆ ਤੇ ਉਸ ਨੇ ਬਲਾਤਕਾਰ ਦੀ ਘਟਨਾ ਨੂੰ ਵੀ ਅੰਜਾਮ ਦਿੱਤਾ। ਘਟਨਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ ਪਰ ਜਦੋਂ ਨਾਬਾਲਿਗ ਦੀ ਮੈਡੀਕਲ ਜਾਂਚ ਰਿਪੋਰਟ ਆਈ ਤਾਂ ਇਹ ਕੋਰੋਨਾ ਪੌਜ਼ੇਟਿਵ ਨਿਕਲੀ। ਨਾਬਾਲਗ ਨੂੰ ਜੁਵੇਨਾਇਲ ਜਸਟਿਸ ਬੋਰਡ ਵਿਚ ਪੇਸ਼ ਕਰਨ ਤੋਂ ਬਾਅਦ ਬਾਲ ਸੁਧਾਰ ਘਰ ਤੇ ਬਾਲਗ ਨੂੰ ਤੀਸ ਹਜ਼ਾਰੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ। ਦੂਜੇ ਪਾਸੇ, ਕਾਰਵਾਈ ਵਿਚ ਸ਼ਾਮਲ ਸਾਰੇ ਪੁਲਿਸ ਕਰਮਚਾਰੀਆਂ ਨੂੰ ਮੈਜਿਸਟਰੇਟ ਤੇ ਰੀਡਰ ਸਮੇਤ ਹੋਮ ਕੁਆਰੰਟੀਨ ਰਹਿਣ ਲਈ ਕਿਹਾ ਗਿਆ।


Key workers,
we thank you.
Millions of you are helping
to keep our country moving
and we thank you for it.
We're key workers
supporting key workers.
SOUTHERN
WE'RE WITH YOU

# ਖਪਤਕਾਰਾਂ ਨੇ ਸੰਸਾਰ ਮੰਡੀਆਂ 'ਚੋਂ ਕੋਰੋਨਾ ਸੰਕਟ ਦੌਰਾਨ 8300 ਕਰੋੜ ਡਾਲਰ ਕੱਢੇ

**○ ਸੰਸਾਰ ਅਰਥਚਾਰਾ ਭਿਅੰਕਰ ਮੰਦੀ 'ਚ ਫਸਿਆ ○ ਅਰਥਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਇਹ ਮੰਦੀ 2008-09 ਦੀ ਸੰਸਾਰ ਮੰਦੀ ਨਾਲ਼ੋਂ ਕਿਤੇ ਭਿਅੰਕਰ ਹੋਵੇਗੀ ○ ਕਰੋਨਾ ਕਰਕੇ ਸੰਸਾਰ ਭਰ ਵਿੱਚ ਹੋਏ ਲੌਕਡਾਊਨ ਕਰਕੇ ਸੱਨਅਤਾਂ, ਸੈਰ-ਸਪਾਟਾ, ਆਵਾਜਾਈ, ਵਪਾਰ, ਮਨੋਰੰਜਨ ਸੱਨਅਤ ਸਮੇਤ ਲਗਭਗ ਸਭ ਤਰ੍ਹਾਂ ਦੀਆਂ ਸੱਨਅਤਾਂ ਬੁਰੀ ਤਰ੍ਹਾਂ ਪ੍ਰਭਾਵਿਤ**

ਜਲੰਧਰ (ਪੰਜਾਬ ਟਾਈਮਜ਼ ਬਿਊਰੋ)- ਕਰੋਨਾ ਮਹਾਂਮਾਰੀ ਕਰਕੇ ਪੈਦਾ ਹੋਏ ਸੰਕਟ ਨਾਲ਼ ਜਿੱਥੇ ਪੂਰੇ ਸੰਸਾਰ ਵਿੱਚ ਲੋਕਾਈ ਦਾ ਸਮਾਜਿਕ ਜੀਵਨ ਲੀਹੋਂ ਲੱਥਾ ਹੈ, ਉੱਥੇ ਸੰਸਾਰ ਅਰਥਚਾਰਾ ਭਿਅੰਕਰ ਮੰਦੀ ਵਿੱਚ ਫਸਦਾ ਜਾ ਰਿਹਾ ਹੈ। ਅਰਥਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਇਹ ਮੰਦੀ 2008-09 ਦੀ ਸੰਸਾਰ ਮੰਦੀ ਨਾਲ਼ੋਂ ਕਿਤੇ ਭਿਅੰਕਰ ਹੋਵੇਗੀ। ਹੋਰ ਤਾਂ ਹੋਰ ਇਸ ਆਰਥਿਕ ਸੰਕਟ ਨੂੰ 1929-30 ਦੀ ਮਹਾਂਮੰਦੀ ਤੋਂ ਵੀ ਕਈ ਮਾਅਨਿਆਂ ਵਿੱਚ ਜ਼ਿਆਦਾ ਲੰਮਾ ਹੋਣ ਦੇ ਕਿਆਸ ਪੇਸ਼ ਕੀਤੇ ਜਾ ਰਹੇ ਹਨ ਤੇ ਇਸ ਵੇਲ਼ੇ ਨੂੰ ਸੰਸਾਰ ਸਰਮਾਏਦਾਰੀ ਦੇ ਪਿਛਲੇ 150 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਚੁਣੌਤੀਪੂਰਨ ਸਮਾਂ ਮੰਨਿਆ ਜਾ ਰਿਹਾ ਹੈ। ਮੌਜੂਦਾ ਆਰਥਕ ਸੰਕਟ ਆਉਣ ਦੇ ਕਿਆਸ ਤਾਂ ਪਹਿਲਾਂ ਹੀ ਅਰਥਸ਼ਾਸ਼ਤਰੀਆਂ ਵੱਲੋਂ ਲਗਾਏ ਜਾ ਰਹੇ ਸਨ, ਕਰੋਨਾ ਨੇ ਇਸ ਸੱਲ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਇਸ ਕਰਕੇ ਇਸ ਸੰਕਟ ਨੂੰ ਨਿਰੋਲ ਕਰੋਨਾ ਕਰਕੇ ਪੈਦਾ ਹੋਏ ਸੰਕਟ ਵਜੋਂ ਨਾ ਵੇਖਦਿਆਂ ਸਰਮਾਏਦਾਰਾ ਢਾਂਚੇ ਦੇ ਵਜੂਦ ਸਮੋਏ ਆਰਥਕ ਸੰਕਟਾਂ ਦੀ ਲਗਾਤਾਰਤਾ ਵਜੋਂ ਹੀ ਵੇਖਣਾ ਤੇ ਪੜਤਾਲਣਾ ਚਾਹੀਦਾ ਹੈ।

ਕਰੋਨਾ ਕਰਕੇ ਸੰਸਾਰ ਭਰ ਵਿੱਚ ਹੋਏ ਸੰਪੂਰਨ ਜਾਂ ਅੰਸ਼ਿਕ ਬੰਦ ਕਰਕੇ ਸੱਨਅਤਾਂ, ਸੈਰ-ਸਪਾਟਾ, ਆਵਾਜਾਈ, ਵਪਾਰ, ਮਨੋਰੰਜਨ ਸੱਨਅਤ ਸਮੇਤ ਲਗਭਗ ਸਭ ਤਰ੍ਹਾਂ ਦੀਆਂ ਸੱਨਅਤਾਂ ਬੁਰੇ ਰੁਖ ਪ੍ਰਭਾਵਿਤ ਹੋਈਆਂ ਹਨ। ਕੰਮਕਾਜ ਠੱਪ ਹੋਏ ਹਨ। ਨਿਵੇਸ਼ ਘਟੇ ਹਨ, ਅਸੁਰੱਖਿਆ ਵਿੱਚੋਂ ਖਪਤਕਾਰਾਂ ਨੇ ਸੰਸਾਰ ਮੰਡੀਆਂ ਵਿਚੋਂ ਇਸੇ ਦੌਰਾਨ 8300 ਕਰੋੜ ਡਾਲਰ ਕੱਢ ਲਏ ਹਨ। ਕੌਮਾਂਤਰੀ ਮੁਦਰਾ ਕੋਸ਼ ਦੇ ਮੁਤਾਬਕ ਇਹ ਅਰਥਚਾਰੇ ਵਿੱਚੋਂ ਸਰਮਾਇਆ ਬਾਹਰ ਕੱਢਣ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਜਿਸ ਕਾਰਨ ਸੰਸਾਰ ਅਰਥਚਾਰਾ ਮੂਧੇ ਮੂੰਹ ਡਿੱਗਿਆ ਹੈ। ਵਿਕਾਸਸ਼ੀਲ ਦੇਸ਼ ਜਾਂ ਹੋਰ ਉੱਭਰ ਰਹੇ ਅਰਥਚਾਰੇ ਇਹਨਾਂ ਹਾਲਤਾਂ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਮੁਲਕਾਂ ਉੱਤੇ ਕਰਜੇ ਰਿਕਾਰਡ ਤੋੜ ਹੱਦ ਤੱਕ ਅੱਪੜ ਚੁੱਕੇ ਹਨ। ਕੌਮਾਂਤਰੀ ਮੁਦਰਾ ਕੋਸ਼ ਦੀ ਗੀਤਾ ਗੋਪੀਨਾਥ ਦਾ ਕਹਿਣਾ ਹੈ ਕਿ ਵਿੱਤੀ ਵਰੇ 2020-21 ਵਿੱਚ ਸੰਸਾਰ ਅਰਥਚਾਰੇ ਦੀ ਵਾਧਾ ਦਰ -3.0 ਫੀਸਦੀ ਰਹਿਣ ਦੀ ਸੰਭਾਵਨਾ ਹੈ। ਇਸ ਵਿੱਤੀ ਵਰੇ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ 1.9 ਫੀਸਦੀ (ਪਰ ਹੋਰਾਂ ਰੇਟਿੰਗ ਏਜੰਸੀਆਂ ਜਿਵੇਂ ਮੂਡੀਜ ਨੇ ਭਾਰਤ ਦੀ ਵਾਧਾ ਦਰ 0.2 ਫੀਸਦੀ ਅਤੇ ਫਿਚ ਰੇਟਿੰਗਸ ਨੇ 0.8 ਫੀਸਦੀ ਦਾ ਕਿਆਸ ਲਾਇਆ ਹੈ), ਚੀਨ ਦੀ 1.2 ਫੀਸਦੀ, ਅਮਰੀਕਾ -5.9 ਫੀਸਦੀ, ਜਪਾਨ -5.2 ਫੀਸਦੀ, ਇੰਗਲੈਂਡ -6.5 ਫੀਸਦੀ, ਜਰਮਨੀ -7.0 ਫੀਸਦੀ, ਫਰਾਂਸ -7.2 ਫੀਸਦੀ, ਇਟਲੀ -9.1 ਫੀਸਦੀ, ਸਪੇਨ -8.0 ਫੀਸਦੀ, ਇੰਡੋਨੇਸ਼ੀਆ 0.5 ਫੀਸਦੀ, ਥਾਈਲੈਂਡ -6.7 ਫੀਸਦੀ, ਲਤੀਨੀ ਅਮਰੀਕਾ -5.2 ਫੀਸਦੀ, ਬ੍ਰਾਜ਼ੀਲ -5.3 ਫੀਸਦੀ, ਮੈਕਸੀਕੋ -6.6 ਫੀਸਦੀ, ਯੂਰਪ -5.2 ਫੀਸਦੀ, ਰੂਸ -5.5 ਫੀਸਦੀ, ਮੱਧ ਪੂਰਬ ਅਤੇ ਕੇਂਦਰੀ ਏਸ਼ੀਆ -2.8 ਫੀਸਦੀ, ਸਊਦੀ ਅਰਬ -2.3 ਫੀਸਦੀ, ਸਬ ਸਹਾਰਾ ਅਫਰੀਕਾ -1.6 ਫੀਸਦੀ, ਨਾਈਜੀਰੀਆ -3.4 ਫੀਸਦੀ, ਦੱਖਣੀ ਅਫਰੀਕਾ -5.8 ਫੀਸਦੀ ਰਹਿਣ ਦੇ ਕਿਆਸ ਹਨ। ਸੰਸਾਰ ਦੇ ਕੁੱਲ ਦੇਸ਼ਾਂ ਵਿੱਚੋਂ 90 ਫੀਸਦੀ ਦੇਸ਼ਾਂ ਵਿੱਚ ਵਾਧਾ ਦਰ



ਰਿਣਾਤਮਕ(-) ਰਹੇਗੀ, ਜਦਕਿ 2009 ਦੇ ਸੰਕਟ ਸਮੇਂ ਸਿਰਫ 62 ਫੀਸਦੀ ਦੇਸ਼ਾਂ ਦੀ ਵਾਧਾ ਦਰ ਰਿਣਾਤਮਕ ਸੀ। ਇਹਨਾਂ ਮਾਅਨਿਆਂ ਵਿੱਚ ਵੀ ਇਹ ਆਰਥਕ ਸੰਕਟ 2008-09 ਦੇ ਆਰਥਕ ਸੰਕਟ ਤੋਂ ਕਿਤੇ ਜ਼ਿਆਦਾ ਭਿਅੰਕਰ ਹੈ। ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਅਸਲ ਹਾਲਤਾਂ ਕਿਆਸੀਆਂ ਹਾਲਤਾਂ ਤੋਂ ਕਿਤੇ ਜ਼ਿਆਦਾ ਬੁਰੀਆਂ ਹੋਣਗੀਆ। ਭਾਰਤ ਵਿੱਚ ਵਾਧਾ ਦਰ ਦੇ 1 ਫੀਸਦੀ ਘਟਣ ਨਾਲ਼ 2 ਲੱਖ ਕਰੋੜ ਦਾ ਨੁਕਸਾਨ ਹੁੰਦਾ ਹੈ ਅਤੇ 5 ਫੀਸਦੀ ਘਟਣ ਦਾ ਮਤਲਬ ਹੈ 10 ਲੱਖ ਕਰੋੜ ਦਾ ਨੁਕਸਾਨ। ਇਸ ਕਰਕੇ ਸਪੱਸ਼ਟ ਹੈ ਕਿ ਭਾਰਤ ਇਸ ਸੰਕਟ ਦਾ ਬੋਝ ਝੱਲਣ ਨੂੰ ਬਿਲਕੁਲ ਵੀ ਤਿਆਰ ਨਹੀਂ ਹੈ।

ਅਸਲ ਵਿੱਚ 2008-09 ਦੇ ਸੰਸਾਰ ਵਿਆਪੀ ਆਰਥਕ ਸੰਕਟ ਤੋਂ ਮਗਰੋਂ ਹੀ ਅਰਥਸ਼ਾਸ਼ਤਰੀ 2020 ਵਿੱਚ ਇੱਕ ਵੱਡੇ ਆਰਥਕ ਸੰਕਟ ਆਉਣ ਦੇ ਦਾਅਵੇ ਪੇਸ਼ ਕਰ ਰਹੇ ਸਨ। 2008 ਦੇ ਆਰਥਕ ਸੰਕਟ ਤੋਂ ਖਹਿੜਾ ਛੁਡਾਉਣ ਵਾਸਤੇ ਸੰਸਾਰ ਦੇ ਕਈ ਵੱਡੇ ਅਰਥਚਾਰਿਆਂ ਨੇ ਮੁਦਰਿਕ ਉਤੇਜਕਾਂ ਦੇ ਟੀਕੇ ਲਾਏ, ਜਿਸ ਨਾਲ਼ ਸਰਮਾਏਦਾਰੀ ਨੂੰ ਸੰਕਟ ਤੋਂ ਵਕਤੀ ਰਾਹਤ ਤਾਂ ਮਿਲ਼ੀ। ਪਰ ਆਰਥਿਕ ਸੰਕਟ ਸਰਮਾਏਦਾਰਾ ਢਾਂਚੇ ਦੇ ਵਜੂਦ ਸਮੋਇਆ ਵਰਤਾਰਾ ਹੈ। ਕਿਉਂਕਿ ਸਰਮਾਏਦਾਰੀ ਸੰਕਟ ਨਫੇ ਦੀ ਘਟਦੀ ਦਰ ਦੇ ਲਾਜਮੀ ਸਿੱਟੇ ਵਜੋਂ ਪੈਦਾ ਹੁੰਦੇ ਹਨ, ਜਿਸਦੇ ਘਟਣ ਨਾਲ਼ ਨਿਵੇਸ਼ ਵੀ ਘਟਦੇ ਹਨ। ਇਸ ਨਫੇ ਦੀ ਦਰ ਨੂੰ ਬਣਾਈ ਰੱਖਣ ਵਾਸਤੇ ਸਰਮਾਏਦਾਰਾ ਹਕੂਮਤਾਂ ਲਗਾਤਾਰ ਮੁਦਰਕ ਉਤੇਜਕਾਂ, ਕਰਜ ਵਿਸਥਾਰ ਦੀਆਂ ਨੀਤੀਆਂ ਰਾਹੀਂ ਢਾਂਚੇ ਨੂੰ ਨੌ ਬਰ ਨੌ ਕਰਨ ਦਾ ਤੰਤ ਲਾਉਂਦੀਆਂ ਹਨ। 2008-09 ਵਿੱਚ ਸਰਮਾਏਦਾਰਾ ਹਾਕਮਾਂ ਨੇ ਇਵੇਂ ਹੀ ਕੀਤਾ ਜਿਸਨੇ ਇਸਨੂੰ ਇੱਕ ਵਾਰ ਵਕਤੀ ਰਾਹਤ ਤਾਂ ਦਿੱਤੀ ਪਰ 2020 ਦਾ ਆਰਥਕ ਸੰਕਟ ਉਹਨਾਂ ਅੱਗੇ ਮੂੰਹ ਅੱਡੀ ਖੜ੍ਹਾ ਸੀ। ਜਿਸਨੂੰ ਅੱਜ ਨਿਰੋਲ ਕਰੋਨਾ ਦੇ ਸਿਰ ਮੜ੍ਹਕੇ ਹਾਕਮ ਸਰਮਾਏਦਾਰਾ ਢਾਂਚੇ ਦੀ ਵਾਜਬੀਅਤ ਬਣਾਕੇ ਉਮਰ ਲੰਮੇਰੀ ਕਰਨਾ ਚਾਹੁੰਦੇ ਹਨ।

ਅਖੌਤੀ ਕਰੋਨਾ ਨਾਲ਼ ਪੈਦਾ ਹੋਏ ਸੰਕਟ ਦਾ ਬਹਾਨਾ ਬਣਾਕੇ ਜਨਤਕ ਦਬਾਅ ਨੂੰ ਖੂੰਜੇ ਲਾਕੇ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਦੂਣ-ਸਵਾਇਆ ਕਰਨ ਹਿੱਤ ਆਰਥਕ ਸੁਧਾਰਾਂ ਦੀ ਰਫ਼ਤਾਰ ਤੇਜ ਕਰਨ ਦੀਆਂ ਤਿਆਰੀਆਂ ਵਿੱਢੀਆਂ ਗਈਆਂ ਹਨ। ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਹੋਰ ਸੰਸਾਰ ਸਾਮਰਾਜੀਆਂ-ਸਰਮਾਏਦਾਰਾਂ ਦੀਆਂ ਚਾਕਰ ਸੰਸਥਾਵਾਂ ਮੁਲਕਾਂ ਨੂੰ ਆਰਥਕ ਸੁਧਾਰ ਕਰਨ ਦੀ ਸਖ਼ਤ ਨਸੀਹਤ ਦੇ ਰਹੀਆਂ ਹਨ। ਇਹਨਾਂ ਆਰਥਕ ਸੁਧਾਰਾਂ ਜਰੀਏ ਸਰਮਾਏਦਾਰਾਂ ਦੀਆਂ ਝੋਲੀਆਂ ਭਰੀਆਂ ਜਾ ਰਹੀਆਂ ਹਨ, ਟੈਕਸਾਂ ਵਿੱਚੋਂ ਵੱਡੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਖਜਾਨਿਆਂ ਦਾ ਮੂੰਹ ਸਰਮਾਏਦਾਰਾਂ ਦੀਆਂ ਤਿਜੋਰੀਆਂ ਭਰਨ ਲਈ ਖੋਲ੍ਹਿਆ ਜਾ ਰਿਹਾ ਹੈ। ਭਾਰਤ ਦੇ ਸਰਮਾਏਦਾਰਾਂ ਦੀ ਸੰਸਥਾ ਫਿੱਕੀ ਨੇ ਪੈ ਰਹੇ ਘਾਟੇ ਦੀ ਪੂਰਤੀ ਲਈ ਸਰਕਾਰ ਤੋਂ 16 ਲੱਖ ਕਰੋੜ ਦੇ ਵਿੱਤੀ ਪੈਕੇਜ ਦੀ ਮੰਗ ਕੀਤੀ ਸੀ। ਸਰਕਾਰ ਨੇ ਪਹਿਲੇ ਬੋਲ ਹੀ ਆਵਦੇ ਮਾਲਕਾਂ ਦੀ ਮੰਗ ਪੂਰੀ ਕਰਦਿਆਂ 50 ਸਿਖਰਲੇ ਸਰਮਾਏਦਾਰਾਂ ਦੇ 68,600 ਕਰੋੜ ਰੁਪਏ ਵੱਟੇ ਖਾਤੇ ਪਾ ਦਿੱਤੇ ਹਨ, 50,000 ਕਰੋੜ ਦਾ ਵਿੱਤੀ ਉੱਤੇਜਕ ਮਿਊਚਲ ਫੰਡਜ ਲਈ ਐਲਾਨ ਕੇ, ਰਾਹਤ ਦੀ ਪਹਿਲੀ ਕਿਸ਼ਤ ਦੇ ਦਿੱਤੀ ਹੈ ਤੇ ਅਗਲੀਆਂ ਦੀ ਤਿਆਰੀ ਹੋ ਰਹੀ ਹੈ। ਸੰਸਾਰ ਸਰਮਾਏਦਾਰੀ ਢਾਂਚੇ ਦੇ ਗੱਡੇ ਨੂੰ ਆਰਥਕ ਸੰਕਟ ਦੀ ਗਾਰ ਵਿਚੋਂ ਕੱਢਣ ਲਈ ਵਿੱਤੀ ਉਤੇਜਕਾਂ ਜਰੀਏ ਧੱਕਾ ਲਾਇਆ ਜਾ ਰਿਹਾ ਹੈ। ਜਦੋਂ ਇੱਕ ਪਾਸੇ ਇਹ ਸੰਕਟ ਦਾ ਸਰਮਾਏਦਾਰਾਂ ਨੂੰ ਛੋਟਾਂ ਦੇਣ ਦੇ ਮੌਕੇ ਵਜੋਂ ਲਾਹਾ ਲਿਆ ਜਾ ਰਿਹਾ ਹੈ, ਤਾਂ ਦੂਜੇ ਪਾਸੇ ਸਾਮਰਾਜੀ ਦੇਸ਼ਾਂ ਜਾਂ ਉਹਨਾਂ ਦੀਆਂ ਸੰਸਥਾਵਾਂ ਵੱਲੋਂ ਗਰੀਬ ਮੁਲਕਾਂ ਨੂੰ ਸੰਕਟ ਤੋਂ ਨਜਿੱਠਣ ਦੇ ਨਾਂ ਉੱਤੇ ਆਰਥਕ ਮਦਦ ਪੇਸ਼ ਕਰਕੇ ਕਰਜਾ ਕੁੜਿੱਕੀ ਵਿੱਚ ਫਸਾਉਣ ਦੀਆਂ ਸੰਭਾਵਨਾਵਾਂ ਵੀ ਵੇਖੀਆਂ ਜਾ ਰਹੀਆਂ ਹਨ। ਕੌਮਾਂਤਰੀ ਮੁਦਰਾ ਕੋਸ਼ ਨੇ ਗਰੀਬ ਮੁਲਕਾਂ ਨੂੰ ਇਸ ਹਾਲਤ ਨਾਲ਼ ਨਜਿੱਠਣ ਲਈ 1000 ਅਰਬ ਡਾਲਰ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਹੈ, ਜਿਸ ਵਾਸਤੇ 81 ਮੁਲਕਾਂ ਨੇ ਬੇਨਤੀਆਂ ਵੀ ਕੀਤੀਆਂ ਹਨ। ਕਰੋਨਾ ਅਤੇ ਆਰਥਕ ਸੰਕਟ ਦੇ ਇਸ ਦੌਰ ਵਿੱਚ ਸਰਮਾਏਦਾਰਾਂ ਦੀਆਂ ਪੰਜੇ ਉਂਗਲਾਂ ਘਿਉ ਵਿੱਚ ਹਨ, ਕਿਉਂਕਿ ਜਨਤਕ ਦਬਾਅ ਪਹਿਲਾਂ ਹਾਕਮਾਂ ਵੱਲੋਂ ਕੀਤੇ ਆਰਥਕ ਸੁਧਾਰਾਂ ਦੀਆਂ ਕੋਸ਼ਿਸ਼ਾਂ ਮੂਹਰੇ ਹੋਕੇ ਰਾਹ ਡੱਕਦਾ ਰਿਹਾ ਹੈ। ਪਰ ਕਰੋਨਾ ਦਾ ਇਹ ਮੌਕਾ ਹਾਕਮਾਂ ਲਈ ਦੇਸ਼ ਦੀ ਲੋਕਾਈ ਨੂੰ ਘਰਾਂ ਅੰਦਰ ਡੱਕਕੇ ਮਨਚਾਹੇ ਫੈਸਲੇ ਕਰਨ ਦਾ ਮੌਕਾ ਸਾਬਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਜਦੋਂ ਪੂਰੀ ਦੁਨੀਆਂ ਦੀ ਕਿਰਤੀ ਅਬਾਦੀ ਦੁਸ਼ਵਾਰੀਆਂ ਕੱਟ ਰਹੀ ਹੈ ਤਾਂ ਉਦੋਂ ਇਸ ਮੌਕੇ ਵੀ ਸੰਸਾਰ ਦੇ ਸਿੱਖਰਲੇ 10 ਖਰਬਾਂ ਪਤੀਆਂ ਦੀ ਜਾਇਦਾਦ ਵਿੱਚ 51 ਅਰਬ ਡਾਲਰ ਦਾ ਵਾਧਾ ਹੋਇਆ ਹੈ।

ਦੂਜੇ ਪਾਸੇ ਇਸ ਸੰਕਟ ਦਾ ਸਾਰਾ ਬੋਝ ਦੇਸ਼-ਦੁਨੀਆਂ ਦੀ ਕਿਰਤੀ ਵਸੋਂ ਦੇ ਸਿਰ ਪਾ ਦਿੱਤਾ ਗਿਆ ਹੈ। ਸੰਸਾਰ ਮਜ਼ਦੂਰ ਸੰਸਥਾ ਦੇ ਅੰਕੜਿਆਂ ਮੁਤਾਬਕ ਪਿਛਲੇ ਕੁਝ ਸਮੇਂ ਵਿੱਚ ਹੀ ਬੇਰੁਜ਼ਗਾਰੀ ਦੀ ਦਰ ਵਿੱਚ ਰਿਕਾਰਡਤੋੜ ਵਾਧਾ ਹੋਇਆ ਹੈ। ਇਕੱਲੇ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ ਪਿਛਲੇ 30 ਦਿਨਾਂ ਵਿੱਚ 13.5 ਫੀਸਦੀ ਪਹੁੰਚ ਗਈ ਹੈ ਅਤੇ ਹਾਲੇ ਵਾਧਾ ਜਾਰੀ ਹੈ। ਮਾਰਚ ਮਹੀਨੇ ਵਿੱਚ ਵਾਧਾ ਦਰ 7.58 ਫੀਸਦੀ ਦਰਜ ਕੀਤੀ ਗਈ ਸੀ, ਜਦਕਿ ਅਗਲੇ ਹੀ ਮਹੀਨੇ ਇਹ ਦਰ ਦੁੱਗਣੇ ਨੂੰ ਟੱਪ ਚੁੱਕੀ ਹੈ। ਸਾਲ 2016 (ਦਰ 11.5 ਫੀਸਦੀ) ਤੋਂ ਮਗਰੋਂ ਪਹਿਲੀ ਵਾਰ ਬੇਰੁਜ਼ਗਾਰੀ ਦੀ ਦਰ ਦੋ-ਅੰਕੀ ਹੋਈ ਹੈ। ਸੰਕਟ ਦੀ ਇਸ ਮਾਰ ਹੇਠ ਸਭ ਤੋਂ ਜ਼ਿਆਦਾ ਦਿਹਾੜੀਦਾਰ, ਪ੍ਰਵਾਸੀ ਜਾਂ ਗੈਰਰਸਮੀ ਖੇਤਰ ਵਿੱਚ ਕੰਮ ਕਰਦੇ ਕਾਮੇ ਆਏ ਹਨ। ਕੌਮਾਂਤਰੀ ਮਜ਼ਦੂਰ ਸੰਸਥਾ ਮੁਤਾਬਕ ਇਸ ਸੰਕਟ ਦੀ ਵਜ੍ਹਾ ਨਾਲ਼ ਭਾਰਤ ਦੇ 40 ਕਰੋੜ ਗੈਰ ਰਸਮੀ ਕਾਮੇ ਭਿਅੰਕਰ ਗਰੀਬੀ ਦੀ ਹਾਲਤ ਵਿੱਚ ਧੱਕੇ ਜਾਣਗੇ, ਭਾਰਤ ਵਿੱਚ ਕੰਮ ਕਰਦੇ ਕੁੱਲ 'ਚੋਂ 90 ਫੀਸਦੀ ਤੋਂ ਜ਼ਿਆਦਾ ਕਾਮੇ ਗੈਰ-ਰਸਮੀ ਖੇਤਰ ਵਿੱਚ ਕੰਮ ਕਰਦੇ ਹਨ। ਸੰਸਾਰ ਪੱਧਰ ਉੱਤੇ ਕੁੱਲ ਕਾਮਾਸ਼ਕਤੀ ਵਿੱਚੋਂ ਲਗਭਗ 330 ਕਰੋੜ (81 ਫੀਸਦੀ) ਕਿਰਤੀ ਅਬਾਦੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਅੱਜ ਅਮਰੀਕਾ ਵਿੱਚ ਹਰੇਕ ਛੇ ਵਿੱਚੋਂ ਇੱਕ ਬੰਦਾ ਬੇਰੁਜ਼ਗਾਰ ਹੋ ਗਿਆ ਹੈ। ਅਮਰੀਕਾ ਵਿੱਚ ਪਿਛਲੇ ਇੱਕ ਹਫਤੇ ਵਿੱਚ 44 ਲੱਖ ਬੇਰੁਜ਼ਗਾਰਾਂ ਨੇ ਬੇਰੁਜ਼ਗਾਰੀ ਦਫਤਰ ਵਿੱਚ ਆਵਦਾ ਨਾਂ ਦਰਜ ਕਰਵਾਇਆ ਹੈ। ਜਦਕਿ ਪੰਜ ਹਫਤਿਆਂ ਵਿੱਚ 2 ਕਰੋੜ 60 ਲੱਖ ਲੋਕਾਂ ਨੇ ਬੇਰੁਜ਼ਗਾਰੀ ਦਫਤਰ ਵਿੱਚ ਨਾਂ ਦਰਜ ਕਰਵਾਇਆ ਹੈ। ਅਮਰੀਕਾ ਦੇ ਕਈ ਆਰਥਕਤਾ ਵਿਗਿਆਨੀਆਂ ਨੇ ਇਹਨਾਂ ਹਾਲਤਾਂ ਦੀ ਤੁਲਨਾ ਮਹਾਂਮੰਦੀ ਨਾਲ਼ ਕੀਤੀ ਹੈ ਕਿ 1931 ਤੋਂ 1940 ਦੀ ਮਹਾਂਮੰਦੀ ਵੇਲੇ ਸੰਸਾਰ ਬੇਰੁਜ਼ਗਾਰੀ ਦੀ ਦਰ 14 ਫੀਸਦੀ ਰਹੀ ਸੀ, ਜੋ ਹੁਣ 25 ਫੀਸਦੀ ਨੂੰ ਟੱਪਦੀ ਲੱਗਦੀ ਹੈ। ਇੱਥੋਂ ਤੱਕ ਕਿ 2009 ਦੀ ਮੰਦੀ ਵੇਲੇ ਵੀ ਇਹ ਦਰ 10 ਫੀਸਦੀ ਰਹੀ ਹੈ। ਪੂਰੇ ਸੰਸਾਰ ਭਰ ਵਿੱਚ ਕਰੋਨਾ ਸੰਕਟ ਨਾਲ਼ ਕਰੋੜਾਂ ਲੋਕਾਂ ਦਾ ਰੁਜ਼ਗਾਰ ਖੁੱਸਿਆ ਹੈ। ਸੰਕਟ ਦਾ ਸਾਰਾ ਬੋਝ ਇਸ ਵਾਰ ਫੇਰ ਹਾਕਮਾਂ ਨੇ ਮਜ਼ਦੂਰ ਜਮਾਤ ਦੇ ਮੋਢਿਆਂ ਉੱਤੇ ਸੁੱਟ ਦਿੱਤਾ ਹੈ।

ਪੂਰੇ ਸੰਸਾਰ ਦੇ ਸਰਮਾਏਦਾਰ ਅਤੇ ਉਹਨਾਂ ਦੀਆਂ ਚਾਕਰ ਸੰਸਥਾਵਾਂ ਪੈਦਾ ਹੋਏ ਇਸ ਆਰਥਕ ਸੰਕਟ ਦੀ ਵਜ੍ਹਾ ਕਰੋਨਾ ਨੂੰ ਕਹਿ ਰਹੀਆਂ ਹਨ। ਮਜ਼ਦੂਰ ਜਮਾਤ ਨੂੰ ਕਰੋਨਾ ਦੇ ਡਰ ਭੈਅ ਹੇਠ ਹੱਕਾਂ ਦੀ ਰਾਖੀ ਕਰਨ ਲਈ ਸੰਘਰਸ਼ ਦੇ ਰਾਹ ਪੈਣ ਤੋਂ ਰੋਕਿਆ ਜਾ ਰਿਹਾ ਹੈ। ਮਜ਼ਦੂਰ ਜਮਾਤ ਦੇ ਸਰਮਾਏਦਾਰਾ ਢਾਂਚੇ ਪ੍ਰਤੀ ਗੁੱਸੇ ਨੂੰ ਕਰੋਨਾ ਰਾਹੀਂ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਇਸੇ ਮੌਕੇ ਪੂਰੀ ਦੁਨੀਆਂ ਵਿੱਚ ਅੱਡ-ਅੱਡ ਥਾਈਂ ਮਜ਼ਦੂਰ ਜਮਾਤ ਸੰਘਰਸ਼ਾਂ ਦੇ ਰਾਹ ਵੀ ਮੱਲ ਰਹੀ ਹੈ, ਜੋ ਇਸ ਮੌਕੇ ਸੁਲੱਖਣਾ ਵਰਤਾਰਾ ਹੈ। ਸੋਮਾਲੀਆ, ਲਿਬਨਾਨ, ਅਮਰੀਕਾ ਦੇ ਕਈ ਹਿੱਸਿਆਂ, ਜਰਮਨੀ, ਬਰਾਜੀਲ, ਬੋਲੀਵੀਆ ਅਤੇ ਭਾਰਤ ਦੇ ਵੀ ਕਈ ਹਿੱਸਿਆਂ ਸਣੇ ਹੋਰ ਕਈ ਥਾਈਂ ਵੱਡੇ-ਵੱਡੇ ਜਨਤਕ ਮੁਜਾਹਰੇ ਹੋਏ ਹਨ ਜਾਂ ਹੋ ਰਹੇ ਹਨ। ਇਸ ਸੰਕਟ ਦਾ ਮੂਲ ਕਾਰਨ ਮਜ਼ਦੂਰ ਜਮਾਤ ਦੀ ਲੁੱਟ ਉੱਤੇ ਟਿਕਿਆ ਮੌਜੂਦਾ ਸਰਮਾਏਦਾਰਾ ਜਮਾਤੀ ਨਿਜ਼ਾਮ ਹੈ। ਜਿਸ ਕਰਕੇ ਸੰਕਟ ਦੀ ਘੜੀ ਕਿਸੇ ਸਾਂਝ (ਅਮੀਰਾਂ-ਗਰੀਬਾਂ) ਦੀ ਨਹੀਂ, ਸਗੋਂ ਜਮਾਤੀ ਲੀਹਾਂ ਤੇ ਲਾਮਬੰਦ ਹੋਕੇ ਇਸ ਲੋਟੂ ਢਾਂਚੇ ਵਿਰੁੱਧ ਇਨਕਲਾਬੀ ਜੰਗ ਵਿੱਢਣ ਦੀ ਮੰਗ ਕਰਦੀ ਹੈ।

**ਕਵਰ ਸਟੋਰੀ**
**ਬਘੇਲ ਸਿੰਘ ਧਾਲੀਵਾਲ**

# ਬਾਦਲ ਪਰਿਵਾਰ ਬਚਾ ਰਿਹਾ ਏ ਸਿੱਖਾਂ ਦੇ ਕਾਤਲ ਬੁਚੜ ਸੈਣੀ ਨੂੰ

**○ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਦੋ ਸਿੱਖ ਨੌਜਵਾਨਾਂ ਦੇ ਕਤਲ 'ਚ ਸੈਣੀ ਦਾ ਹੱਥ ○ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਵੱਲੋਂ ਸ਼ਿਕਾਇਤ ਦਰਜ ਕਰਵਾ ਸੈਣੀ ਲਈ ਸੰਕਟ ਖੜਾ ਕੀਤਾ ○ ਮੌਜੂਦਾ ਮੁੱਦੇ 'ਤੇ ਸੈਣੀ ਦੀ ਵਕਾਲਤ ਕਰਨ ਵਾਲੇ ਸੁਖਬੀਰ ਬਾਦਲ, ਪ੍ਰਕਾਸ਼ ਸਿੰਘ ਬਾਦਲ, ਗੁਰਦੁਆਰਾ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਤੇ ਅਕਾਲੀ ਦਲ ਦੇ ਕਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਬਾਰੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਾਰਵਾਈ ਕਰੇ**



ਅਕਾਲ ਤਖਤ ਸਾਹਿਬ ਦੇ ਜਥੇਦਾਰ ਲਈ ਇਹ ਢੁਕਵਾ ਸਮਾ ਹੈ ਜਦੋਂ ਉਹ ਕੌਮ ਧਰੋਹੀਆਂ ਤੇ ਧਾਰਮਿਕ ਰਹੁ-ਰੀਤਾਂ ਅਨੁਸਾਰ ਕਾਰਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਬਹਾਲ ਕਰ ਸਕਦੇ ਹਨ। ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਤੇ ਮੋਹਾਲੀ ਵਿੱਚ ਇੱਕ 29 ਸਾਲ ਪੁਰਾਣੇ ਕੇਸ ਵਿੱਚ ਪਰਚਾ ਦਰਜ ਹੋਇਆ ਹੈ। ਖਾੜਕੂ ਸਿੱਖ ਸੰਘਰਸ਼ ਦੌਰਾਨ ਕੇਪੀਐਸ ਗਿੱਲ ਦੇ ਖਾਸਮ ਖਾਸ ਰਹੇ ਸੁਮੇਧ ਸ਼ੈਣੀ ਨੂੰ ਸਿੱਖ ਕੌਮ ਦੇ ਸੰਘਰਸ਼ ਦੌਰਾਨ ਸਿੱਖ ਨੌਜਵਾਨਾਂ ਦੇ ਕਾਤਲ ਵਜੋਂ ਵੀ ਦੇਖਦੀ ਹੈ। ਇਸ ਤੋਂ ਇਲਾਵਾ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਿੱਚ ਸ਼ਾਂਤਮਈ ਪ੍ਰਦਰਸ਼ਣ ਕਰਦੀਆਂ ਸਿੱਖ ਸੰਗਤਾਂ ਤੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਅਤੇ ਹਜ਼ਾਰਾਂ ਨੂੰ ਗੰਭੀਰ ਰੂਪ ਵਿਚ ਜਖਮੀ ਕਰਨ ਦੇ ਦੋਸ ਵਿੱਚ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਹੋਰ ਪੁਲਿਸ ਅਧਿਕਾਰੀਆਂ ਸਮੇਤ ਸੁਮੇਧ ਸੈਣੀ ਨੂੰ ਦੋਸ਼ੀ ਬਣਾਇਆ ਗਿਆ ਹੈ। ਸੁਮੇਧ ਸ਼ੈਣੀ ਤੇ ਪਰਚਾ ਦਰਜ ਹੋਣਾ ਵੈਸੇ ਕੋਈ ਹੈਰਾਨੀ ਵਾਲੀ ਗੱਲ ਨਹੀ ਹੈ,ਕਿਉਂਕਿ ਇੱਕ ਨਾ ਇੱਕ ਦਿਨ ਉਹਨਾਂ ਨੇ ਕਟਿਹਰੇ ਵਿੱਚ ਖੜਾ ਹੋਣਾ ਹੀ ਹੋਣਾ ਸੀ, ਪਰ ਇਸ ਕੇਸ ਵਿੱਚ ਲਾਪਤਾ ਹੋਏ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਤੇ ਅਚਾਨਕ ਹੋਏ ਪਰਚੇ ਕਾਰਨ ਸਭ ਦਾ ਧਿਆਨ ਜਰੂਰ ਖਿੱਚਿਆ ਗਿਆ ਹੈ। ਇਸ ਮੌਕੇ ਜਿਹੜੀ ਬੇਹੱਦ ਹੀ ਮੰਦਭਾਗੀ ਗੱਲ ਸਾਹਮਣੇ ਆਈ ਹੈ ਉਹ ਇਹ ਹੈ ਕਿ ਸਾਬਕਾ ਪੁਲਿਸ ਮੁਖੀ ਦੇ ਬਚਾਓ ਲਈ ਫਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਕੀਤੀ ਚਾਰਾਜੋਈ ਸਾਹਮਣੇ ਆਈ ਹੈ। ਇੱਥੇ ਦੱਸਣਾ ਬਣਦਾ ਹੈ ਕਿ 2012 ਵਿੱਚ ਜਦੋਂ ਅਕਾਲੀ ਦਲ ਭਾਜਪਾ ਗੱਠਜੋੜ ਦੀ ਦੁਬਾਰਾ ਸਰਕਾਰ ਬਣੀ ਤਾਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਪਣੇ ਇਕਲੌਤੇ ਸਪੁੱਤਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਿਫਾਰਸ਼ ਤੇ ਬਗੈਰ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਧਿਆਨ ਰੱਖੇ ਅਤੇ ਪੰਥਕ ਜਥੇਬੰਦੀਆਂ ਦੇ ਭਾਰੀ ਵਿਰੋਧ ਦੀ ਪਰਵਾਹ ਕੀਤਿਆਂ ਸਰਕਾਰ ਬਣਦਿਆਂ ਹੀ ਸੁਮੇਧ ਸ਼ੈਣੀ ਨੂੰ ਡੀਜੀਪੀ ਨਿਯੁਕਤ ਕਰ ਦਿੱਤਾ,ਪਰੰਤੂ ਬਰਗਾੜੀ ਮੋਰਚੇ ਦੌਰਾਨ ਸਿੱਖਾਂ ਵਿੱਚ ਪਾਏ ਗਏ ਭਾਰੀ ਰੋਹ ਅੱਗੇ ਝੁਕਦਿਆਂ ਮਜਬੂਰਨ ਪਰਕਾਸ਼ ਸਿੰਘ ਬਾਦਲ ਨੂੰ ਸੁਮੇਧ ਸੈਣੀ ਨੂੰ ਪੁਲਿਸ ਮੁਖੀ ਦੇ ਅਹੁੱਦੇ ਤੋਂ ਲਾਂਭੇ ਕਰਨਾ ਪਿਆ ਸੀ। ਦੱਸਣਾ ਬਣਦਾ ਹੈ ਕਿ ਬਰਗਾੜੀ ਮੋਰਚਾ ਜਿਸਨੂੰ ਸੰਗਤਾਂ ਦਾ ਬੇਹੱਦ ਸਮੱਰਥਨ ਮਿਲਿਆ, ਜਿਸ ਨੇ ਦਿੱਲੀ ਤੱਕ ਕੰਬਣੀ ਛੇੜ ਦਿੱਤੀ ਤੇ ਜਿੱਤ ਦੇ ਬਿਲਕੁਲ ਕਰੀਬ ਵੀ ਪਹੁੰਚਿਆ ਪ੍ਰੰਤੂ ਪ੍ਰਬੰਧਕਾਂ ਦੀ ਬੇਈਮਾਨੀ ਕਾਰਨ ਬਗੈਰ ਕੋਈ ਖਾਸ ਪ੍ਰਾਪਤੀ ਦੇ ਦਮ ਤੋੜ ਗਿਆ ਸੀ। ਮੌਜੂਦਾ ਸਮੇ ਵਿੱਚ ਇੱਕ ਵਾਰ ਫਿਰ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਕੌਮ ਦੇ ਵਿਰੋਧ ਵਿਚ ਭੁਗਤਣ ਦਾ ਫੈਸਲਾ ਕੀਤਾ ਹੈ। ਸੁਮੇਧ ਸ਼ੈਣੀ ਦੇ ਬਚਾਓ ਲਈ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕਨੂੰਨੀ ਸਲਾਹਕਾਰ ਤੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਪੇਸ਼ ਹੋਏ, ਪ੍ਰੰਤੂ ਸ਼ੋਸ਼ਲ ਮੀਡੀਏ 'ਤੇ ਹੋਏ ਭਾਰੀ ਵਿਰੋਧ ਕਾਰਨ ਭਾਵੇਂ ਸਤਨਾਮ ਸਿੰਘ ਕਲੇਰ ਨੇ ਬਾਦਲ ਵਾਲੀ ਚਾਲ ਖੇਡਦਿਆਂ ਸੁਮੇਧ ਸੈਣੀ ਦੇ ਕੇਸ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ, ਪ੍ਰੰਤੂ ਬਾਦਲ ਦਾ ਕੌਮ ਦੇ ਖਿਲਾਫ ਭੁਗਤਣ ਦਾ ਸੱਚ ਇੱਕ ਵਾਰ ਲੋਕਾਂ ਦੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਚਾਰ ਦਹਾਕਿਆਂ ਤੱਕ ਪ੍ਰਕਾਸ਼ ਸਿੰਘ ਬਾਦਲ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਮੌਜੂ ਬਣਾ ਕੇ ਸਿਆਸੀ ਰੋਟੀਆਂ ਸੇਕਣ ਵਿੱਚ ਕਾਮਯਾਬ ਹੁੰਦਾ ਰਿਹਾ ਹੈ। ਪੰਜ ਵਾਰ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨੀ, ਇਹ ਵੀ ਪ੍ਰਕਾਸ਼ ਸਿੰਘ ਬਾਦਲ ਦੇ ਹਿੱਸੇ ਆਈ ਹੈ, ਕਿਉਂਕਿ ਬਾਦਲ ਨੇ ਪਰਿਵਾਰ ਸਮੇਤ ਘੱਟ ਗਿਣਤੀਆਂ ਨੂੰ ਖਤਮ ਕਰਕੇ ਦੇਸ਼ ਵਿਚ ਹਿੰਦੂ ਰਾਸ਼ਟਰ ਬਨਾਉਣ ਦੀ ਮੁਦਈ ਕੱਟੜ ਸੰਸਥਾ ਆਰ ਐਸ ਐਸ ਨੂੰ ਪਰਿਵਾਰ ਸਮੇਤ ਸੇਵਾਵਾਂ ਅਰਪਿਤ ਕੀਤੀਆਂ ਹੋਈਆਂ ਹਨ। ਇਹ ਕੋਈ ਪਹਿਲਾ ਮੌਕਾ ਨਹੀ ਜਦੋਂ ਪਰਕਾਸ਼ ਸਿੰਘ ਬਾਦਲ ਨੇ ਕੌਮੀ ਭਾਵਨਾਵਾਂ ਨੂੰ ਦਰਕਿਨਾਰ ਕੀਤਾ ਹੋਵੇ, ਬਲਕਿ ਅਪਣੇ ਲੋਕਾਂ ਦਾ ਘਾਣ ਤਾਂ ਬਾਦਲ ਦੇ ਹਿੱਸੇ ਵੀਹਵੀ ਸਦੀ ਦੇ ਸੱਤਵੇਂ ਦਹਾਕੇ ਦੇ ਉਸ ਮੌਕੇ ਤੋ ਹੀ ਆਇਆ ਹੋਇਆ ਹੈ ਜਦੋਂ ਉਹਨਾਂ ਨੇ ਪੰਜਾਬ ਦੀ ਨਕਸਲਬਾੜੀ ਲਹਿਰ ਨੂੰ ਖਤਮ ਕਰਨ ਲਈ ਝੂਠੇ ਪੁਲਿਸ ਮੁਕਾਬਲਿਆਂ ਦੀ ਪਿਰਤ ਪਾ ਕੇ ਪੰਜਾਬੀ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਸੀ। ਉਸ ਤੋਂ ਬਾਅਦ 1978 ਵਿੱਚ ਨਿਰੰਕਾਰੀ ਕਾਂਡ ਵੀ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਹੋਇਆ ਅਤੇ ਫਿਰ ਜੂਨ 1984 ਦੇ ਫੌਜੀ ਹਮਲੇ ਮੌਕੇ ਨਿਭਾਈ ਗਈ ਬਾਦਲ ਸਮੇਤ ਸਮੁੱਚੀ ਅਕਾਲੀ ਆਹਲਾਕਮਾਨ ਦੀ ਭੂਮਿਕਾ ਤੋਂ ਪੂਰਾ ਸੰਸਾਰ ਜਾਣੂ ਹੋ ਚੁੱਕਾ ਹੈ। ਏਸੇ ਤਰਾਂ ਨੌਵੇਂ ਦਹਾਕੇ ਵਿੱਚ ਜਦੋਂ ਸਿੱਖ ਖਾੜਕੂਆਂ ਦੇ ਨਾਮ ਤੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪੁਲਿਸ ਮੁਖੀ ਕੇਪੀ ਗਿੱਲ ਵੱਲੋਂ ਪੰਜਾਬ ਦੀ ਸਮੁੱਚੀ ਜਵਾਨੀ ਦਾ ਸ਼ਿਕਾਰ ਖੇਡਿਆ ਜਾ ਰਿਹਾ ਸੀ ਤਾਂ ਉਹਦੇ ਵਿੱਚ ਵੀ ਪ੍ਰਕਾਸ਼ ਸਿੰਘ ਬਾਦਲ ਅਤੇ ਕੇਪੀ ਗਿੱਲ ਦੀਆਂ ਰਾਤਾਂ ਦੇ ਹਨੇਰਿਆਂ ਵਿਚ ਹੁੰਦੀਆਂ ਖੁਨੀ ਮੀਟਿੰਗਾਂ ਇਤਿਹਾਸ ਦੇ ਕਾਲੇ ਪੰਨਿਆਂ ਵਿਚ ਦਰਜ ਹੋ ਚੁੱਕੀਆਂ ਹਨ। 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਨਣੀ ਜਿੱਥੇ ਆਰ ਐਸ ਐਸ ਨਾਲ ਵਫਾਦਾਰੀ ਦੇ 1994 ਦੇ ਲਿਖਤੀ ਅਹਿਦ ਕਾਰਨ ਸੰਭਵ ਹੋ ਸਕੀ, ਉੱਥੇ ਸਿੱਖ ਜਵਾਨੀ ਦੇ ਘਾਣ ਵਿਚ ਪਾਏ ਅਹਿਮ ਯੋਗਦਾਨ ਦੇ ਇਨਾਮ ਵਜੋਂ ਵੀ ਕੇਂਦਰੀ ਤਾਕਤਾਂ ਵੱਲੋਂ ਸੂਬੇ ਦੀ ਸੂਬੇਦਾਰੀ ਬਾਦਲ ਨੂੰ ਦਿੱਤੀ ਗਈ। ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਬਣ ਚੁੱਕੇ ਹਨ ਤੇ ਉਹਨਾਂ ਦੀ ਇੱਕ ਵੀ ਪਾਰੀ ਅਜਿਹੀ ਨਹੀ ਜਿਸ ਵਿੱਚ ਉਹ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਤੇ ਸਿੱਖਾਂ ਦੇ ਖਿਲਾਫ ਨਾ ਭੁਗਤੇ ਹੋਣ,ਉਹ ਭਾਵੇਂ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਵਾਂਗ ਰਚਾਉਣ ਦਾ ਮੁੱਦਾ ਹੋਵੇ, ਡੇਰਾ ਮੁਖੀ ਦੀ ਮੁਆਫੀ ਦਾ ਮੁੱਦਾ ਹੋਵੇ, ਨੂਰ ਮਹਿਲੀਏ ਦਾ ਮੁੱਦਾ ਹੋਵੇ ਜਾਂ ਫਿਰ ਗੁਰੂ ਗਰੰਥ ਸਾਹਿਬ ਜੀ ਦੀਆਂ ਲਗਾਤਾਰ ਹੋਈਆਂ ਬੇਅਦਬੀਆਂ ਦਾ ਮੁੱਦਾ ਹੋਵੇ, ਸ੍ਰ ਬਾਦਲ ਨੇ ਕਦੇ ਵੀ ਦਿੱਲੀ ਦੀਆਂ ਖੁਸ਼ੀਆਂ ਲੈਣ ਖਾਤਰ ਕੌਮੀ ਘਾਣ ਕਰਨ ਤੋ ਗੁਰੇਜ਼ ਨਹੀ ਕੀਤਾ, ਉਹਨਾਂ ਨੇ ਆਪਣੀ ਹਰ ਪਾਰੀ ਵਿੱਚ ਸਿੱਖਾਂ ਨਾਲ ਬੇਇਨਸਾਫੀ ਕੀਤੀ, ਪਰ ਅਫਸੋਸ! ਕਿ ਇਸ ਦੇ ਬਾਵਜੂਦ ਵੀ ਪ੍ਰਕਾਸ਼ ਸਿੰਘ ਬਾਦਲ ਉਮਰ ਭਰ ਸਿੱਖਾਂ ਦੇ ਕੌਮੀ ਆਗੂ ਵਜੋ ਨੁਮਾਇੰਦਗੀ ਕਰਦਾ ਆ ਰਿਹਾ ਹੈ। ਦਰਬਾਰ ਸਾਹਿਬ ਤੇ ਫੌਜੀ ਹਮਲੇ ਵਿੱਚ ਬਰਾਬਰ ਦਾ ਭਾਗੀਦਾਰ ਹੋਣ ਦੇ ਬਾਵਜੂਦ ਕਾਂਗਰਸ ਨੂੰ ਦੋਸ਼ੀ ਬਣਾ ਕੇ ਲਾਹਾ ਲੈਂਦਾ ਆ ਰਿਹਾ ਹੈ, ਜਿਸ ਨੂੰ ਸਿੱਖ ਸਮਝ ਹੀ ਨਾ ਸਕੇ। ਇਸ ਤੋ ਵੱਧ ਨਮੋਸ਼ੀ ਵਾਲੀ ਗੱਲ ਸਿੱਖ ਕੌਮ ਵਾਸਤੇ ਹੋਰ ਕੀ ਹੋ ਸਕਦੀ ਹੈ ਕਿ ਸਿੱਖਾਂ ਦੇ ਕਾਤਲ ਪੁਲਿਸ ਮੁਖੀ ਤੇ ਕਾਰਵਾਈ ਉਹ ਕਾਂਗਰਸ ਦੀ ਸਰਕਾਰ ਕਰ ਰਹੀ ਹੈ,ਜਿਸ 'ਤੇ ਸਿੱਖਾਂ ਦੀ ਦੁਸ਼ਮਣ ਹੋਣ ਦੇ ਦੋਸ਼ ਪ੍ਰਕਾਸ਼ ਸਿੰਘ ਬਾਦਲ ਲਾ ਕੇ ਸਾਰੀ ਉਮਰ ਸਿਆਸੀ ਲਾਹਾ ਲੈਂਦਾ ਆ ਰਿਹਾ ਹੈ ਤੇ ਸਿੱਖਾਂ ਦੇ ਕਾਤਲ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜੋਰ ਆਪ ਖੁਦ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਲਗਾ ਰਹੇ ਹਨ।

ਉਪਰੋਕਤ ਦੇ ਮੱਦੇਨਜਰ ਇਹ ਸੋਚਣਾ ਬਣਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਕਾਰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਾਦਲ ਦਲ ਦੀ ਸ਼ਰਮਨਾਕ ਹਾਰ ਵੀ ਹੋਈ, ਪਰੰਤੂ ਇਸ ਦੇ ਬਾਵਜੂਦ ਵੀ ਬਾਦਲ ਪਰਿਵਾਰ ਨੇ ਕੋਈ ਸਬਕ ਨਹੀ ਲਿਆ। ਬੇਸ਼ੱਕ ਪਹਿਲਾਂ ਵੀ ਅਦਾਲਤਾਂ ਵਿਚ ਬਾਦਲ ਸਰਕਾਰ ਸਮੇ ਸਮੇ ਬੁਚੜ ਪੁਲੀਸ ਅਫ਼ਸਰ ਸੁਮੇਧ ਸੈਣੀ ਜਾਂ ਅਜਿਹੇ ਹੋਰ ਪੁਲਿਸ ਅਧਿਕਾਰੀਆਂ ਦੇ ਹੱਕ ਵਿਚ ਭੁਗਤ ਕੇ ਬਚਾਅ ਕਰਦੀ ਰਹੀ ਹੈ, ਜਿਹੜੇ ਸਿੱਖ ਜੁਆਨੀ ਦਾ ਘਾਣ ਕਰਨ ਦੇ ਦੋਸ਼ੀ ਹਨ, ਪ੍ਰੰਤੂ ਹੁਣ ਕੇਸ ਰਜਿਸਟਰ ਹੁੰਦਿਆਂ ਹੀ ਜਿਸ ਤਰ੍ਹਾਂ ਅਕਾਲੀ ਦਲ ਬਾਦਲ ਨੇ ਸੁਮੇਧ ਸੈਣੀ ਨੂੰ ਬਚਾਉਣ ਲਈ ਕਨੂੰਨੀ ਸੇਵਾਵਾਂ ਮੁਹੱਈਆਂ ਕਰਵਾਈਆਂ ਹਨ, ਉਹਨਾਂ ਨੇ ਨਵੇਂ ਸੁਆਲਾਂ ਨੂੰ ਜਨਮ ਦਿੱਤਾ ਹੈ। ਜਿਹੜੇ ਗੁਰਦੁਆਰਾ ਕਮਿਸ਼ਨ ਦਾ 80 ਫੀਸਦੀ ਖਰਚਾ ਸ਼੍ਰੋਮਣੀ ਕਮੇਟੀ ਝੱਲਦੀ ਹੋਵੇ ਅਤੇ ਜਿਹੜਾ ਬਣਿਆ ਹੀ ਸਿੱਖਾਂ ਦੀਆਂ ਗੁਰਦੁਆਰਾ ਪਰਬੰਧ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਹੋਵੇ, ਉਹ ਗੁਰਦੁਆਰਾ ਕਮਿਸ਼ਨ ਦਾ ਚੇਅਰਮੈਨ ਸਿੱਖਾਂ ਦੇ ਖਿਲਾਫ ਕਿਵੇਂ ਭੁਗਤ ਸਕਦਾ ਹੈ ? ਜਿਹੜੇ ਚੇਅਰਮੈਨ ਦੇ ਘਰੋਂ ਚੱਲਣ ਤੋ ਲੈ ਕੇ ਦਫਤਰ ਪਹੁੰਚਣ ਤੱਕ ਦਾ ਸਾਰਾ ਖਰਚਾ ਸਰੋਮਣੀ ਕਮੇਟੀ ਦੇ ਸਿਰ ਤੇ ਹੁੰਦਾ ਹੋਵੇ ਤੇ ਦਫਤਰ ਮੁਹੱਈਆ ਕਰਵਾਉਣ ਤੋ ਲੈ ਕੇ ਫਰਨੀਚਰ ਤੱਕ ਦਾ ਬੰਦੋਬਸਤ ਸਰੋਮਣੀ ਕਮੇਟੀ ਦਾ ਹੋਵੇ,ਜੇਕਰ ਉਹ ਚੇਅਰਮੈਨ ਸਿੱਖ ਕੌਮ ਦਾ ਸਰਮਾਇਆ ਖਾ ਕੇ ਸਿੱਖ ਦੁਸ਼ਮਣਾਂ ਦੇ ਹੱਕ ਵਿਚ ਭੁਗਤਦਾ ਹੈ ਤਾਂ ਉਹਨਾਂ ਨੂੰ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਸਹੂਲਤਾਂ ਕਿਉ ਦਿੱਤੀਆਂ ਜਾ ਰਹੀਆਂ ਹਨ ? ਕੀ ਇਹ ਸਾਰੇ ਵਰਤਾਰੇ ਤੋ ਸਰੋਮਣੀ ਕਮੇਟੀ ਦੇ ਪ੍ਰਧਾਨ ਸਕੱਤਰ ਵਾਕਫ ਨਹੀ ਸਨ ? ਕੀ ਪ੍ਰਧਾਨ ਸਕੱਤਰ ਇਹ ਨਹੀ ਜਾਣਦੇ ਸਨ ਕਿ ਉਪਰੋਕਤ ਚੇਅਰਮੈਨ ਇਸ ਤੋਂ ਪਹਿਲਾਂ ਵੀ ਅਜਿਹੇ ਪੁਲਿਸ ਅਧਿਕਾਰੀਆਂ ਦੇ ਕੇਸ ਲੜਦਾ ਰਿਹਾ ਹੈ,ਜਿਹੜੇ ਸਿੱਖ ਜੁਆਨੀ ਦਾ ਘਾਣ ਕਰਨ ਦੇ ਦੋਸ਼ੀ ਪਾਏ ਗਏ ਸਨ ? ਇਹ ਵੀ ਵੱਡਾ ਸੁਆਲ ਹੈ ਕਿ ਕੀ ਹੁਣ ਕੌਮ ਦੇ ਖਿਲਾਫ ਭੁਗਤਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਰਪ੍ਰਸਤ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ? ਉਪਰੋਕਤ ਹੋਰ ਵੀ ਬਹੁਤ ਸਾਰੇ ਸੁਆਲਾਂ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਹੁਣ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਬਣਦੀ ਹੈ,ਕਿਉਂਕਿ ਸਿੱਖ ਅਵਾਮ ਦੀ ਟੇਕ ਜਥੇਦਾਰ ਅਕਾਲ ਤਖਤ ਸਾਹਿਬ ਤੇ ਹੀ ਹੈ।

ਸੋ ਇਹ ਆਸ ਕਰਨੀ ਬਣਦੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਜਿੱਥੇ ਪੰਜਾਬ ਸਰਕਾਰ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਨੂੰ ਹਟਾਉਣ ਦੀ ਸਿਫਾਰਸ ਕਰਨਗੇ, ਉੱਥੇ ਬਾਦਲ ਅਕਾਲੀ ਦੇ ਪ੍ਰਧਾਨ ਸੁਖਬੀਰ ਬਾਦਲ, ਸਰਪਰਸਤ ਪ੍ਰਕਾਸ਼ ਸਿੰਘ ਬਾਦਲ, ਗੁਰਦੁਆਰਾ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਅਤੇ ਅਕਾਲੀ ਦਲ ਦੇ ਕਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਦੇ ਖਿਲਾਫ ਸਿੱਖੀ ਰਹੁਰੀਤਾਂ ਅਨੁਸਾਰ ਬਣਦੀ ਕਾਰਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਾਣ ਮਰਯਾਦਾ ਨੂੰ ਕਾਇਮ ਰੱਖ ਸਕਣਗੇ। (99142-58142)



ਸਤਨਾਮ ਸਿੰਘ ਕਲੇਰ ਤੇ ਅਰਸ਼ਦੀਪ ਕਲੇਰ ਸ. ਬਾਦਲ ਨਾਲ

# ਕੈਪਟਨ ਸਰਕਾਰ ਨੂੰ ਪਰਵਾਸੀ ਮਜ਼ਦੂਰਾਂ ਨੂੰ ਘਰ ਭੇਜਣ ਲਈ ਖਰਚਣੇ ਪੈਣਗੇ 50 ਕਰੋੜ ਰੁਪਏ

ਲੁਧਿਆਣਾ-ਕਰੋਨਾ ਵਾਇਰਸ ਦੀ ਦਹਿਸ਼ਤ ਵਿਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬੈਠੇ ਪਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਪਿੱਤਰੀ ਪਿੰਡਾਂ ਤੱਕ ਛੱਡਣਾ ਸੂਬਾ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ। ਰੇਲਵੇ ਵਿਭਾਗ ਵੱਲੋਂ ਸੂਬਾ ਸਰਕਾਰ ਨੂੰ ਹਰ ਰੇਲ ਗੱਡੀ ਲਈ 5 ਲੱਖ ਤੋਂ ਵੱਧ ਦਾ ਬਿੱਲ ਭੇਜਿਆ ਜਾ ਰਿਹਾ ਹੈ, ਜਿਸ ਵਿਚ ਰੇਲਵੇ ਸਰਕਾਰ ਕੋਲੋਂ 1200 ਮਜ਼ਦੂਰਾਂ ਦੀ ਟਿਕਟ ਲੈ ਰਹੀ ਹੈ। ਹੁਣ ਤੱਕ 36 ਤੋਂ ਵੱਧ ਰੇਲ ਗੱਡੀਆਂ 40 ਹਜ਼ਾਰ ਦੇ ਕਰੀਬ ਮਜ਼ਦੂਰਾਂ ਉਨ੍ਹਾਂ ਦੇ ਪਿੱਤਰੀ ਪਿੰਡਾਂ ਤੱਕ ਲਿਜਾ ਚੁੱਕੀਆਂ ਹਨ। ਜੇਕਰ ਸੂਬੇ ਵਿਚੋਂ ਮਜ਼ਦੂਰਾਂ ਵੱਲੋਂ ਘਰ ਵਾਪਸੀ ਲਈ ਆਨਲਾਈਨ ਭਰੀਆਂ ਅਰਜ਼ੀਆਂ ’ਤੇ ਝਾਤ ਮਾਰੀਏ ਤਾਂ ਉਹ 11 ਲੱਖ ਤੋਂ ਪਾਰ ਹੈ, ਜਿਸਦੇ ਲਈ ਸਰਕਾਰ ਨੂੰ 1,000 ਰੇਲ ਗੱਡੀਆਂ ਚਲਾਉਣੀਆਂ ਪੈਣਗੀਆਂ ਤੇ ਉਸ ’ਤੇ ਕਰੀਬ 50 ਕਰੋੜ ਰੁਪਏ ਖ਼ਰਚਾ ਆ ਸਕਦਾ ਹੈ। ਦਰਅਸਲ, ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਧੀਆ ਗਾਂਧੀ ਨੇ ਐਲਾਨ ਕਰ ਦਿੱਤਾ ਸੀ ਕਿ ਕਾਂਗਰਸ ਸ਼ਾਸਨ ਵਾਲੇ ਰਾਜਾਂ ਤੋਂ ਮਜ਼ਦੂਰਾਂ ਨੂੰ ਉਨ੍ਹਾਂ ਦੇ ਪਿੱਤਰੀ ਪਿੰਡ ਭੇਜਣ ਲਈ ਉਨ੍ਹਾਂ ਦਾ ਸਾਰਾ ਖ਼ਰਚਾ ਉਥੇ ਦੀਆਂ ਕਾਂਗਰਸ ਸਰਕਾਰ ਦੇਵੇਗੀ। ਜਿਸ ਮਗਰੋਂ ਸੂਬਾ ਸਰਕਾਰ ਲਗਾਤਾਰ ਮਜ਼ਦੂਰਾਂ ਨੂੰ ਭੇਜਣ ਦਾ ਖ਼ਰਚਾ ਚੁੱਕ ਰਹੀ ਹੈ।

## ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਏਮਜ਼ ਤੋਂ ਮਿਲੀ ਛੁੱਟੀ

ਨਵੀਂ ਦਿੱਲੀ-ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਬੀਤੇ ਦਿਨੀਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਤੋਂ ਛੁੱਟੀ ਦੇ ਦਿੱਤੀ ਗਈ ਹੈ। ਉਨ੍ਹਾਂ ਨੂੰ ਛਾਤੀ ਵਿਚ ਦਰਦ ਦੀ ਸ਼ਿਕਾਇਤ ਸੀ।

## ਭੇਤਭਰੀ ਹਾਲਤ ਵਿੱਚ ਪੱਤਰਕਾਰ ਦੀ ਮੌਤ

ਨਵਾਂਸ਼ਹਿਰ-ਦੇਰ ਰਾਤ ਪਿੰਡ ਗੜ੍ਹੀ ਨਜ਼ਦੀਕ ਰਾਹੋਂ-ਮਾਛੀਵਾੜਾ ਸੜਕ ’ਤੇ ਪੱਤਰਕਾਰ ਸਨਪ੍ਰੀਤ ਮਾਂਗਟ (35) ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਪੁਲੀਸ ਨੇ ਮਾਮਲੇ ਸਬੰਧੀ ਧਾਰਾ 279, 304-ਏ ਹੇਠ ਕੇਸ ਦਰਜ ਕੀਤਾ ਹੈ। ਮ੍ਰਿਤਕ ਦੇ ਪਿਤਾ ਬਲਵੰਤ ਸਿੰਘ ਵਾਸੀ ਮੁਹੱਲਾ ਰਾਜਪੂਤਾਂ, ਰਾਹੋਂ ਨੇ ਦੱਸਿਆ ਕਿ ਜਦੋਂ ਉਹ ਬੇਟੇ ਦੀ ਭਾਲ ਲਈ ਗਏ ਤਾਂ ਪਿੰਡ ਗੜ੍ਹੀ ਨਜ਼ਦੀਕ ਮੁੱਖ ਸੜਕ ’ਤੇ ਉਸ ਦੀ ਖੂਨ ਨਾਲ ਲੱਥ-ਪੱਥ ਲਾਸ਼ ਮਿਲੀ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਮਾਮਲਾ ਦਰਜ ਕਰ ਲਿਆ। ਪਰਿਵਾਰਕ ਮੈਂਬਰਾਂ ਨੇ ਆਖਿਆ ਹੈ ਕਿ ਸਨਪ੍ਰੀਤ ਦੀ ਮੌਤ ਸੜਕ ਹਾਦਸੇ ਵਿਚ ਨਹੀਂ ਹੋਈ ਬਲਕਿ ਉਸ ਦਾ ਕਤਲ ਕੀਤਾ ਗਿਆ ਹੈ।

ਸਨਪ੍ਰੀਤ ਲੰਬੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿਚ ਸਮਾਜ ਵਿਰੋਧੀ ਅਨਸਰਾਂ ਤੇ ਡਰੱਗ ਸਮੱਗਲਰਾਂ ਖਿਲਾਫ਼ ਸਰਗਰਮ ਰਿਹਾ ਹੈ। ਦੂਜੇ ਪਾਸੇ ਪ੍ਰੈੱਸ ਕਲੱਬ ਨਵਾਂਸ਼ਹਿਰ ਨੇ ਪੁਲੀਸ ਤੋਂ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਐੱਸਐੱਚਓ ਸੁਭਾਸ਼ ਬਾਠ ਨੇ ਕਿਹਾ ਕਿ ਪੁਲੀਸ ਜਾਂਚ ਤੋਂ ਬਾਅਦ ਹੀ ਕੁਝ ਆਖ ਸਕਦੀ ਹੈ।

# ਜ਼ਿੰਦਗੀ ਭਰ ਕੋਵਿਡ-19 ਪੋਲੀਓ ਜਿਹਾ ਦਰਦ ਦੇਵੇਗਾ

**✪ ਦਿਲ ਟਰਾਂਸਪਲਾਂਟ ਦੀ ਜ਼ਰੂਰਤ ਪੈ ਸਕਦੀ ਹੈ ✪ ਮਹਾਮਾਰੀ ਬਣਨ ਦਾ ਡਰ**

ਲੰਦਨ-ਕੋਰੋਨਾ ਵਾਇਰਸ ਨੂੰ ਹਰਾਉਣ ਵਾਲੇ ਮਰੀਜ਼ਾਂ ਨੂੰ ਇਸ ਤੋਂ ਪੈਦਾ ਹੋਣ ਵਾਲੀਆਂ ਪੇਚੀਦਗੀਆਂ ਨਾਲ ਸਾਰੀ ਉਮਰ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਵਿਚ ਸਰੀਰਕ ਕਮਜ਼ੋਰੀ ਤੋਂ ਲੈ ਕੇ ਫੇਫੜੇ, ਦਿਲ, ਦਿਮਾਗ ਨੂੰ ਹੋਇਆ ਨੁਕਸਾਨ ਅਤੇ ਅੰਗਹੀਣਤਾ ਤਕ ਸ਼ਾਮਲ ਹੈ। ਬ੍ਰਿਟੇਨ ਦੇ ਉੱਚ ਸਿਹਤ ਮਾਹਿਰਾਂ ਨੇ ਕੋਰੋਨਾ ਨੂੰ ਮੌਜੂਦਾ ਪੀੜ੍ਹੀ ਲਈ ਪੋਲੀਓ ਜਿੰਨਾ ਖ਼ਤਰਨਾਕ ਦੱਸਿਆ ਹੈ। ਮਾਹਿਰਾਂ ਨੇ ਸੰਕਰਮਣ ਨਾਲ ਜੁੜੇ ਅੰਕੜਿਆਂ ਦੇ ਵਿਸ਼ਲੇਸ਼ਣ ਦੇ ਅਧਾਰ ’ਤੇ ਦਾਅਵਾ ਕੀਤਾ ਹੈ ਕਿ ਕੋਰੋਨਾ ਦੇ ਲੱਛਣ ਆਉਂਦੇ-ਜਾਂਦੇ ਰਹਿ ਸਕਦੇ ਹਨ। ਕਈ ਮਾਮਲਿਆਂ ਵਿਚ ਮਰੀਜ਼ ਨੂੰ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਇਸ ਨਾਲ ਜੂਝਣਾ ਪੈ ਸਕਦਾ ਹੈ, ਜੋ ਵਿਸ਼ਵ ਸਿਹਤ ਸੰਗਠਨ ਵੱਲੋਂ ਮੁਲਾਂਕਣ ਕੀਤੇ ਗਏ ਲਾਗ ਦੇ ਦੋ ਹਫ਼ਤੇ ਦੀ ਅਧਿਕਾਰਤ ਮਿਆਦ ਤੋਂ ਕਿਤੇ ਵੱਧ ਹੈ। ਪੂਰਬੀ ਲੰਦਨ ਵਿਚ ਕੋਰੋਨਾ ਤੋਂ ਠੀਕ ਹੋਣ ਵਾਲੀ ਇੱਕ ਔਰਤ ਦਿਲ ਦੀ ਗੰਭੀਰ ਬਿਮਾਰੀ ਦਾ ਸ਼ਿਕਾਰ ਹੋ ਗਈ ਹੈ। ਡਾਕਟਰਾਂ ਅਨੁਸਾਰ ਸਰਦੀ-ਜ਼ੁਕਾਮ ਤੇ ਬੁਖਾਰ ਦੀ ਗ੍ਰਿਫ਼ਤ ਵਿਚ ਆਉਣ ਦੇ 9 ਹਫ਼ਤੇ ਬਾਅਦ ‘ਡਾਇਲੇਟਿਡ ਕਾਰਡੀਓਮਾਇਓਪੈਥੀ’ ਦੀ ਸ਼ਿਕਾਇਤ ਹੋ ਗਈ। ਇਸ ਬਿਮਾਰੀ ਵਿਚ ਦਿਲ ਦੇ ਸੈੱਲਾਂ ਵਿਚ ਸੋਜ਼ਸ਼ ਆਉਣ ਨਾਲ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਖੂਨ ਦਾ ਪ੍ਰਵਾਹ ਮੁਸ਼ਕਲ ਹੋ ਜਾਂਦਾ ਹੈ। ਔਰਤ ਦੇ ਅਨੁਸਾਰ ਖਾਣ-ਪੀਣ ਵਿਚ ਕੰਟਰੋਲ ਤੇ ਕਸਰਤ ਨਾਲ ‘ਡਾਇਲੇਟਿਡ ਕਾਰਡੀਓਮਾਇਓਪੈਥੀ’ ਦੇ ਲੱਛਣਾਂ ਵਿਚ ਸੁਧਾਰ ਤਾਂ ਆ ਜਾਂਦਾ ਹੈ, ਪਰ ਕੁਝ ਮਾਮਲਿਆਂ ਵਿਚ ਪੇਸਮੇਕਰ ਲਗਵਾਉਣ ਦੀ ਜ਼ਰੂਰਤ ਪੈ ਸਕਦੀ ਹੈ। ਬਹੁਤ ਸਾਰੇ ਮਾਮਲਿਆਂ ਵਿਚ ਦਿਲ ਟਰਾਂਸਪਲਾਂਟ ਦੀ ਵੀ ਨੌਬਤ ਆ ਸਕਦੀ ਹੈ। ਔਰਤ ਨੇ ਕਿਹਾ ਕਿ ਉਸ ਨੂੰ ਅਜੇ ਵੀ ਸਾਹ ਲੈਣ ਵਿਚ ਮੁਸ਼ਕਲ ਮਹਿਸੂਸ ਹੁੰਦੀ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦਾ ਇਲਾਜ ਕਰਨ ਵਾਲੇ ਫੇਫੜੇ ਰੋਗ ਮਾਹਿਰ ਡਾ. ਨਿਕੋਲਸ ਹਾਰਟ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਵਾਇਰਸ ਮੌਜੂਦਾ ਪੀੜ੍ਹੀ ਲਈ ਪੋਲੀਓ ਬਣ ਕੇ ਸਾਹਮਣੇ ਆ ਸਕਦਾ ਹੈ। ਲੱਛਣਾਂ ਪੈਦਾ ਹੋਣ ਦੇ ਕਈ ਮਹੀਨੇ ਜਾਂ ਸਾਲਾਂ ਤਕ ਇਸ ਨਾਲ ਲੜਨਾ ਪੈ ਸਕਦਾ ਹੈ। ਦਿਲ ਦਾ ਦਾਅਵਾ ਉਨ੍ਹਾਂ ਲੋਕਾਂ ਨੂੰ ਡਰਾਉਣ ਲਈ ਕਾਫ਼ੀ ਹੈ ਜੋ 1950 ਦੇ ਦਹਾਕੇ ਵਿੱਚ ਹਜ਼ਾਰਾਂ ਲੋਕਾਂ ਦੀ ਜਾਨ ਲੈਣ ਅਤੇ ਵੱਡੇ ਪੱਧਰ ’ਤੇ ਲੋਕਾਂ ਵਿਚ ਅੰਗਹੀਣਤਾ ਦਾ ਸਬਬ ਬਣਨ ਵਾਲੀ ਪੋਲੀਓ ਮਹਾਂਮਾਰੀ ਦੇ ਗਵਾਹ ਰਹਿ ਚੁੱਕੇ ਹਨ। 1947 ਤੋਂ 1956 ਦੇ ਵਿਚਕਾਰ (ਜਦੋਂ ਪੋਲੀਓ ਟੀਕੇ ਦੀ ਖੋਜ ਹੋਈ) ਬ੍ਰਿਟੇਨ ਵਿਚ ਪੋਲੀਓ ਹਰ ਸਾਲ ਔਸਤਨ 8 ਹਜ਼ਾਰ ਦੀ ਦਰ ਨਾਲ ਮਰੀਜ਼ਾਂ ਨੂੰ ਸੰਕਰਮਿਤ ਕਰ ਰਿਹਾ ਸੀ।

## ਕੇਂਦਰ ਨੇ ਪੰਜਾਬ ਨੂੰ ਜਾਰੀ ਕੀਤੇ 638.25 ਕਰੋੜ ਰੁਪਏ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦੇ ਵਿੱਤ ਮੰਤਰਾਲੇ ਨੇ 13 ਰਾਜਾਂ ਨੂੰ ਵਿੱਤੀ ਘਾਟਾ ਗ੍ਰਾਂਟ ਵਜੋਂ 6,157.74 ਕਰੋੜ ਰੁਪਏ ਜਾਰੀ ਕੀਤੇ ਹਨ। ਕੋਰੋਨਾ ਵਾਇਰਸ ਸੰਕਟ ਦੌਰਾਨ ਰਾਜਾਂ ਦੇ ਵਸੀਲੇ ਵਧਾਉਣ ਲਈ ਇਹ ਰਕਮ ਜਾਰੀ ਕੀਤੇ ਗਏ ਹਨ। ਪੰਜਾਬ ਦੇ ਹਿੱਸੇ 638 ਕਰੋੜ 25 ਲੱਖ ਰੁਪਏ ਆਏ ਹਨ।

# ਪੰਜਾਬ ਪੁਲੀਸ ਸਟੇਟ ਵੱਲ ਵਧਣ ਕਾਰਨ ਮਨੁੱਖੀ ਅਧਿਕਾਰਾਂ ਤੇ ਕਾਨੂੰਨ ਦੇ ਰਾਜ ਦਾ ਹੋ ਰਿਹਾ ਏ ਘਾਣ

**✪ ਵੀਡੀਓ ਬਣਾਉਣ ਦੇ ਸ਼ੱਕ ਵਿਚ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ ✪ ਸਬ-ਇੰਸਪੈਕਟਰ ਵੱਲੋਂ ਪੱਤਰਕਾਰਾਂ ਦੀ ਕੁੱਟਮਾਰ**

ਪੰਜਾਬ ਪੁਲਿਸ ਅਕਸਰ ਹੀ ਆਪਣੀਆਂ ਹਰਕਤਾਂ ਕਰਕੇ ਸੁਰਖੀਆਂ ਵਿੱਚ ਰਹਿੰਦੀ ਹੈ। ਕਰੋਨਾਵਾਇਰਸ ਸੰਕਟ ਦੇ ਸ਼ੁਰੂਆਤੀ ਦਿਨਾਂ ਵਿਚ ਪੰਜਾਬ ਪੁਲਿਸ ਨੇ ਨਾਕਿਆਂ, ਮੋੜਾਂ ਅਤੇ ਸੱਥਾਂ ਵਿਚ ਕੀਤੀ ਗਈ ਕੁੱਟਮਾਰ ਨੂੰ ਵੀ ਵਾਜਿਬ ਠਹਿਰਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਵਧਦੇ ਰੋਸ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਖ਼ਲ ਦੇਣਾ ਪਿਆ। ਪਿਛਲੇ ਦਿਨੀਂ ਪੂਰੇ ਪੰਜਾਬ ਵਿੱਚੋਂ ਕੁਝ ਅਜਿਹੀਆਂ ਹੀ ਖਬਰਾਂ ਸਾਹਮਣੇ ਆਈਆਂ ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ।

### ਵੀਡੀਓ ਬਣਾਉਣ ਦੇ ਦੋਸ਼ ’ਚ ਕੁੱਟਮਾਰ

ਕੋਰੋਨਾ ਕਰਫਿਊ ਦੌਰਾਨ ਨੌਜਵਾਨ ਨੀਰਜ ਕੁਮਾਰ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਨੀਰਜ ਕਿਸੇ ਦੁਕਾਨ ’ਤੇ ਕੰਮ ਕਰਦਾ ਹੈ, ਉਹ ਘਰ ਜਾ ਰਿਹਾ ਸੀ ਤਾਂ ਉਸ ਦੀ ਮਾਂ ਦਾ ਫੋਨ ਆ ਗਿਆ। ਉਹ ਫੋਨ ’ਤੇ ਗੱਲ ਕਰਦਾ ਹੋਇਆ ਜਾ ਰਿਹਾ ਸੀ ਤਾਂ ਰਸਤੇ ਵਿਚ ਕੁਝ ਪੁਲਿਸ ਮੁਲਾਜ਼ਮ ਕਿਸੇ ਦੁਕਾਨ ਦਾ ਸ਼ਟਰ ਭੰਨ ਰਹੇ ਸਨ। ਪੁਲਿਸ ਮੁਲਾਜ਼ਮਾਂ ਨੂੰ ਲੱਗਾ ਕਿ ਨੀਰਜ ਉਨ੍ਹਾਂ ਦੀ ਵੀਡੀਓ ਬਣਾ ਰਿਹਾ ਹੈ। ਪੁਲਿਸ ਮੁਲਾਜ਼ਮ ਉਸ ਨੂੰ ਪੁਲਿਸ ਚੌਕੀ ਲੈ ਗਏ ਤੇ ਉਸ ਦੀ ਕੁੱਟਮਾਰ ਕੀਤੀ ਗਈ।

### ਪੱਤਰਕਾਰਾਂ ਨਾਲ ਬਦਸਲੂਕੀ

ਬਿਸਤ ਦੋਆਬ ਨਹਿਰ ’ਤੇ ਨਾਕੇ ਦੌਰਾਨ ਪੱਤਰਕਾਰ ਨਾਲ ਸਬ-ਇੰਸਪੈਕਟਰ ਬਲਜਿੰਦਰ ਸਿੰਘ ਨਾਲ ਵਿਵਾਦ ਹੋ ਗਿਆ ਸੀ। ਗੱਲ ਵਧਦੀ ਦੇਖ ਕੇ ਜਦੋਂ ਦੋ ਹੋਰ ਪੱਤਰਕਾਰ ਉੱਥੇ ਗਏ ਤਾਂ ਸਬ ਇੰਸਪੈਕਟਰ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਜਿੱਥੇ ਪੱਤਰਕਾਰਾਂ ਨਾਲ ਬਦਸਲੂਕੀ ਕੀਤੀ ਉੱਥੇ ਸਿੱਖ ਪੱਤਰਕਾਰ ਦੀ ਕਥਿਤ ਤੌਰ ’ਤੇ ਪੱਗ ਲਾਹ ਦਿੱਤੀ ਤੇ ਵਾਲਾਂ ਤੋਂ ਫੜ ਕੇ ਘੜੀਸਿਆ। ਦੂਜੇ ਪੱਤਰਕਾਰ ਸਬ ਇੰਸਪੈਕਟਰ ਨੂੰ ਰੋਕ ਰਹੇ ਸਨ ਤਾਂ ਉਸ ਨੇ ਉਨ੍ਹਾਂ ਦੀ ਕੁੱਟਮਾਰ ਵੀ ਕੀਤੀ। ਦੋਸ਼ੀ ਸਬ-ਇੰਸਪੈਕਟਰ ਬਲਜਿੰਦਰ ਸਿੰਘ ਨੂੰ ਐਸਐਸਪੀ ਨਵਜੋਤ ਸਿੰਘ ਮਾਹਲ ਨੇ ਮੁਅੱਤਲ ਕਰ ਦਿੱਤਾ ਹੈ।

### ਸ਼ਿਕਾਇਤ ਦਰਜ ਕਰਵਾਉਣ ਵਾਲੇ ਦੀ ਹੀ ਕੁੱਟਮਾਰ

ਕਸਬਾ ਭੁਰਾਲ ਦੇ ਦਲਿਤ ਨੌਜਵਾਨ ਨਾਲ ਥਾਣਾ ਸੰਦੌੜ ਦੇ ਚਾਰ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿਚ ਪੀੜਤ ਨੌਜਵਾਨ ਸਿਮਰਨਜੀਤ ਦੇ ਬਿਆਨਾਂ ਦੇ ਆਧਾਰ ’ਤੇ ਸਬੰਧਤ ਚਾਰ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਪੀੜਤ ਸਿਮਰਨਜੀਤ ਕੋਲੋਂ ਕੁਝ ਵਿਅਕਤੀਆਂ ਨੇ 21 ਹਜ਼ਾਰ ਰੁਪਏ ਖੋਹ ਲਏ ਸਨ। ਜਦੋਂ ਉਹ ਥਾਣਾ ਸੰਦੌੜ ਵਿਚ ਘਟਨਾ ਦੀ ਜਾਣਕਾਰੀ ਦੇਣ ਗਿਆ ਤਾਂ ਚਾਰ ਪੁਲਿਸ ਮੁਲਾਜ਼ਮਾਂ ਨੇ ਉਲਟਾ ਉਸ ਦੀ ਕੁੱਟਮਾਰ ਕੀਤੀ। ਬੁਰੀ ਹਾਲਤ ਵਿਚ ਸਿਮਰਨਜੀਤ ਸਿੰਘ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਵਿਚ ਦਾਖ਼ਲ ਕਰਵਾਇਆ ਗਿਆ ਸੀ। ਮਗਰੋਂ ਪੁਲਿਸ ਪ੍ਰਸ਼ਾਸਨ ਨੇ ਏਐਸਆਈ ਸੁਖਵਿੰਦਰ ਸਿੰਘ ਨੂੰ ਮੁਅੱਤਲ ਤੇ ਦੋ ਮੁਲਾਜ਼ਮਾਂ ਦਾ ਪੁਲਿਸ ਲਾਈਨ ਤਬਾਦਲਾ ਕਰ ਦਿੱਤਾ ਸੀ। ਹੋਮਗਾਰਡ ਮੁਲਾਜ਼ਮ ਕੇਸਰ ਸਿੰਘ ਖ਼ਿਲਾਫ਼ ਕਾਰਵਾਈ ਸਬੰਧੀ ਉਸ ਦੇ ਵਿਭਾਗ ਨੂੰ ਭੇਜ ਦਿੱਤਾ ਸੀ।

### ਦੂਜੇ ਜ਼ਿਲ੍ਹੇ ਵਿਚ ਪਹੁੰਚ ਕੀਤੀ ਪਰਿਵਾਰ ਦੀ ਕੁੱਟਮਾਰ

ਅੰਮ੍ਰਿਤਪਾਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਨਿਹਾਲੂਵਾਲ ਨੇ ਦੱਸਿਆ ਕਿ ਉਸ ਦੀ ਪਤਨੀ ਬਲਜਿੰਦਰ ਕੌਰ 2 ਮਹੀਨੇ ਦੇ ਪੁੱਤਰ ਕਬੀਰਪਾਲ ਸਿੰਘ ਨੂੰ ਛੱਡ ਕੇ ਪੇਕੇ ਘਰ ਜਾ ਕੇ ਰਹਿਣ ਲੱਗ ਪਈ। ਐਤਵਾਰ ਨੂੰ ਉਸ ਦੀ ਪਤਨੀ ਮੋਗਾ ਪੁਲੀਸ ਦੇ 40-50 ਮੁਲਾਜ਼ਮਾਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਆ ਗਈ ਤੇ ਪੁਲਿਸ ਨੇ ਆਉਂਦਿਆਂ ਹੀ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਬਲਜਿੰਦਰ ਕੌਰ ਪੁੱਤਰੀ ਅਜੀਤ ਸਿੰਘ ਵਾਸੀ ਪਿੰਡ ਮਹਿਲ (ਮੋਗਾ) ਨੇ ਕਿਹਾ ਕਿ ਉਹ ਆਪਣੇ ਬੇਟੇ ਨੂੰ ਮਿਲਣ ਆਈ ਸੀ ਪਰ ਉਸ ਦੇ ਪਤੀ ਨੇ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਸੂਚਨਾ ਮਿਲਦੇ ਹੀ ਡੀਐਸਪੀ ਸ਼ਾਹਕੋਟ ਤੇ ਐਸਐਚਓ ਲੋਹੀਆਂ ਖਾਸ ਵੀ ਉਥੇ ਪਹੁੰਚ ਗਏ। ਮਾਮਲਾ ਵਧਦਾ ਦੇਖ ਕੇ ਉਹ ਮੋਗਾ ਦੇ ਮੁਲਾਜ਼ਮਾਂ ਸਮੇਤ ਸਭ ਨੂੰ ਲੋਹੀਆਂ ਥਾਣੇ ਲੈ ਗਏ।

ਡੀਐਸਪੀ ਧਰਮਕੋਟ ਯਾਦਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਮੁਲਾਜ਼ਮ ਦੋਵੇਂ ਧਿਰਾਂ ਦਾ ਸਮਝੌਤਾ ਕਰਵਾਉਣ ਲਈ ਆਏ ਸਨ ਪਰ ਔਰਤ ਦੇ ਸਹੁਰਾ ਪਰਿਵਾਰ ਨੇ ਉਨ੍ਹਾਂ ਦੇ ਮੁਲਾਜ਼ਮਾਂ ਉੱਪਰ ਹਮਲਾ ਕਰ ਦਿੱਤਾ। ਡੀਐਸਪੀ ਸ਼ਾਹਕੋਟ ਪਿਆਰਾ ਸਿੰਘ ਨੇ ਕਿਹਾ ਕਿ ਬੜੀ ਮੁਸ਼ਕਲ ਨਾਲ ਰਾਤ 2 ਵਜੇ ਦੋਵੇਂ ਧਿਰਾਂ ਦਾ ਆਪਸੀ ਸਮਝੌਤਾ ਕਰਵਾਇਆ ਗਿਆ। ਸਮਝੌਤੇ ਵਿਚ ਬੱਚਾ ਪਿਤਾ ਨੂੰ ਸੌਂਪ ਦਿੱਤਾ ਗਿਆ ਹੈ। ਪਤੀ ਆਪਣੀ ਪਤਨੀ ਨੂੰ 4 ਲੱਖ ਰੁਪਏ ਖਰਚ ਵਜੋਂ ਦੇਵੇਗਾ।

ਸੱਤ ਅਤੇ ਅੱਠ ਮਈ ਦੀ ਰਾਤ ਨੂੰ ਨਡਾਲਾ ਨੇੜਲੇ ਪਿੰਡ ਲੱਖਣ ਕੇ ਪੱਡਾ ਦੇ ਕੌਮਾਂਤਰੀ ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਦਾ ਇਕ ਏਐੱਸਆਈ ਵੱਲੋਂ ਗੋਲੀਆਂ ਮਾਰ ਕੇ ਕਤਲ ਕਰਨ ਅਤੇ ਇਕ ਦੂਸਰੇ ਨੌਜਵਾਨ ਪ੍ਰਦੀਪ ਨੂੰ ਜ਼ਖ਼ਮੀ ਕਰਨ ਦੀ ਦਰਦਨਾਕ ਘਟਨਾ ਲੋਕਾਂ ਦੇ ਸੰਘੋਂ ਨਹੀਂ ਉੱਤਰ ਰਹੀ। ਪਿੰਡ ਦੇ ਨੌਜਵਾਨਾਂ ਤੋਂ ਪਛਾਣ ਪੁੱਛ ਕੇ ਸਥਿਤੀ ਸਪਸ਼ਟ ਕਰਨ ਦੀ ਬਜਾਏ ਉਨ੍ਹਾਂ ’ਤੇ ਗੋਲੀ ਚਲਾਈ ਗਈ। ਇਸ ਤੋਂ ਵੀ ਜ਼ਿਆਦਾ ਅਫ਼ਸੋਸਨਾਕ ਗੱਲ ਇਹ ਹੈ ਕਿ ਉੱਚ ਅਹੁਦਿਆਂ ਉੱਤੇ ਬੈਠੇ ਸਿਆਸਤਦਾਨਾਂ ਅਤੇ ਅਧਿਕਾਰੀਆਂ ਨੇ ਇਨਸਾਫ਼ ਦਿਵਾਉਣ ਦਾ ਕੋਈ ਵਾਅਦਾ ਵੀ ਨਹੀਂ ਕੀਤਾ। ਇਸੇ ਤਰ੍ਹਾਂ ਖੰਨੇ ਦੇ ਇਕ ਪੁਲੀਸ ਇੰਸਪੈਕਟਰ ਨੇ ਮਾਮੂਲੀ ਝਗੜੇ ਕਾਰਨ ਪਿਉ ਪੁੱਤ ਨੂੰ ਇਕ ਦੂਜੇ ਦੇ ਸਾਹਮਣੇ ਅਲਫ਼ ਨੰਗਾ ਕਰ ਦਿੱਤਾ ਸੀ। ਲੋਕਾਂ ਦੇ ਵਿਰੋਧ ਦੇ ਬਾਵਜੂਦ ਸਬੰਧਿਤ ਇੰਸਪੈਕਟਰ ਦਾ ਕੇਵਲ ਤਬਾਦਲਾ ਹੀ ਕੀਤਾ ਗਿਆ ਹੈ। ਖਾੜਕੂਵਾਦ ਦੇ ਸਮੇਂ ਮਿਲੇ ਵੱਧ ਅਧਿਕਾਰਾਂ ਕਾਰਨ ਅਜਿਹੀ ਸੋਚ ਅਜੇ ਤਕ ਮੌਜੂਦ ਹੈ ਜਿਸ ਕਾਰਨ ਕੁਝ ਪੁਲੀਸ ਅਧਿਕਾਰੀ ਅਤੇ ਕਰਮਚਾਰੀ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਦੀ ਹਿਮਾਕਤ ਕਰਦੇ ਹਨ। ਸੱਤਾ ਤੰਤਰ ਵੱਲੋਂ ਉਨ੍ਹਾਂ ਨੂੰ ਸਮੇਂ ਸਿਰ ਵਾਜਿਬ ਸਜ਼ਾ ਦੇਣ ਦੀ ਬਜਾਏ ਪੁਸ਼ਤਪਨਾਹੀ ਕਰਨ ਨਾਲ ਇਹ ਰੁਝਾਨ ਹੋਰ ਮਜ਼ਬੂਤ ਹੁੰਦਾ ਹੈ।

## ਬ੍ਰਾਜ਼ੀਲ 'ਚ 1 ਲੱਖ ਤੋਂ ਵਧੇਰੇ ਮਾਮਲਿਆਂ ਦੀ ਪੁਸ਼ਟੀ, 7,300 ਤੋਂ ਵਧੇਰੇ ਲੋਕਾਂ ਦੀ ਮੌਤ

ਬ੍ਰਾਸੀਲੀਆ- ਬ੍ਰਾਜ਼ੀਲ ਵਿਚ ਪਿਛਲੇ 24 ਘੰਟਿਆਂ ਵਿਚ ਕੋਰੋਨਾਵਾਇਰਸ ਦੇ 4,075 ਨਵੇਂ ਮਾਮਲੇ ਸਾਹਮਣੇ ਆਏ ਹਨ ਅਤੇ 263 ਲੋਕਾਂ ਦੀ ਮੌਤ ਹੋਈ ਹੈ। ਦੇਸ਼ ਦੇ ਸਿਹਤ ਮੰਤਰੀ ਨੇ ਇਹ ਜਾਣਕਾਰੀ ਦਿੱਤੀ। ਵਰਲਡ ਓ ਮੀਟਰ ਦੇ ਮੁਤਾਬਕ ਦੇਸ਼ ਵਿਚ 1,08,620 ਮਾਮਲੇ ਸਾਹਮਣੇ ਆਏ ਹਨ ਅਤੇ 7,367 ਲੋਕਾਂ ਦੀ ਮੌਤ ਹੋ ਗਈ ਹੈ।

ਵਰਲਡ ਓ ਮੀਟਰ ਦੇ ਅੰਕੜਿਆਂ ਦੇ ਮੁਤਾਬਕ ਦੁਨੀਆ ਭਰ ਵਿਚ ਕੋਰੋਨਾਵਾਇਰਸ ਦੇ 36 ਲੱਖ 46 ਹਜ਼ਾਰ ਤੋਂ ਵਧੇਰੇ ਮਾਮਲੇ ਸਾਹਮਣੇ ਆਏ ਹਨ। ਇਹਨਾਂ ਵਿਚੋਂ 252,442 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 12 ਲੱਖ ਤੋਂ ਵਧੇਰੇ ਲੋਕ ਠੀਕ ਹੋ ਗਏਹਨ। ਰਾਇਟਰਜ਼ ਦੇ ਮੁਤਾਬਕ 5 ਮਈ 2020 ਸਵੇਰ 7:30 ਵਜੇ ਤੱਕ ਸਭ ਤੋਂ ਜ਼ਿਆਦਾ ਯੂਰਪ ਵਿਚ 14,55,378 ਮਾਮਲੇ ਸਾਹਮਣੇ ਆਏ ਹਨ। ਜਦਕਿ ਏਸ਼ੀਆ ਵਿਚ 2,45,611 ਮਾਮਲੇ ਸਾਹਮਣੇ ਆਏ ਹਨ।

# ਵਿਜੇ ਮਾਲਿਆ ਨੇ ਹਵਾਲਗੀ ਖਿਲਾਫ ਯੂ.ਕੇ. ਕੋਰਟ 'ਚ ਪਟੀਸ਼ਨ ਦਾਖਲ ਕਰਨ ਦੀ ਮੰਗੀ ਇਜਾਜ਼ਤ



ਲੰਡਨ- ਭਗੌੜੇ ਕਾਰੋਬਾਰੀ ਵਿਜੇ ਮਾਲਿਆ ਨੇ ਸੋਮਵਾਰ ਨੂੰ ਭਾਰਤ ਹਵਾਲੇ ਕੀਤੇ ਜਾਣ ਦੇ ਹੁਕਮ ਦੇ ਖਿਲਾਫ ਬ੍ਰਿਟਿਸ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਦੀ ਇਜਾਜ਼ਤ ਮੰਗੀ ਹੈ। ਦੋ ਹਫਤੇ ਪਹਿਲਾਂ ਹੀ ਲੰਡਨ ਦੇ ਹਾਈ ਕੋਰਟ ਨੇ ਮਾਲਿਆ ਦੀ ਹਵਾਲਗੀ ਦੇ ਖਿਲਾਫ ਪਟੀਸ਼ਨ ਰੱਦ ਕਰ ਦਿੱਤੀ ਸੀ। ਮਾਲਿਆ 'ਤੇ ਭਾਰਤ ਵਿਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਨਾਲ ਸਬੰਧਿਤ ਕੇਸ ਦਰਜ ਹੈ। ਮਾਲਿਆ (64) ਕੋਲ ਲੰਡਨ ਹਾਈ ਕੋਰਟ ਤੋਂ ਆਰਡਰ ਆਉਣ ਤੋਂ ਬਾਅਦ ਸੁਪਰੀਮ ਕੋਰਟ ਵਿਚ ਪਟੀਸ਼ਨ ਦੀ ਇਜਾਜ਼ਤ ਲੈਣ ਲਈ 14 ਦਿਨ ਦਾ ਸਮਾਂ ਸੀ। ਹਾਈ ਕੋਰਟ ਦਾ ਜਜਮੈਂਟ 2 ਅਪ੍ਰੈਲ ਨੂੰ ਆਇਆ ਸੀ। ਮਾਲਿਆ ਨੇ ਹੇਠਲੀ ਅਦਾਲਤ ਵੇਸਟਮਿਨਸਟਰ ਮੈਜਿਸਟ੍ਰੇਟ ਕੋਰਟ ਦੇ ਹਵਾਲੇ ਦੇ ਹੁਕਮ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਹ ਹੁਕਮ ਬ੍ਰਿਟਿਸ਼ ਗ੍ਰਹਿ ਮੰਤਰਾਲਾ ਤੋਂ ਸਰਟੀਫਾਈਡ ਹੈ। ਹਵਾਲਗੀ ਦੇ ਮਾਮਲੇ ਵਿਚ ਭਾਰਤੀ ਜਾਂਚ ਏਜੰਸੀਆਂ ਦੀ ਨੁਮਾਇੰਦਗੀ ਕਰ ਰਹੀ ਯੂ.ਕੇ. ਕ੍ਰਾਊਨ ਪ੍ਰਾਸੀਕਿਊਸ਼ਨ ਸਰਵਿਸ ਦੇ ਬੁਲਾਰੇ ਨੇ ਵੀ ਮਾਲਿਆ ਵਲੋਂ ਪਟੀਸ਼ਨ ਮਿਲਣ ਦੀ ਪੁਸ਼ਟੀ ਕੀਤੀ ਹੈ। ਇਸ ਨੇ ਦੱਸਿਆ ਕਿ ਪਟੀਸ਼ਨ ਦਾਇਰ ਕਰ ਦਿੱਤੀ ਗਈ ਹੈ। ਸਾਡੇ ਕੋਲ ਜਵਾਬ ਲਈ 14 ਮਈ ਤੱਕ ਦਾ ਸਮਾਂ ਹੈ।

ਰਾਇਲ ਕੋਰਟ ਵਿਚ ਲਾਰਡ ਜਸਟਿਸ ਸਟੀਫਨ ਇਵਿਨ ਅਤੇ ਜਸਟਿਸ ਐਲੀਜ਼ਾਬੇਥ ਲਾਇੰਗ ਦੀ ਦੋ ਮੈਂਬਰੀ ਬੈਂਚ ਨੇ ਇਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਮਾਲਿਆ ਦੇ ਖਿਲਾਫ ਭਾਰਤ ਵਿਚ 9000 ਕਰੋੜ ਰੁਪਏ ਦੇ ਧੋਖਾਧੜੀ ਅਤੇ ਮਨੀ ਲਾਂਡਰਿੰਗ ਦਾ ਕੇਸ ਚੱਲ ਰਿਹਾ ਹੈ। ਜੱਜਾਂ ਨੇ ਕਿਹਾ ਕਿ ਅਸੀ ਇਹ ਮੰਨਦੇ ਹਾਂ ਕਿ ਏ.ਡੀ.ਜੇ. ਯਾਨੀ ਸੀਨੀਅਰ ਡਿਸਟ੍ਰਿਕਟ ਜੱਜ ਵਲੋਂ ਪਾਏ ਗਏ ਦੋਸ਼ ਕੁਝ ਮਾਮਲਿਆਂ ਵਿਚ ਭਾਰਤ ਵਲੋਂ (ਸੀ.ਬੀ.ਆਈ. ਅਤੇ ਈ.ਡੀ.) ਤੋਂ ਲਗਾਏ ਗਏ ਦੋਸ਼ਾਂ ਤੋਂ ਜ਼ਿਆਦਾ ਵਿਆਪਕ ਹੈ ਪਰ 7 ਅਜਿਹੇ ਮਹੱਤਵਪੂਰਨ ਮਾਮਲਿਆਂ ਵਿਚ ਸੰਯੋਗਵਸ਼ ਦੋਸ਼ ਭਾਰਤ ਵਿਚ ਲਗਾਏ ਗਏ ਹਨ।

## ਜਾਪਾਨ 'ਚ ਐਮਰਜੰਸੀ ਦੀ ਮਿਆਦ ਵਧਾਈ ਗਈ ਮਈ ਦੇ ਆਖਿਰ ਤੱਕ

ਟੋਕੀਓ - ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੇ ਸੋਮਵਾਰ ਨੂੰ ਕੋਰੋਨਾਵਾਇਰਸ ਕਾਰਨ ਲਾਗੂ ਐਮਰਜੰਸੀ ਨੂੰ ਮਈ ਦੇ ਆਖਿਰ ਤੱਕ ਵਧਾਉਣ ਦਾ ਐਲਾਨ ਕੀਤਾ। ਆਬੇ ਨੇ ਵਾਇਰਸ ਦੀ ਮੌਜੂਦਾ ਸਥਿਤੀ 'ਤੇ ਮਾਹਿਰਾਂ ਦੇ ਮੁਲਾਂਕਣ ਦਾ ਹਵਾਲਾ ਦਿੰਦੇ ਹੋਏ ਆਖਿਆ ਕਿ ਮੌਜੂਦਾ ਵਿਵਸਥਾ ਅੱਗੇ ਰਹਿਣੀ ਚਾਹੀਦੀ ਕਿਉਂਕਿ ਕੋਰੋਨਾਵਾਇਰਸ ਤੋਂ ਪ੍ਰਭਾਵਿਤਾਂ ਦੀ ਗਿਣਤੀ ਵਿਚ ਅਜੇ ਕੋਈ ਕਮੀ ਨਹੀਂ ਆਈ ਹੈ ਅਤੇ ਹਸਪਤਾਲਾਂ ਵਿਚ ਹੁਣ ਵੀ ਸਮਰੱਥਾ ਤੋਂ ਜ਼ਿਆਦਾ ਮਰੀਜ਼ ਦਾਖਲ ਹਨ। ਉਨ੍ਹਾਂ ਆਖਿਆ ਕਿ ਜੇਕਰ ਮਈ ਦੇ ਮੱਧ ਤੱਕ ਅੰਕੜਿਆਂ ਵਿਚ ਕਮੀ ਹੁੰਦੀ ਹੈ ਤਾਂ ਪਹਿਲਾਂ ਵੀ ਐਮਰਜੰਸੀ ਦੇ ਪ੍ਰਾਵਧਾਨਾਂ ਵਿਚ ਢਿੱਲ ਦਿੱਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ, ਜਾਪਾਨ ਦੇ ਆਰਥਿਕ ਮਾਮਲਿਆਂ ਦੇ ਮੰਤਰੀ ਯਾਸੁਤੋਸ਼ੀ ਨਿਸ਼ੀਮੁਰਾ ਨੇ ਦੱਸਿਆ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਦੇਸ਼ ਵਿਚ ਜਾਰੀ ਐਮਰਜੰਸੀ ਨੂੰ ਇਸ ਮਹੀਨੇ ਦੇ ਆਖਿਰ ਤੱਕ ਵਧਾਉਣ ਦੀ ਯੋਜਨਾ ਦਾ ਮਾਹਿਰਾਂ ਨੇ ਸਮਰਥਨ ਕੀਤਾ ਹੈ। ਆਬੇ ਨੇ 7 ਅਪ੍ਰੈਲ ਨੂੰ ਐਮਰਜੰਸੀ ਦਾ ਐਲਾਨ ਕੀਤਾ ਸੀ। ਸ਼ੁਰੂਆਤ ਵਿਚ ਇਹ ਟੋਕੀਓ ਅਤੇ 6 ਹੋਰ ਸ਼ਹਿਰੀ ਸੂਬਿਆਂ ਵਿਚ ਲਾਗੂ ਸੀ ਪਰ ਬਾਅਦ ਵਿਚ ਪੂਰੇ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ ਅਤੇ ਲੋਕਾਂ ਤੋਂ 80 ਫੀਸਦੀ ਤੱਕ ਸਮਾਜਿਕ ਮੇਲ-ਮਿਲਾਪ ਘੱਟ ਕਰਨ ਦੀ ਅਪੀਲ ਕੀਤੀ। ਹਾਲਾਂਕਿ, ਪ੍ਰਧਾਨ ਮੰਤਰੀ ਨੇ ਕਾਰੋਬਾਰ ਰੋਕਣ ਦੇ ਆਦੇਸ਼ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਜਾਪਾਨ ਵਿਚ ਹੁਣ ਤੱਕ ਕੋਵਿਡ-19 ਦੇ 15000 ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ ਕਰੀਬ 500 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕਰੀਬ 4000 ਲੋਕਾਂ ਨੂੰ ਰੀ-ਕਵਰ ਕੀਤਾ ਜਾ ਚੁੱਕਿਆ ਹੈ।ਉਥੇ ਹੀ ਜਾਪਾਨ ਵਿਚ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਇਕ ਤਿਹਾਈ ਲੋਕ ਇਕੱਲੇ ਰਾਸ਼ਟਰੀ ਰਾਜਧਾਨੀ ਟੋਕੀਓ ਵਿਚ ਹਨ।



## ਦੱਖਣੀ ਕੋਰੀਆ 'ਚ 13 ਮਈ ਤੋਂ ਖੁੱਲ੍ਹਣਗੇ ਸਕੂਲ, ਮਾਸਕ ਤੇ ਸਰੀਰਕ ਦੂਰੀ ਦਾ ਪਾਲਣ ਜ਼ਰੂਰੀ

ਸਿਓਲ- ਕੋਰੋਨਾ ਵਾਇਰਸ ਇਨਫੈਕਸ਼ਨ 'ਤੇ ਬਹੁਤ ਹੱਦ ਤੱਕ ਕਾਬੂ ਕਰਨ ਤੋਂ ਬਾਅਦ ਦੱਖਣੀ ਕੋਰੀਆ ਵਿਚ 13 ਮਈ ਤੋਂ ਸਕੂਲਾਂ ਨੂੰ ਖੋਲ੍ਹਣ ਦੀ ਤਿਆਰੀ ਚੱਲ ਰਹੀ ਹੈ। ਸਿੱਖਿਆ ਮੰਤਰੀ ਯੂ ਇਯੂਨ-ਹੇ ਨੇ ਸੋਮਵਾਰ ਨੂੰ ਕਿਹਾ ਕਿ ਦੇਸ਼ਭਰ ਦੇ ਸਕੂਲ ਲੜੀਬੱਧ ਤਰੀਕੇ ਨਾਲ ਖੋਲ੍ਹੇ ਜਾਣਗੇ। ਸਭ ਤੋਂ ਪਹਿਲਾਂ 13 ਮਈ ਤੋਂ ਹਾਈ ਸਕੂਲਾਂ ਵਿਚ ਸੀਨੀਅਰ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ 20 ਮਈ ਤੋਂ ਜੂਨੀਅਰ ਕਲਾਸਾਂ ਵੀ ਸ਼ੁਰੂ ਕੀਤੀਆਂ ਜਾਣਗੀਆਂ। ਸਿੱਖਿਆ ਮੰਤਰੀ ਨੇ ਕਿਹਾ ਕਿ ਸਕੂਲ ਵਿਚ ਸਾਰਿਆਂ ਨੂੰ ਮਾਸਕ ਪਾਉਣਾ ਜ਼ਰੂਰੀ ਹੋਵੇਗਾ। ਇਸ ਤੋਂ ਇਲਾਵਾ ਸਰੀਰਕ ਦੂਰੀ ਦੇ ਨਿਯਮਾਂ ਦਾ ਪਾਲਣ ਵੀ ਕਰਾਇਆ ਜਾਵੇਗਾ। ਕਿਸੇ ਸਕੂਲ ਵਿਚ ਕੋਰੋਨਾ ਪਾਜ਼ੇਟਿਵ ਮਾਮਲੇ ਮਿਲਦੇ ਹੀ ਉਥੇ ਮੁੜ ਆਨਲਾਈਨ ਕਲਾਸ ਸ਼ੁਰੂ ਕੀਤੀ ਜਾਵੇਗੀ। ਸਥਾਨਕ ਇਨਫੈਕਸ਼ਨ 'ਤੇ ਕੰਟਰੋਲ ਕਰਨ ਤੋਂ ਬਾਅਦ ਦੱਖਣੀ ਕੋਰੀਆ ਵਿਚ 6 ਮਈ ਤੋਂ ਲਾਕਡਾਊਨ ਦੇ ਨਿਯਮਾਂ ਵਿਚ ਢਿੱਲ ਦਿੱਤੇ ਜਾਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਸੋਮਵਾਰ ਨੂੰ ਕੋਰੋਨਾ ਵਾਇਰਸ ਦੇ 8 ਨਵੇਂ ਮਾਮਲੇ ਦਰਜ ਕੀਤੇ ਗਏ। ਇਹ ਸਾਰੇ ਲੋਕ ਵਿਦੇਸ਼ ਤੋਂ ਆਏ ਸਨ। ਦੇਸ਼ ਵਿਚ ਇਨਫੈਕਸ਼ਨ ਦੇ 10,801 ਮਾਮਲੇ ਸਾਹਮਣੇ ਆਏ ਹਨ। ਹੁਣ ਤੱਕ 252 ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਫਰਾਂਸ, ਬ੍ਰਿਟੇਨ 'ਚ ਐਪ ਜ਼ਰੀਏ ਰੱਖੀ ਜਾਵੇਗੀ ਕੋਰੋਨਾ ਇਨਫੈਕਸ਼ਨ 'ਤੇ ਨਜ਼ਰ

ਪੈਰਿਸ- ਭਾਰਤ ਦੀ ਤਰ੍ਹਾਂ ਫਰਾਂਸ ਅਤੇ ਬ੍ਰਿਟੇਨ ਵੀ ਕੋਰੋਨਾਵਾਇਰਸ ਦੇ ਇਨਫੈਕਸ਼ਨ 'ਤੇ ਨਜ਼ਰ ਰੱਖਣ ਲਈ ਐਪ ਲਾਗੂ ਕਰਨ ਦੀ ਯੋਜਨਾ ਬਣਾ ਰਹੇ ਹਨ। ਭਾਰਤ ਵਿਚ ਵੱਡੇ ਪੱਧਰ 'ਤੇ ਲੋਕ ਆਰੋਗਯ ਸੇਤੂ ਐਪ ਦੀ ਵਰਤੋਂ ਕਰ ਰਹੇ ਹਨ। ਫਰਾਂਸ ਦੇ ਸੂਚਨਾ ਤਕਨਾਲੋਜੀ ਮੰਤਰੀ ਸੇਡਰਿਕ ਓ ਨੇ ਐਤਵਾਰ ਨੂੰ ਇਸ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਵਿਚ ਜਦੋਂ 11 ਮਈ ਤੋਂ ਲਾਕਡਾਊਨ ਦੇ ਨਿਯਮਾਂ ਵਿਚ ਕੁਝ ਛੋਟ ਦਿੱਤੀ ਜਾਵੇਗਾ ਉਸੇ ਹਫਤੇ ਕੋਵਿਡ-19 ਦੇ ਇਨਫੈਕਸ਼ਨ 'ਤੇ ਨਜ਼ਰ ਰੱਖਣ ਦੇ ਲਈ 'ਸਟੌਪ ਕੋਵਿਡ' ਐਪ ਨੂੰ ਪਰੀਖਣ ਦੇ ਤੌਰ 'ਤੇ ਸ਼ੁਰੂ ਕੀਤਾ ਜਾਵੇਗਾ। ਸੇਡਰਿਕ ਓ ਨੇ ਫਰਾਂਸ ਵਿਚ ਕੋਰੋਨਾਵਾਇਰਸ ਦੇ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਣ ਦੇ ਲਈ 'ਸਟੌਪ ਕੋਵਿਡ' ਐਪ ਨੂੰ ਸਰਕਾਰ ਦੀ ਰਣਨੀਤੀ ਦਾ ਇਕ ਪ੍ਰਮੁੱਖ ਹਿੱਸਾ ਕਰਾਰ ਦਿੱਤਾ ਹੈ। ਫਰਾਂਸ ਵਿਚ ਸਰਕਾਰ ਨੇ ਕੋਰੋਨਾ ਜਾਂਚ ਵਿਚ ਤੇਜ਼ੀ ਲਿਆਉਣ ਲਈ 11 ਮਈ ਤੋਂ ਪ੍ਰਤੀ ਹਫਤੇ ਦੇਸ ਵਿਚ ਘੱਟੋ-ਘੱਟ 7 ਲੱਖ ਕੋਰੋਨਾ ਮਾਮਲਿਆਂ ਦੀ ਜਾਂਚ ਦਾ ਟੀਚਾ ਰੱਖਿਆ ਹੈ ਜਿਸ ਦਾ ਖਰਚ ਸਰਕਾਰ ਦੇਵੇਗੀ। ਉਹਨਾਂ ਨੇ ਕਿਹਾ,''ਇਸ ਐਪ ਵਿਚ ਕੋਈ ਹੈਰਾਨੀਜਨਕ ਗੱਲ ਨਹੀਂ ਹੈ। ਇਹ ਕਿਸੇ ਤਰ੍ਹਾਂ ਦਾ ਤਕਨੀਕੀ ਸਹਿਯੋਗ ਨਹੀਂ ਹੈ ਸਗੋਂ ਇਹ ਗਲੋਬਲ ਸਿਹਤ ਪ੍ਰਣਾਲੀ ਦਾ ਇਕ ਹਿੱਸਾ ਹੈ।'' ਦੂਜੇ ਪਾਸੇ ਬ੍ਰਿਟੇਨ ਨੇ ਵੀ ਕੋਵਿਡ-19 'ਤੇ ਨਜ਼ਰ ਰੱਖ ਲਈ ਅਗਲੇ ਹਫਤੇ ਇਕ ਐਪ ਲਿਆਉਣ ਦੀ ਯੋਜਨਾ ਬਣਾਈ ਹੈ। ਬ੍ਰਿਟੇਨ ਦੇ ਕੈਬਨਿਟ ਮੰਤਰੀ ਮਾਈਕਲ ਗੋਵ ਨੇ ਇਹ ਜਾਣਕਾਰੀ ਦਿੱਤੀ। ਗੋਵ ਨੇ ਐਤਵਾਰ ਨੂੰ ਇਕ ਪੱਤਰਕਾਰ ਸੰਮੇਲਨ ਵਿਚ ਕਿਹਾ,''ਇਸ ਹਫਤੇ ਅਸੀਂ ਵਿਟ ਟਾਪੂ 'ਤੇ ਇਕ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਐਪ ਦੀ ਸ਼ੁਰੂਆਤ ਕਰਾਂਗੇ। ਬ੍ਰਿਟੇਨ ਵਿਚ ਵੀ ਹਾਲਾਤ ਲਗਾਤਾਰ ਖਰਾਬ ਹੁੰਦੇ ਜਾ ਰਹੇ ਹਨ।'' ਗੌਰਤਲਬ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਕੋਰੋਨਾਵਾਇਰਸ ਦੇ ਪ੍ਰਕੋਪ ਨੂੰ 11 ਮਾਰਚ ਨੂੰ ਮਹਾਮਾਰੀ ਐਲਾਨਿਆ ਸੀ।

## ਹਾਂਗਕਾਂਗ 'ਤੇ ਕੋਰੋਨਾ ਦਾ ਅਸਰ, ਪਹਿਲੀ ਤਿਮਾਹੀ 'ਚ 9 ਫੀਸਦੀ ਡਿੱਗੀ ਅਰਥਵਿਵਸਥਾ

ਹਾਂਗਕਾਂਗ-ਕੋਰੋਨਾ ਵਾਇਰਸ ਮਹਾਮਾਰੀ ਕਾਰਣ ਹਾਂਗਕਾਂਗ ਦੀ ਅਰਥਵਿਵਸਥਾ ਦੀ ਪਹਿਲੀ ਤਿਮਾਹੀ ਦੌਰਾਨ ਸਾਲਾਨਾ ਆਧਾਰ 'ਤੇ 8.9 ਫੀਸਦੀ ਦੀ ਗਿਰਵਾਟ ਆਈ। ਇਹ ਕਿਸੇ ਵੀ ਤਿਮਾਹੀ ਦੇ ਹਾਂਗਕਾਂਗ ਦਾ 1974 ਤੋਂ ਬਾਅਦ ਦਾ ਸਭ ਤੋਂ ਖਰਾਬ ਪ੍ਰਦਰਸ਼ਨ ਹੈ। ਹਾਂਗਕਾਂਗ ਦੀ ਸਰਕਾਰ ਨੇ ਸੋਮਵਾਰ ਨੂੰ ਕਿਹਾ ਕਿ ਪਿਛਲੇ ਸਾਲ ਜੂਨ ਤੋਂ ਸ਼ੁਰੂ ਹੋਏ ਲੋਕਤੰਤਰ-ਸਮਰਥਕ ਵਿਰੋਧ ਪ੍ਰਦਰਸ਼ਨਾਂ ਅਤੇ ਸੁਸਤ ਗਲੋਬਲੀ ਵਪਾਰ ਕਾਰਣ ਅਰਥਵਿਵਸਥਾ ਪਹਿਲਾਂ ਤੋਂ ਹੀ ਪ੍ਰਭਾਵਿਤ ਚੱਲ ਰਹੀ ਸੀ। ਅੰਕੜਿਆਂ ਮੁਤਾਬਕ, ਸਮੀਖਿਆ ਅਧੀਨ ਤਿਮਾਹੀ 'ਚ ਨਿਰਯਾਤ 9.7 ਫੀਸਦੀ ਡਿੱਗ ਗਿਆ। ਇਸ ਦੌਰਾਨ ਸੇਵਾਵਾਂ ਦੇ ਨਿਰਯਾਤ 'ਚ 37.8 ਫੀਸਦੀ ਅਤੇ ਉਪਭੋਗਤਾ ਖਰਚ 'ਚ 10.2 ਫੀਸਦੀ ਦਾ ਗਿਰਾਵਟ ਆਈ। ਆਈ.ਐਨ.ਜੀ. ਦੇ ਆਈਰਿਸ ਪੈਂਗ ਨੇ ਕਿਹਾ ਕਿ ਭਲੇ ਹੀ ਵਾਇਰਸ ਦੇ ਮਾਮਲੇ ਘਟ ਹੋ ਰਹੇ ਹਨ ਪਰ ਵਪਾਰ ਤਣਾਅ ਫਿਰ ਤੋਂ ਗਰਮ ਹੋ ਰਿਹਾ ਹੈ ਅਤੇ ਵਿਰੋਧ ਪ੍ਰਦਰਸ਼ਨ ਫਿਰ ਤੋਂ ਸ਼ੁਰੂ ਹੋ ਰਹੇ ਹਨ। ਉਨ੍ਹਾਂ ਨੇ ਇਕ ਰਿਪੋਰਟ 'ਚ ਕਿਹਾ ਕਿ ਇਕ ਲੰਬੀ ਮੰਦੀ ਦੀ ਸੰਭਾਵਨਾ ਹੈ।

## ਦੇਸ਼ 'ਚ ਕੋਰੋਨਾ ਮਰੀਜ਼ਾਂ ਦੀ ਗਿਣਤੀ 53 ਹਜ਼ਾਰ ਦੇ ਕਰੀਬ ਪਹੁੰਚੀ, ਹੁਣ ਤੱਕ 1783 ਲੋਕਾਂ ਦੀ ਮੌਤ, ਦੇਖੋ ਸੂਬਿਆਂ ਦੇ ਅੰਕੜੇ

ਨਵੀਂ ਦਿੱਲੀ: ਦੇਸ਼ 'ਚ ਮਾਰੂ ਕੋਰੋਨਾਵਾਇਰਸ ਦਾ ਪ੍ਰਕੋਪ ਜਾਰੀ ਹੈ। ਇਸ ਵਾਇਰਸ ਨਾਲ ਸੰਕਰਮਿਤ ਮਰੀਜ਼ਾਂ ਦੀ ਗਿਣਤੀ ਹਰ ਦਿਨ ਵੱਧ ਰਹੀ ਹੈ। ਸਿਹਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਨੁਸਾਰ ਹੁਣ ਦੇਸ਼ 'ਚ ਇਸ ਮਹਾਂਮਾਰੀ ਨਾਲ ਸੰਕਰਮਿਤ ਮਰੀਜ਼ਾਂ ਦੀ ਗਿਣਤੀ 53 ਹਜ਼ਾਰ ਦੇ ਨੇੜੇ ਹੋ ਗਈ ਹੈ। ਮੰਤਰਾਲੇ ਅਨੁਸਾਰ ਹੁਣ ਤੱਕ 52 ਹਜ਼ਾਰ 952 ਲੋਕ ਕੋਰੋਨਾ ਨਾਲ ਸੰਕਰਮਿਤ ਹੋਏ ਹਨ। ਉਸੇ ਸਮੇਂ 1783 ਲੋਕਾਂ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ, 15267 ਵਿਅਕਤੀ ਠੀਕ ਵੀ ਹੋਏ ਹਨ।

**ਕਿਸ ਸੂਬੇ 'ਚ ਕਿੰਨੀਆਂ ਮੌਤਾਂ ਹੋਈਆਂ?**

ਸਿਹਤ ਮੰਤਰਾਲੇ ਅਨੁਸਾਰ ਮਹਾਰਾਸ਼ਟਰ ਵਿੱਚ 651, ਮੱਧ ਪ੍ਰਦੇਸ਼ ਵਿੱਚ 185, ਗੁਜਰਾਤ ਵਿੱਚ 396, ਦਿੱਲੀ ਵਿੱਚ 65, ਤਾਮਿਲਨਾਡੂ ਵਿੱਚ 35, ਤੇਲੰਗਾਨਾ ਵਿੱਚ 29, ਆਂਧਰਾ ਪ੍ਰਦੇਸ਼ ਵਿੱਚ 36, ਕਰਨਾਟਕ ਵਿੱਚ 29, ਉੱਤਰ ਪ੍ਰਦੇਸ਼ ਵਿੱਚ 60, ਪੰਜਾਬ 27, ਪੱਛਮੀ ਬੰਗਾਲ ਵਿੱਚ 144, ਰਾਜਸਥਾਨ ਵਿੱਚ 92, ਜੰਮੂ-ਕਸ਼ਮੀਰ ਵਿੱਚ 8, ਹਰਿਆਣਾ ਵਿੱਚ 7, ਕੇਰਲ ਵਿੱਚ 4, ਝਾਰਖੰਡ ਵਿੱਚ 3, ਬਿਹਾਰ ਵਿੱਚ 4, ਹਿਮਾਚਲ ਪ੍ਰਦੇਸ਼ ਵਿੱਚ 2, ਅਸਾਮ, ਮੇਘਾਲਿਆ ਅਤੇ ਉੜੀਸਾ ਵਿੱਚ ਇਕ-ਇਕ ਮੌਤ ਹੋਈ ਹੈ।

## ਖਤਰਨਾਕ ਅੱਤਵਾਦੀ ਨਾਇਕੂ ਮੁਕਾਬਲੇ 'ਚ ਹਲਾਕ, 12 ਲੱਖ ਰੁਪਏ ਸੀ ਸਿਰ 'ਤੇ ਇਨਾਮ

ਜੰਮੂ: ਜੰਮੂ-ਕਸ਼ਮੀਰ 'ਚ ਅੱਜ ਸੁਰੱਖਿਆ ਬਲਾਂ ਨੂੰ ਵੱਡੀ ਸਫਲਤਾ ਮਿਲੀ ਹੈ। ਅੱਤਵਾਦੀਆਂ ਨਾਲ ਮੁਕਾਬਲੇ ਵਿਚ ਸੁਰੱਖਿਆ ਬਲਾਂ ਨੇ ਹਿਜ਼ਬੁਲ ਕਮਾਂਡਰ ਰਿਆਜ਼ ਨਾਇਕੂ ਨੂੰ ਮਾਰ ਦਿੱਤਾ। ਨਾਇਕੂ ਇੱਕ ਘਰ ਦੇ ਹੇਠਾਂ ਬਣੇ ਬੰਕਰ 'ਚ ਛੁਪਿਆ ਹੋਇਆ ਸੀ। ਇਸ ਤੋਂ ਬਾਅਦ ਸੁਰੱਖਿਆ ਬਲਾਂ ਨੇ ਜੇਸੀਬੀ ਮਸ਼ੀਨ ਦੀ ਮਦਦ ਨਾਲ ਬੰਕਰ ਖੋਦਿਆ ਤੇ ਨਾਇਕੂ ਨੂੰ ਢੇਰ ਕਰ ਦਿੱਤਾ।



ਜੰਮੂ-ਕਸ਼ਮੀਰ ਪੁਲਿਸ, ਆਰਮੀ ਤੇ ਸੀਆਰਪੀਐਫ ਨੇ ਕਿਹਾ ਕਿ ਰਿਆਜ਼ ਪਿਛਲੇ ਤਿੰਨ ਦਿਨਾਂ ਤੋਂ ਪੁਲੂਮਾ ਵਿੱਚ ਨੈਕੂ ਨੂੰ ਲੱਭਣ ਲਈ ਸੁਰੱਖਿਆ ਮੁਹਿੰਮ ਚਲਾ ਰਹੇ ਸੀ। ਸੁਰੱਖਿਆ ਬਲਾਂ ਨੂੰ ਪਤਾ ਸੀ ਕਿ ਨਾਇਕੂ ਆਪਣੀ ਮਾਂ ਨੂੰ ਮਿਲਣ ਘਰ ਜਾ ਸਕਦਾ ਸੀ। ਸੁਰੱਖਿਆ ਬਲਾਂ ਨੂੰ ਇਸ ਦਾ ਪਤਾ ਲੱਗ ਗਿਆ। ਇਸ ਤੋਂ ਬਾਅਦ ਸੁਰੱਖਿਆ ਬਲਾਂ ਦੁਆਰਾ ਜ਼ਮੀਨ ਨੂੰ ਪੁੱਟਣ ਲਈ ਜੇਸੀਬੀ ਦੀ ਵਰਤੋਂ ਕੀਤੀ।

ਰਿਆਜ਼ ਤਿੰਨ ਸਾਲ ਨਾਈਕੂ ਘਾਟੀ 'ਚ ਹਿਜ਼ਬੁਲ ਮੁਜਾਹਿਦੀਨ ਦਾ ਕਮਾਂਡਰ ਰਿਹਾ। ਇਹ ਸਾਲ 2016 ਤੋਂ ਸੁਰੱਖਿਆ ਬਲਾਂ ਦੀ ਰਾਡਾਰ 'ਤੇ ਸੀ। ਅੱਤਵਾਦੀ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਤੋਂ ਇਹ ਸੁਰੱਖਿਆ ਬਲਾਂ ਦੇ ਨਿਸ਼ਾਨੇ 'ਤੇ ਸੀ।

ਦੱਸ ਦਈਏ ਕਿ ਇਸ 'ਤੇ 12 ਲੱਖ ਦਾ ਇਨਾਮ ਸੀ। ਨਾਈਕੂ ਘਾਟੀ ਦੇ ਟਾਪ ਦੇ 10 ਸਭ ਤੋਂ ਵੱਧ ਲੋੜੀਂਦੇ ਅੱਤਵਾਦੀਆਂ 'ਚ ਸ਼ਾਮਲ ਸੀ ਤੇ ਏ ++ ਕੈਟਾਗਿਰੀ ਦਾ ਅੱਤਵਾਦੀ ਸੀ। ਨਾਇਕੂ ਦੀ ਉਮਰ ਕਰੀਬ 32 ਸਾਲ ਦੱਸੀ ਜਾਂਦੀ ਹੈ। ਉਹ ਅਵੰਤੀਪੁਰਾ ਦੇ ਦੁਰਬਾਗ ਖੇਤਰ ਵਿੱਚ ਰਹਿੰਦਾ ਸੀ।

## ਕਤਲ ਕੇਸ ਦੇ ਦੋਸ਼ੀ ਨੇ ਆਪਣਾ ਗੁਪਤ ਅੰਗ ਕੀਤਾ ਮੰਦਰ 'ਚ ਭੇਟ

ਗਵਾਲੀਅਰ: ਕਤਲ ਦੇ ਮਾਮਲੇ ਦੇ ਦੋਸ਼ੀ ਤੇ ਉਮਰ ਕੈਦ ਕੱਟ ਰਹੇ ਨੌਜਵਾਨ ਨੇ ਬੀਤੇ ਕੱਲ੍ਹ ਆਪਣੇ ਆਪ ਨਾਲ ਹੀ ਜੱਗੋਂ ਤੇਰ੍ਹਵੀਂ ਕਰ ਲਈ। 25 ਸਾਲਾ ਕੈਦੀ ਨੇ ਆਪਣਾ ਗੁਪਤ ਅੰਗ ਕੱਟ ਕੇ ਗਵਾਲੀਅਰ ਦੀ ਕੇਂਦਰੀ ਜੇਲ੍ਹ ਅੰਦਰ ਸਥਿਤ ਮੰਦਰ ਵਿੱਚ ਅਰਪਨ ਕਰ ਦਿੱਤਾ। ਕੈਦੀ ਨੂੰ ਗੰਭੀਰ ਹਾਲਤ ਵਿੱਚ ਭਰਤੀ ਕਰਵਾਇਆ ਗਿਆ ਹੈ।

ਜੇਲ੍ਹ ਦੇ ਸੁਪਰਡੰਟ ਮਨੋਜ ਸਾਹੂ ਨੇ ਦੱਸਿਆ ਕਿ ਕੈਦੀ ਨੇ ਸੋਮਵਾਰ ਰਾਤ ਸਮੇਂ ਕੋਈ ਸੁਫਨਾ ਦੇਖਿਆ, ਜਿਸ ਤੋਂ ਬਾਅਦ ਇਹ ਕਦਮ ਚੁੱਕਿਆ। ਉਨ੍ਹਾਂ ਮੁਤਾਬਕ ਕੈਦੀ ਨੇ ਸੁਫਨੇ ਵਿੱਚ ਭਗਵਾਨ ਸ਼ਿਵ ਨੂੰ ਦੇਖਿਆ ਸੀ।

ਸੁਪਰੰਡ ਨੇ ਅੱਗੇ ਦੱਸਿਆ ਕਿ ਉਸ ਨੇ ਮੰਗਲਵਾਰ ਸਵੇਰੇ ਸਾਢੇ ਕੁ ਛੇ ਵਜੇ ਜੇਲ੍ਹ ਵਿਚਲੇ ਮੰਦਰ ਵਿੱਚ ਜਾ ਕੇ ਪੂਜਾ ਕੀਤੀ ਤੇ ਆਪਣਾ ਗੁਪਤ ਅੰਗ ਵੱਢ ਕੇ ਮੰਦਰ ਵਿੱਚ ਚੜ੍ਹਾ ਦਿੱਤਾ।

## ਕੋਰੋਨਾ ਨੇ ਦੂਜੀ ਵਿਸ਼ਵ ਜੰਗ ਨਾਲੋਂ ਵੀ ਕੀਤਾ ਅਮਰੀਕਾ ਦਾ ਵੱਧ ਨੁਕਸਾਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਰੋਨਾ ਵਾਇਰਸ ਨੂੰ ਲੈ ਕੇ ਇੱਕ ਵਾਰ ਫਿਰ ਚੀਨ 'ਤੇ ਵਰ੍ਹੇ ਹਨ। ਉਨ੍ਹਾਂ ਕਿਹਾ ਕਿ ਮਹਾਮਾਰੀ ਦੂਜੀ ਵਿਸ਼ਵ ਜੰਗ ਦੌਰਾਨ ਪਰਲ ਹਾਰਬਰ 'ਤੇ ਹੋਏ ਹਮਲੇ ਤੋਂ ਵੀ ਬੁਰਾ ਸੰਕਟ ਹੈ। ਮਹਾਮਾਰੀ ਚੀਨ ਤੋਂ ਜ਼ਿਆਦਾ ਅਮਰੀਕਾ ਦੀ ਦੁਸ਼ਮਣ ਹੈ।



ਉਨ੍ਹਾਂ ਕਿਹਾ ਕਿ ਇੰਨਾ ਨੁਕਸਾਨ ਜਾਪਾਨੀਆਂ ਨੇ ਦੋ ਦਹਾਕੇ ਪਹਿਲਾਂ ਨਹੀਂ ਪਹੁੰਚਾਇਆ, ਜਿੰਨਾ ਮਹਾਮਾਰੀ ਨੇ ਅਮਰੀਕਾ ਨੂੰ ਪਹੁੰਚਾਇਆ ਹੈ। ਜਾਪਾਨ ਨੇ ਦੂਜੇ ਵਿਸ਼ਵ ਯੁੱਧ ਦੌਰਾਨ 7 ਦਸੰਬਰ, 1941 ਨੂੰ ਪਰਲ ਹਾਰਬਰ 'ਤੇ ਹਮਲਾ ਕੀਤਾ ਸੀ, ਜਿਸ 'ਚ ਕਰੀਬ ਢਾਈ ਹਜ਼ਾਰ ਅਮਰੀਕੀਆਂ ਦੀ ਜਾਨ ਗਈ ਸੀ।

ਅਮਰੀਕਾ ਕੋਰੋਨਾ ਵਾਇਰਸ ਨੂੰ ਲੈ ਕੇ ਚੀਨ ਖਿਲਾਫ ਠੋਸ ਕਾਰਵਾਈ ਦੀ ਗੱਲ ਕਰ ਰਿਹਾ ਹੈ। ਉੱਧਰ ਚੀਨ ਦਾ ਕਹਿਣਾ ਹੈ ਕਿ ਅਮਰੀਕਾ ਮਹਾਮਾਰੀ ਨਾਲ ਨਜਿੱਠਣ ਲਈ ਆਪਣੀਆਂ ਅਸਫਲਤਾਵਾਂ ਤੋਂ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦਾ ਹੈ। ਵਾਇਰਸ ਦੀ ਸ਼ੁਰੂਆਤ ਚੀਨ ਦੇ ਵੁਹਾਨ ਤੋਂ ਹੋਈ ਸੀ।

## ਪੁਲਿਸ ਕਰਮੀਆਂ 'ਤੇ ਕੋਰੋਨਾ ਦਾ ਕਹਿਰ, 75 ਤੋਂ ਵੱਧ ਪੌਜ਼ੇਟਿਵ



ਨਵੀਂ ਦਿੱਲੀ: ਭਾਰਤ 'ਚ ਕੋਰੋਨਾ ਵਾਇਰਸ ਦਾ ਕਹਿਰ ਲਗਾਤਾਰ ਜਾਰੀ ਹੈ। ਦਿਨ-ਬ-ਦਿਨ ਹਜ਼ਾਰਾਂ ਦੀ ਗਿਣਤੀ 'ਚ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਦਿੱਲੀ 'ਚ ਹੁਣ ਤਕ ਕੋਰੋਨਾ ਵਾਇਰਸ ਦੇ ਪੰਜ ਹਜ਼ਾਰ ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਚੁੱਕੇ ਹਨ। ਵੱਡੀ ਗੱਲ ਇਹ ਹੈ ਕਿ ਦਿੱਲੀ ਪੁਲਿਸ ਦੇ 75 ਤੋਂ ਜ਼ਿਆਦਾ ਜਵਾਨ ਵੀ ਕੋਰੋਨਾ ਪੌਜ਼ੇਟਿਵ ਹਨ। ਇਨ੍ਹਾਂ 'ਚ ਸਿਪਾਹੀ ਤੋਂ ਲੈਕੇ ਇੰਸਪੈਕਟਰ ਰੈਂਕ ਤਕ ਦੇ ਅਧਿਕਾਰੀ ਸ਼ਾਮਲ ਹਨ।

ਪੌਜ਼ੇਟਿਵ ਪੁਲਿਸ ਕਰਮੀਆਂ 'ਚ ਤਬਲੀਗੀ ਜਮਾਤ ਮਾਮਲੇ ਦੀ ਜਾਂਚ ਕਰ ਰਹੀ ਕ੍ਰਾਇਮ ਬ੍ਰਾਂਚ ਟੀਮ ਦੇ ਵੀ ਪੰਜ ਲੋਕ ਸ਼ਾਮਲ ਹਨ। ਪੁਲਿਸ ਥਾਣੇ 'ਚ ਤਾਇਨਾਤ ਸਪੈਸ਼ਲ ਬ੍ਰਾਂਚ 'ਚ ਤਾਇਨਾਤ ਤੇ ਬਾਕੀ ਡਵੀਜ਼ਨਾਂ 'ਚ ਤਾਇਨਾਤ ਪੁਲਿਸ ਕਰਮੀਆਂ ਨੂੰ ਕੋਰੋਨਾ ਵਾਇਰਸ ਹੋਇਆ ਹੈ।

ਪੁਲਿਸ ਕਰਮੀਆਂ 'ਚ ਕੋਰੋਨਾ ਵਾਇਰਸ ਦੇ ਮਾਮਲੇ ਵਧਣ ਤੋਂ ਬਾਅਦ ਦਿੱਲੀ ਪੁਲਿਸ ਨੇ ਆਪਣੇ ਕਰਮਚਾਰੀਆਂ ਨੂੰ ਦਿੱਲੀ ਤੋਂ ਬਾਹਰ ਨਾ ਭੇਜਣ ਲਈ ਦਿੱਲੀ ਸਰਕਾਰ ਦੇ ਸਕੂਲਾਂ ਦੀਆਂ ਕਈ ਇਮਾਰਤਾਂ ਲੈ ਲਈਆਂ ਹਨ ਤਾਂ ਕਿ ਡਿਊਟੀ ਤੋਂ ਬਾਅਦ ਪੁਲਿਸ ਵਾਲੇ ਇੱਥੇ ਰਹਿ ਸਕਣ।

ਦਿੱਲੀ 'ਚ ਹੁਣ ਤਕ 5,104 ਕੋਰੋਨਾ ਪੌਜ਼ੇਟਿਵ ਮਾਮਲੇ ਹਨ ਜਦਕਿ 64 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਸੂਬੇ ਚ 448 ਲੋਕ ਠੀਕ ਹੋ ਚੁੱਕੇ ਹਨ।

## ਫਰਜ਼ ਤੇ ਲੋਕ ਸੇਵਾ ਲਈ ਕੈਨੇਡਾ ਦੇ ਸਿੱਖ ਡਾਕਟਰਾਂ ਨੇ ਕਟਾਈ ਦਾੜ੍ਹੀ, ਕੋਰੋਨਾ ਪੀੜਤਾਂ ਦੇ ਇਲਾਜ 'ਚ ਡਟੇ

ਟੋਰਾਂਟੋ: ਕੈਨੇਡਾ ਵਿੱਚ ਦੋ ਸਿੱਖ ਡਾਕਟਰ ਭਰਾਵਾਂ ਨੇ ਮਨੁੱਖਤਾ ਦੀ ਸੇਵਾ ਦੇ ਜਜ਼ਬੇ ਲਈ ਵੱਡੀ ਕੁਰਬਾਨੀ ਦੇਣ ਦਾ ਫੈਸਲਾ ਲਿਆ ਹੈ। ਕੋਰੋਨਾ ਵਾਇਰਸ ਦੇ ਮਰੀਜ਼ਾਂ ਦਾ ਇਲਾਜ ਕਰਨ ਲਈ ਇਨ੍ਹਾਂ ਸਿੱਖ ਭਰਾਵਾਂ ਨੇ ਦਾੜ੍ਹੀ ਕੱਟਣ ਦਾ ਮੁਸ਼ਕਲ ਫ਼ੈਸਲਾ ਕੀਤਾ ਹੈ। ਸਿੱਖ ਭਰਾਵਾਂ ਵੱਲੋਂ ਇਹ ਫੈਸਲਾ ਇਸ ਲਈ ਲਿਆ ਗਿਆ ਤਾਂ ਜੋ ਉਹ ਕਰੋਨਾਵਾਇਰਸ ਨਾਲ ਜੂਝ ਰਹੇ ਮਰੀਜ਼ਾਂ ਦੇ ਇਲਾਜ ਦੌਰਾਨ ਨਿੱਜੀ ਸੁਰੱਖਿਆ ਵਜੋਂ ਲੋੜੀਂਦੇ ਮੈਡੀਕਲ ਮਾਸਕ ਪਹਿਨ ਸਕਣ।



ਮੀਡੀਆ ਰਿਪੋਰਟਾਂ ਅਨੁਸਾਰ ਮੌਂਟਰੀਆਲ ਦੇ ਡਾਕਟਰ ਸੰਜੀਤ ਸਿੰਘ ਸਲੂਜਾ ਤੇ ਉਨ੍ਹਾਂ ਦੇ ਭਰਾ ਰਾਜੀਤ ਸਿੰਘ, ਮੈਕਗਿਲ ਯੂਨੀਵਰਸਿਟੀ ਹੈਲਥ ਸੈਂਟਰ (ਐਮਯੂਐਚਸੀ) ਮੌਂਟਰੀਆਲ ਜਨਰਲ ਤੇ ਰੌਇਲ ਵਿਕਟੋਰੀਆ ਹਸਪਤਾਲਾਂ ਵਿੱਚ ਨਿਊਰੋ ਸਰਜਨ ਹਨ। ਇਨ੍ਹਾਂ ਨੇ ਆਪਣੇ ਧਾਰਮਿਕ ਆਗੂਆਂ, ਪਰਿਵਾਰ ਅਤੇ ਸਨੇਹੀਆਂ ਨਾਲ ਸਲਾਹ-ਮਸ਼ਵਰਾ ਕਰਨ ਮਗਰੋਂ ਆਪਣੀ ਦਾੜ੍ਹੀ ਕਟਵਾਉਣ ਦਾ ਫ਼ੈਸਲਾ ਲਿਆ ਹੈ।

ਐਮਯੂਐਚਸੀ ਨੇ ਬਿਆਨ ਰਾਹੀਂ ਕਿਹਾ, 'ਸਿੱਖ ਹੋਣ ਕਾਰਨ ਦਾੜ੍ਹੀ ਉਨ੍ਹਾਂ ਦੀ ਪਛਾਣ ਦਾ ਅਹਿਮ ਹਿੱਸਾ ਹੈ ਪਰ ਇਸ ਕਾਰਨ ਉਨ੍ਹਾਂ ਨੂੰ ਮਾਸਕ ਪਹਿਨਣ 'ਚ ਦਿੱਕਤ ਆ ਰਹੀ ਸੀ। ਕਾਫੀ ਸੋਚ-ਵਿਚਾਰ ਕਰਨ ਮਗਰੋਂ ਉਨ੍ਹਾਂ ਨੇ ਆਪਣੀ ਦਾੜ੍ਹੀ ਕਟਵਾਉਣ ਦਾ ਫ਼ੈਸਲਾ ਕੀਤਾ ਹੈ।'

ਸਿੱਖ ਡਾਕਟਰ ਨੇ ਐਮਯੂਐਚਸੀ ਵੈੱਬਸਾਈਟ 'ਤੇ ਪਾਈ ਵੀਡੀਓ ਵਿੱਚ ਦੱਸਿਆ, ਕਿ ਉਹ ਬੜੀ ਆਸਾਨੀ ਨਾਲ ਕੋਵਿਡ-19 ਦੇ ਮਰੀਜ਼ਾਂ ਦਾ ਇਲਾਜ ਨਾ ਕਰਨ ਦਾ ਫ਼ੈਸਲਾ ਲੈ ਸਕਦੇ ਸੀ ਪਰ ਇਹ ਉਨ੍ਹਾਂ ਦੇ ਸਿਧਾਂਤਾ ਦੇ ਖ਼ਿਲਾਫ਼ ਸੀ। ਇਸ ਲਈ ਉਨ੍ਹਾਂ ਨੇ ਬੇਹੱਦ ਔਖਾ ਫੈਸਲਾ ਲਿਆ ਹੈ ਪਰ ਸੰਕਟ ਦੀ ਇਸ ਘੜੀ 'ਚ ਜੋ ਸਹੀ ਸੀ ਓਹੀ ਕੀਤਾ ਗਿਆ।

ਕੈਨੇਡਾ ਵਿੱਚ ਕਰੋਨਾਵਾਇਰਸ ਪੀੜਤਾਂ ਦੀ ਗਿਣਤੀ 62,035 'ਤੇ ਪਹੁੰਚ ਗਈ ਹੈ ਅਤੇ ਹੁਣ ਤੱਕ 4,043 ਮੌਤਾਂ ਹੋ ਚੁੱਕੀਆਂ ਹਨ। ਦੇਸ਼ ਦੇ ਸਭ ਤੋਂ ਵੱਧ ਪ੍ਰਭਾਵਿਤ ਸੂਬੇ ਓਂਟਾਰੀਓ ਤੇ ਕਿਊਬੈਕ ਹਨ। ਕੈਨੇਡਾ ਇਸ ਵੇਲੇ ਨਿੱਜੀ ਸੁਰੱਖਿਆ ਸਾਜ਼ੋ-ਸਮਾਨ ਦੀ ਵੀ ਵੱਡੀ ਕਮੀ ਨਾਲ ਜੂਝ ਰਿਹਾ ਹੈ ਕਿਉਂਕਿ ਜ਼ਿਆਦਾਤਰ ਮੁਲਕਾਂ ਵਲੋਂ ਆਪਣੀ ਬਰਾਮਦ ਸਮਰੱਥਾ ਸੀਮਤ ਕਰ ਦਿੱਤੀ ਗਈ ਹੈ।

# ਪਾਕਿ ਨੇ ਕੋਰੋਨਾ ਦੇ ਬਹਾਨੇ ਹਾਫ਼ਿਜ਼ ਸਈਦ ਸਣੇ ਕਈ ਅੱਤਵਾਦੀ ਕੀਤੇ ਰਿਹਾਅ

ਇਸਲਾਮਾਬਾਦ-ਪਾਕਿਸਤਾਨ ਸਰਕਾਰ ਨੇ ਕੋਰੋਨਾ ਵਾਇਰਸ ਦੇ ਬਹਾਨੇ ਖ਼ਤਰਨਾਕ ਅੱਤਵਾਦੀਆਂ ਨੂੰ ਜੇਲ 'ਚੋਂ ਰਿਹਾਅ ਕਰ ਦਿੱਤਾ ਹੈ। ਜਾਣਕਾਰੀ ਮੁਤਾਬਕ ਐਫਏਟੀਐਫ ਦੀ ਕਾਰਵਾਈ ਦੇ ਡਰੋਂ ਪਾਕਿਸਤਾਨ ਨੇ ਅੱਤਵਾਦੀ ਸੰਗਠਨਾਂ ਦੇ ਜਿਨ੍ਹਾਂ ਲੀਡਰਾਂ



ਨੂੰ ਜੇਲਾਂ 'ਚ ਬੰਦ ਕੀਤਾ ਸੀ, ਹੁਣ ਕੋਰੋਨਾ ਤੋਂ ਬਾਅਦ ਪਾਕਿਸਤਾਨ ਇਸੇ ਬਹਾਨੇ ਅੱਤਵਾਦੀਆਂ ਨੂੰ ਰਿਹਾਅ ਕਰ ਰਿਹਾ ਹੈ। ਦੱਸ ਦੇਈਏ ਕਿ ਪਾਕਿਸਤਾਨ ਨੇ ਖੁਦ ਨੂੰ ਐਫਏਟੀਐਫ ਵੱਲੋਂ ਕਾਲੀ ਸੂਚੀ 'ਚ ਪਾਏ ਜਾਣ ਤੋਂ ਬਚਾਉਣ ਲਈ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਸ਼ਘਾੜੇ ਹਾਫ਼ਿਜ ਸਈਦ ਸਮੇਤ ਕਈ ਖ਼ਤਰਨਾਕ ਅੱਤਵਾਦੀਆਂ ਨੂੰ ਜੇਲ 'ਚ ਬੰਦ ਕੀਤਾ ਸੀ। ਹੁਣ ਇਨ੍ਹਾਂ ਨੂੰ ਕੋਰੋਨਾ ਦੇ ਖ਼ਤਰੇ ਦਾ ਹਵਾਲਾ ਦਿੰਦੇ ਹੋਏ ਰਿਹਾਅ ਕੀਤਾ ਜਾ ਰਿਹਾ ਹੈ। ਰਿਪੋਰਟ ਦੇ ਅਨੁਸਾਰ ਲਸ਼ਕਰ ਦੇ ਮੁਖੀ ਹਾਫ਼ਿਜ ਸਈਦ ਸਮੇਤ ਇਹ ਅੱਤਵਾਦੀ ਹੁਣ ਪਾਕਿਸਤਾਨ ਸਰਕਾਰ ਦੇ ਆਦੇਸ਼ ਤੋਂ ਬਾਅਦ ਜੇਲ ਤੋਂ ਰਿਹਾਅ ਹੋਣ ਮਗਰੋਂ ਆਪਣੇ ਘਰਾਂ ਵਿੱਚ ਆਰਾਮ ਨਾਲ ਰਹਿ ਰਹੇ ਹਨ। ਹਾਫ਼ਿਜ ਸਈਦ ਨੂੰ ਸਨਿੱਚਰਵਾਰ ਨੂੰ ਪਾਕਿਸਤਾਨ ਦੀ ਜੇਲ ਤੋਂ ਰਿਹਾਅ ਕੀਤਾ ਗਿਆ। ਹਾਫ਼ਿਜ ਸਈਦ ਸਮੇਤ ਕਈ ਅੱਤਵਾਦੀ ਕੋਰੋਨਾ ਦੀ ਲਾਗ ਦਾ ਹਵਾਲਾ ਦਿੰਦੇ ਹੋਏ ਰਿਹਾਅ ਕੀਤੇ ਗਏ ਹਨ। ਦੱਸ ਦਈਏ ਕਿ ਅੱਤਵਾਦੀ ਫੰਡਿੰਗ ਦੇ ਮਾਮਲਿਆਂ ਵਿੱਚ ਅਦਾਲਤ ਨੇ ਫ਼ਰਵਰੀ 'ਚ ਹਾਫ਼ਿਦ ਸਈਦ ਨੂੰ ਸਾਢੇ 5 ਸਾਲ ਦੀ ਸਜ਼ਾ ਸੁਣਾਈ ਸੀ। ਪਾਕਿਸਤਾਨ ਨੇ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੀ ਕਾਰਵਾਈ ਤੋਂ ਬਚਣ ਲਈ ਇਨ੍ਹਾਂ ਅੱਤਵਾਦੀਆਂ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਸੀ, ਪਰ ਹੁਣ ਉਹ ਬਾਹਰ ਨਿਕਲ ਚੁੱਕੇ ਹਨ। ਅਜਿਹੀ ਸਥਿਤੀ 'ਚ ਭਾਰਤ ਲਈ ਖ਼ਤਰਾ ਹੋਰ ਵੱਧ ਗਿਆ ਹੈ। ਦੱਸ ਦੇਈਏ ਕਿ ਭਾਰਤ 'ਚ ਜਿਵੇਂ-ਜਿਵੇਂ ਕੋਰੋਨਾ ਦੀ ਲਾਗ ਵੱਧ ਰਹੀ ਹੈ, ਉਂਜ ਹੀ ਪਾਕਿਸਤਾਨ ਵੱਲੋਂ ਅੱਤਵਾਦੀਆਂ ਦੀ ਘੁਸਪੈਠ ਦੀਆਂ ਕੋਸ਼ਿਸ਼ਾਂ, ਜੰਗਬੰਦੀ ਦੀ ਉਲੰਘਣਾ ਦੇ ਮਾਮਲੇ ਵੀ ਵੱਧ ਰਹੇ ਹਨ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ 'ਚ ਅੱਤਵਾਦੀ ਗਤੀਵਿਧੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ। ਅੱਜ ਐਤਵਾਰ ਨੂੰ ਜੰਮੂ-ਕਸ਼ਮੀਰ ਦੇ ਹੰਦਵਾੜਾ 'ਚ ਫ਼ੌਜ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਹੋਇਆ। ਫ਼ੌਜ ਨੇ ਇੱਥੇ ਦੋ ਵਿਦੇਸ਼ੀ ਅੱਤਵਾਦੀਆਂ ਨੂੰ ਮਾਰ ਦਿੱਤਾ। ਇਸ ਆਪ੍ਰੇਸ਼ਨ 'ਚ ਫ਼ੌਜ ਦੇ ਦੋ ਸੀਨੀਅਰ ਅਧਿਕਾਰੀਆਂ ਸਮੇਤ 5 ਜਵਾਨ ਸ਼ਹੀਦ ਹੋ ਗਏ।

# ਕੋਰੋਨਾ ਵਾਇਰਸ : ਬਿਨਾਂ ਲੱਛਣਾਂ ਵਾਲੇ ਚੀਨ 'ਚ ਮਾਮਲੇ 981

ਬੀਜਿੰਗ-ਕੋਰੋਨਾ ਦਾ ਇਕ ਹੋਰ ਰੰਗ ਵੀ ਹੈ ਜੋ ਕਿ ਪਿਛੇ ਕੁੱਝ ਦਿਨ ਪਹਿਲਾਂ ਹੀ ਸਾਹਮਣੇ ਆਇਆ ਸੀ। ਕੋਰੋਨਾ ਪੀੜਤ ਦੇ ਲੱਛਣ ਦਿਖ ਜਾਂਦੇ ਹਨ ਜਿਸ ਕਾਰਨ ਉਸ ਦੀ ਪਛਾਣ ਹੋ ਜਾਂਦੀ ਹੈ ਪਰ ਉਸ ਦਾ ਕੀ ਕਰ ਸਕਦੇ ਹਾਂ ਜਿਸ ਕੋਰੋਨਾ ਦੇ ਲੱਛਣ ਹੀ ਨਹੀਂ ਦਿਖਦੇ। ਚੀਨ ਵਿਚ ਬਿਨਾਂ ਲੱਛਣ ਵਾਲੇ ਕੋਰੋਨਾ ਵਾਇਰਸ ਦੇ ਮਾਮਲੇ ਵਧ ਕੇ 981 ਤਕ ਪਹੁੰਚ ਗਏ ਹਨ, ਜਿਹਨਾਂ ਵਿਚ 631 ਮਾਮਲੇ ਹੁਬਏ ਸੂਬੇ ਤੇ ਉਸ ਦੀ ਰਾਜਧਾਨੀ ਵੁਹਾਨ ਤੋਂ ਹਨ। ਕੋਰੋਨਾ ਵਾਇਰਸ ਹੁਬੇਈ ਸੂਬੇ ਤੋਂ ਸ਼ੁਰੂ ਹੋਇਆ ਹੈ। ਸਰਕਾਰ ਨੇ ਮਈ ਦਿਵਸ (ਮਜ਼ਦੂਰ ਦਿਵਸ) ਦੀਆਂ ਪੰਜ ਦਿਨਾਂ ਦੀਆਂ ਛੁੱਟੀਆਂ ਦੌਰਾਨ ਵਾਇਰਸ ਫੈਲਣ ਦੇ ਖ਼ਤਰੇ ਨੂੰ ਦੇਖਦੇ ਹੋਏ



ਸਾਵਧਾਨੀ ਵਧਾ ਦਿਤੀ ਹੈ। ਚੀਨ ਵਿਚ ਕੋਰੋਨਾ ਵਾਇਰਸ ਦੇ ਵਾਇਰਸ ਦੇ ਮਾਮਲੇ ਘਟਣ ਤੋਂ ਬਾਅਦ ਦੇਸ਼ ਵਿਚ ਆਮ ਗਤੀਵਿਧੀਆਂ ਬਹਾਲ ਕਰ ਦਿਤੀਆਂ ਗਈਆਂ। ਹਾਲਾਂਕਿ ਲੱਛਣ ਨਾ ਦਿਖਣ ਵਾਲੇ ਮਾਮਲਿਆਂ ਦਾ ਵਧਣਾ ਅਜੇ ਵੀ ਚਿੰਤਾ ਦਾ ਵਿਸ਼ਾ ਹੈ। ਲੱਛਣ ਨਾ ਦਿਖਣ ਵਾਲੇ ਮਾਮਲੇ ਵਿਚ ਵਿਅਕਤੀ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਤਾਂ ਹੋ ਜਾਂਦਾ ਹੈ ਪਰ ਉਸ ਵਿਚ ਬੁਖ਼ਾਰ, ਗਲੇ ਵਿਚ ਖਰਾਸ਼ ਜਿਹੇ ਲੱਛਣ ਨਹੀਂ ਦਿਖਦੇ ਹਨ। ਅਜਿਹੇ ਲੋਕਾਂ ਤੋਂ ਦੂਜੇ ਵਿਅਕਤੀ ਦੇ ਪ੍ਰਭਾਵਤ ਹੋਣ ਦਾ ਖ਼ਤਰਾ ਬਰਕਰਾਰ ਰਹਿੰਦਾ ਹੈ।

# ਦੁਨੀਆ ਵਿੱਚ ਛਿੜੀ ਬਹਿਸ : ਮਹਾਮਾਰੀ ਤੋਂ ਬਚਣ ਲਈ ਸਭ ਨੂੰ ਕੋਰੋਨਾ ਨਾਲ ਇਨਫੈਕਟਿਡ ਕਰ ਦੇਣਾ ਚਾਹੀਦੈ

ਨਵੀਂ ਦਿੱਲੀ- ਕੀ ਕੋਰੋਨਾ ਵਾਇਰਸ ਮਹਾਮਾਰੀ ਤੋਂ ਬਚਣ ਲਈ ਸਾਰੇ ਲੋਕਾਂ ਨੂੰ ਇਸ ਨਾਲ ਇਨਫੈਕਟਿਡ ਹੋਣ ਲਈ ਛੱਡ ਦੇਣਾ ਚਾਹੀਦਾ ਹੈ? ਸ਼ਾਇਦ ਇਹ ਮਜ਼ਾਕ ਲੱਗੇ ਜਾਂ ਸੁਣ ਕੇ ਗੁੱਸਾ ਆਵੇ, ਪਰ ਦੁਨੀਆ 'ਚ ਇਸ ਨੂੰ ਵੀ ਇੱਕ ਬਦਲ ਦੇ ਤੌਰ 'ਤੇ ਦੇਖਿਆ ਜਾਣ ਲੱਗਾ ਹੈ। ਦੁਨੀਆ 'ਚ ਮਾਹਰਾਂ ਵਿਚਾਲੇ ਇਹ ਬਹਿਸ ਛਿੜੀ ਹੋਈ ਹੈ ਕਿ ਏਦਾਂ ਕਰਨਾ ਚਾਹੀਦਾ ਜਾਂ ਨਹੀਂ। ਇਸ ਦੇ ਪੱਖ 'ਚ ਵੀ ਦਲੀਲਾਂ ਹਨ ਤਾਂ ਇਸ ਦੇ ਖ਼ਿਲਾਫ਼ ਵੀ।



ਅਸਲ ਵਿੱਚ ਲਾਕਡਾਊਨ ਅਤੇ ਸੋਸ਼ਲ ਡਿਸਟੈਂਸਿੰਗ ਹਮੇਸ਼ਾ ਲਈ ਲਾਗੂ ਨਹੀਂ ਹੋ ਸਕਦਾ। ਜਦੋਂ ਤੱਕ ਕੋਵਿਡ 19 ਦੀ ਵੈਕਸੀਨ ਨਹੀਂ ਬਣ ਜਾਂਦੀ ਉਦੋਂ ਤੱਕ ਖ਼ਤਰਾ ਬਹੁਤ ਜ਼ਿਆਦਾ ਹੈ। ਕੀ ਵੈਕਸੀਨ ਬਣਨ ਤੱਕ ਲਾਕਡਾਊਨ ਜਾਰੀ ਰਹੇ? ਸ਼ਾਇਦ ਓਦੋਂ ਤੱਕ ਬਿਮਾਰੀ ਤੋਂ ਵੱਧ ਲੋਕ ਇਸ ਨੂੰ ਰੋਕਣ ਦੀ ਕੋਸ਼ਿਸ਼ ਨਾਲ ਮਰਨ ਲੱਗਣਗੇ ਅਤੇ ਆਰਥਿਕਤਾ ਤਬਾਹ ਹੋ ਜਾਏਗੀ ਤੇ ਬੇਰੁਜ਼ਗਾਰੀ ਵਧ ਜਾਏਗੀ। ਹੋ ਸਕਦਾ ਹੈ ਕਿ ਲੋਕਾਂ ਦੇ ਭੁੱਖੇ ਮਰਨ ਦੀ ਨੌਬਤ ਤੱਕ ਆ ਜਾਵੇ। ਇਹ ਵੈਕਸੀਨ ਬਣਨ ਤੱਕ 'ਹਰਡ ਇਮਿਊਨਿਟੀ' ਦੇ ਕੰਨਸੈਪਟ ਨਾਲ ਲੋਕਾਂ ਦੀਆਂ ਆਸਾਂ ਵਧੀਆਂ ਹਨ। ਇਸੇ ਨੂੰ ਪਲਾਨ ਬੀ ਦੇ ਤੌਰ 'ਤੇ ਦੱਸਿਆ ਜਾ ਰਿਹਾ ਹੈ ਕਿ ਲੋਕਾਂ ਨੂੰ ਖੁੱਲ੍ਹਾ ਛੱਡ ਦਿਓ ਇਨਫੈਕਸ਼ਨ ਲਈ, ਇਸ ਨਾਲ ਨੂੰ 'ਹਰਡ ਇਮਿਊਨਿਟੀ' ਵਿਕਸਿਤ ਹੋਵੇਗੀ ਅਤੇ ਆਖ਼ਰ ਮਹਾਮਾਰੀ ਖ਼ਤਮ ਹੋ ਜਾਵੇਗੀ, ਪਰ ਇਸ ਵਿੱਚ ਇੰਨਾ ਰਿਸਕ ਹੈ ਕਿ ਦੁਨੀਆ ਭਰ ਦੇ ਮਾਹਰ ਇਸ ਨੂੰ ਲੈ ਕੇ ਵੰਡੇ ਗਏ ਹਨ। ਕਈ ਮਾਹਰਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ ਕਿ ਵਾਇਰਸ ਦੇ ਇਨਫੈਕਸ਼ਨ 'ਚ ਆਉਣ ਲਈ ਲੋਕਾਂ ਨੂੰ ਛੱਡ ਦਿੱਤਾ ਜਾਵੇ ਤਾਂ ਇਹ ਬਜ਼ੁਰਗ ਅਤੇ ਪਹਿਲਾਂ ਤੋਂ ਗੰਭੀਰ ਬਿਮਾਰੀਆਂ ਨਾਲ ਪੀੜਤ ਲੋਕਾਂ ਨਾਲ ਵੱਡੀ ਨਾ-ਇਨਸਾਫੀ ਹੋਵੇਗੀ, ਪਰ ਦੂਸਰੇ ਵੀ ਕਈ ਦਲੀਲਾਂ ਦੇ ਰਹੇ ਹਨ।

ਆਸਟਰੇਲੀਆ ਦੇ ਐਪੀਡੇਮੀਓਲਾਜਿਸਟ ਗਿਡੀਅਨ ਮੇਅਰੋਵਿਜਕਾਟਜ ਨੇ ਦਿ ਗਾਰਡੀਅਨ 'ਚ ਲਿਖਿਆ ਹੈ ਕਿ ਇਸ ਦੇ ਲਈ ਸਾਨੂੰ ਇਕੋਨਾਮੀ ਦੀ ਬਲੀ ਵੇਦੀ 'ਤੇ ਜੋਖਮ ਵਾਲੇ ਲੋਕਾਂ ਦੀ ਬਲੀ ਦੇਣੀ ਪਵੇਗੀ। ਕੀ ਹਰਡ ਇਮਿਊਨਿਟੀ ਲਈ ਲੋਕਾਂ ਨੂੰ ਇਨਫੈਕਟਿਡ ਹੋਣ ਲਈ ਖੁੱਲ੍ਹਾ ਛੱਡ ਦੇਣਾ ਚੰਗਾ ਹੈ? ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ ਇਹ ਬਿਲਕੁਲ ਸਮਝਦਾਰੀ ਭਰਿਆ ਨਹੀਂ ਹੈ। ਸਵੀਡਨ ਨੇ ਲਾਕਡਾਊਨ ਨਹੀਂ ਕੀਤਾ। ਇਸ ਲਈ ਇਥੇ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਵੱਧ ਲੋਕਾਂ ਦੀ ਮੌਤ ਜ਼ਰੂਰ ਹੋਈ, ਪਰ ਇਥੇ ਕਈ ਹੋਰ ਯੂਰਪੀ ਦੇਸ਼ਾਂ ਦੇ ਮੁਕਾਬਲੇ ਕੋਰੋਨਾ ਦੀ ਸਥਿਤੀ ਚੰਗੀ ਹੈ।

# ਕੋਰੋਨਾ ਮਰੀਜ਼ਾਂ 'ਤੇ ਪ੍ਰਾਰਥਨਾ ਦੀ ਸ਼ਕਤੀ ਪਰਖੀ ਜਾਵੇਗੀ

ਕੰਸਾਸ ਸਿਟੀ- ਦੁਨੀਆ ਦੇ ਵੱਖ-ਵੱਖ ਹਿੱਸਿਆ ਵਿੱਚ ਭਾਵੇਂ ਲੋਕਾਂ ਦੀਆਂ ਮਾਨਤਾਵਾਂ ਅਤੇ ਪ੍ਰੰਪਰਾ ਵੱਖ ਹੋਣ, ਪ੍ਰੰਤੂ ਸਾਰਿਆਂ ਦੇ ਜੀਵਨ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਾਰਥਨਾ ਜ਼ਰੂਰ ਹੁੰਦੀ ਹੈ। ਇਹ ਮਾਨਤਾ ਹੈ ਕਿ ਕੇਵਲ ਆਪਣੇ ਲਈ ਨਹੀਂ, ਕਿਸੇ ਹੋਰ ਲਈ ਕੀਤੀ ਗਈ ਪ੍ਰਾਰਥਨਾ ਅਸਰ ਦਿਖਾਉਂਦੀ ਹੈ। ਪ੍ਰਾਰਥਨਾ ਦੇ ਨਾਲ ਪੈਦਾ ਹੋਈ ਸੁਖਾਵੀਂ ਤਾਕਤ



ਵਿਅਕਤੀ ਦਾ ਭਲਾ ਕਰਦੀ ਹੈ।

ਅਮਰੀਕਾ ਵਿੱਚ ਭਾਰਤੀ ਮੂਲ ਦੇ ਡਾਕਟਰ ਧਨੰਜੇ ਲੱਕੀਰੈਡੀ ਨੇ ਕੋਰੋਨਾ ਕਾਰਨ ਜ਼ਿੰਦਗੀ ਤੇ ਮੌਤ ਨਾਲ ਜੂਝ ਰਹੇ ਲੋਕਾਂ 'ਤੇ ਪ੍ਰਾਰਥਨਾ ਦੀ ਇਸ ਸ਼ਕਤੀ ਦਾ ਪ੍ਰਭਾਵ ਜਾਂਚਣ ਦਾ ਫ਼ੈਸਲਾ ਕੀਤਾ ਹੈ। ਕਨਸਾਸ ਸਿਟੀ ਦੇ ਧਨੰਜੇ ਲੱਕੀਰੈਡੀ ਦਾ ਜਨਮ ਹਿੰਦੂ ਪਰਵਾਰ ਵਿੱਚ ਹੋਇਆ ਹੈ। ਇਸ ਦੇ ਇਲਾਵਾ ਉਨ੍ਹਾਂ ਨੇ ਯਾਹੂਦੀ, ਈਸਾਈ, ਬੁੱਧ ਅਤੇ ਇਸਲਾਮਿਕ ਧਰਮ ਸਥਾਨਾਂ ਉੱਤੇ ਵੀ ਸਮਾਂ ਬਿਤਾਇਆ ਹੈ। ਉਨ੍ਹਾਂ ਕਿਹਾ ਕਿ ਇਹ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿ ਕਿਸੇ ਅਣਜਾਣ ਵਿਅਕਤੀ ਜਾਂ ਗਰੁੱਪ ਲਈ ਕੀਤੀ ਪ੍ਰਾਰਥਨਾ ਨਾਲ ਉਨ੍ਹਾਂ ਦੀ ਸਿਹਤ 'ਤੇ ਕੀ ਪ੍ਰਭਾਵ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਦੇ ਜੀਵਨ ਨੂੰ ਸੰਕਟ ਵਿੱਚ ਨਹੀਂ ਪਾ ਰਹੇ, ਪ੍ਰੰਤੂ ਚਮਤਕਾਰ ਤਾਂ ਹੋ ਸਕਦਾ ਹੈ। ਅਜਿਹੀ ਇੱਕ ਆਸ ਹਮੇਸ਼ਾਂ ਰਹਿੰਦੀ ਹੈ। ਧਨੰਜੇ ਨੇ ਕੱਲ੍ਹ ਤੋਂ ਇਸ ਅਧਿਐਨ ਦੀ ਸ਼ੁਰੂਆਤ ਕੀਤੀ ਹੈ। ਨੈਸ਼ਨਲ ਇੰਸਟੀਚਿਊਟ ਆਫ ਹੈਲਥ (ਐਨ ਆਈ ਐਚ) ਮੁਤਾਬਕ ਅਧਿਐਨ ਚਾਰ ਮਹੀਨੇ ਚੱਲੇਗਾ। ਇਸ ਵਿੱਚ ਆਈ ਸੀ ਯੂ ਵਿੱਚ ਇਲਾਜ ਕਰਵਾ ਰਹੇ ਕੋਵਿਡ-19 ਦੇ 1,000 ਮਰੀਜ਼ਾਂ ਨੂੰ 500-500 ਦੇ ਦੋ ਥਾਂਈਂ ਵੰਡਿਆ ਗਿਆ ਹੈ। ਇੱਕ ਗਰੁੱਪ ਲਈ ਰੋਜ਼ ਪ੍ਰਾਰਥਨਾ ਕੀਤੀ ਜਾਵੇਗੀ ਜਦਕਿ ਦੂਜੇ ਲਈ ਅਜਿਹਾ ਨਹੀਂ ਕੀਤਾ ਜਾਵੇਗਾ। ਅਧਿਐਨ ਵਿੱਚ ਸ਼ਾਮਲ ਮਰੀਜ਼ਾਂ ਨੂੰ ਇਸ ਬਾਰੇ ਨਹੀਂ ਦੱਸਿਆ ਗਿਆ। ਸਾਰੇ 1,000 ਮਰੀਜ਼ਾਂ ਨੂੰ ਇਲਾਜ ਤੇ ਹੋਰ ਡਾਕਟਰੀ ਦੇਖਰੇਖ ਵੀ ਇੱਕੋ ਜਿਹੀ ਮਿਲਦੀ ਰਹੇਗੀ। ਇਲਾਜ ਦੀ ਪੂਰੀ ਪ੍ਰਕਿਰਿਆ 'ਚ ਕਿਤੇ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਮੈਡੀਕਲ ਪੇਸ਼ੇਵਰਾਂ ਦੀ ਟੀਮ ਅਧਿਐਨ 'ਤੇ ਨਜ਼ਰ ਰੱਖੇਗੀ।

ਇਸ ਅਧਿਐਨ ਦਾ ਉਦੇਸ਼ ਕਿਸੇ ਵਿਅਕਤੀ ਨੂੰ ਦੱਸੇ ਬਿਨ੍ਹਾਂ ਉਸ ਲਈ ਕੀਤੀ ਗਈ ਪ੍ਰਾਰਥਨਾ ਨਾਲ ਉਸ 'ਤੇ ਹੋਏ ਪ੍ਰਭਾਵ ਨੂੰ ਜਾਣਨਾ ਹੈ। ਇਨ੍ਹਾਂ ਮਰੀਜ਼ਾਂ ਲਈ ਈਸਾਈ, ਹਿੰਦੂ, ਇਸਲਾਮ, ਯਹੂਦੀ ਅਤੇ ਬੁੱਧ ਪੰਜਾਂ ਮਾਨਤਾਵਾਂ ਅਨੁਸਾਰ ਪ੍ਰਾਰਥਨਾ ਕੀਤੀ ਜਾਵੇਗੀ। ਧਨੰਜੇ ਨੇ ਕਿਹਾ ਕਿ ਅਸੀਂ ਸਾਰੇ ਵਿਗਿਆਨ 'ਚ ਵਿਸ਼ਵਾਸ ਕਰਦੇ ਹਾਂ ਅਤੇ ਸਾਨੂੰ ਆਸਥਾ ਵਿੱਚ ਵੀ ਵਿਸ਼ਵਾਸ ਹੈ। ਜੇ ਕੋਈ ਅਲੌਕਿਕ ਸ਼ਕਤੀ ਹੈ ਜਿਵੇਂ ਸਾਡੇ ਵਿੱਚੋਂ ਬਹੁਤੇ ਲੋਕ ਵਿਸ਼ਵਾਸ ਕਰਦੇ ਹਨ ਤਾਂ ਕੀ ਪ੍ਰਾਰਥਨਾ ਦੀ ਇਹ ਸ਼ਕਤੀ ਅਤੇ ਉਹ ਦੈਵੀ ਦਖ਼ਲ ਨਤੀਜਿਆਂ ਵਿੱਚ ਬਦਲਾਅ ਲਿਆ ਸਕਦਾ ਹੈ? ਇਹੀ ਸਾਡਾ ਪ੍ਰਸ਼ਨ ਹੈ।

# ਕੋਰੋਨਾ ਵਾਇਰਸ ਦੇ ਕਾਰਨ ਨਵਾਜ਼ ਸ਼ਰੀਫ ਦੀ ਸਰਜਰੀ ਟਲੀ

*ਲਾਹੌਰ- ਕੋਰੋਨਾ ਵਾਇਰਸ ਦੀ ਮਹਾਮਾਰੀ ਹੋਣ ਕਾਰਨ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਲੰਡਨ ਵਿੱਚ ਹੋਣ ਵਾਲੀ ਹਾਰਟ ਸਰਜਰੀ ਨੂੰ ਹਾਲੇ ਟਾਲ ਦਿੱਤਾ ਗਿਆ ਹੈ। ਡਾਕਟਰਾਂ ਦੇ ਦੱਸਣ ਅਨੁਸਾਰ ਨਵਾਜ਼ ਸ਼ਰੀਫ ਨੂੰ ਇਨਫੈਕਸ਼ਨ ਦਾ ਖ਼ਤਰਾ ਹੈ, ਇਸ ਕਰ ਕੇ ਫਿਲਹਾਲ ਇਸ ਤਰ੍ਹਾਂ ਦਾ ਔਖਾ ਆਪਰੇਸ਼ਨ ਕਰਨਾ ਖ਼ਤਰੇ ਤੋਂ ਖਾਲੀ ਨਹੀਂ। ਕੋਰੋਨਾ ਦੇ ਕਹਿਰ ਨਾਲ ਜੂਝ ਰਹੇ ਬ੍ਰਿਟੇਨ ਵਿੱਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਪਿਛਲੇ ਸਾਲ ਨਵੰਬਰ ਤੋਂ ਇਲਾਜ ਕਰਵਾ ਰਹੇ ਹਨ। ਉਨ੍ਹਾਂ ਨੂੰ ਲਾਹੌਰ ਹਾਈ ਕੋਰਟ ਨੇ ਡਾਕਟਰੀ ਆਧਾਰ 'ਤੇ ਇਲਾਜ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦਿੱਤੀ ਸੀ। ਉਨ੍ਹਾਂ ਦੀ ਧੀ ਮਰੀਅਮ ਨਵਾਜ਼ ਨੇ ਟਵੀਟ ਕਰ ਕੇ ਦੱਸਿਆ ਕਿ ਕੋਰੋਨਾ ਕਾਰਨ ਨਵਾਜ਼ ਸ਼ਰੀਫ ਦੀ ਸਰਜਰੀ ਨੂੰ ਮੁਲਤਵੀ ਕਰਨਾ ਪਿਆ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ਰੀਫ ਨੂੰ ਇਨਫੈਕਸ਼ਨ ਹੋਣ ਦਾ ਖ਼ਤਰਾ ਵਧੇਰੇ ਹੈ ਅਤੇ ਕੋਰੋਨਾ ਵਾਇਰਸ ਨੂੰ ਦੇਖਦੇ ਹੋਏ ਸਾਰੀਆਂ ਸਾਵਧਾਨੀਆਂ ਦਾ ਪਾਲਣ ਕਰਨਾ ਹੋਵੇਗਾ। ਦੂਸਰੇ ਪਾਸੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ-ਐੱਨ) ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਦੱਸਿਆ ਕਿ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਪਿੱਛੋਂ ਸ਼ਰੀਫ ਲੰਡਨ ਸਥਿਤ ਆਪਣੇ ਘਰ ਹੀ ਹਨ। ਮਹਾਮਾਰੀ ਖ਼ਤਮ ਹੋਣ ਦੇ ਬਾਅਦ ਉਨ੍ਹਾਂ ਦੀ ਸਰਜਰੀ ਹੋਵੇਗੀ। ਇਸ ਤੋਂ ਪਹਿਲਾਂ ਸ਼ਰੀਫ ਦੇ ਨਿੱਜੀ ਡਾਕਟਰ ਅਦਨਾਨ ਖ਼ਾਨ ਨੇ ਇੱਕ ਟਵੀਟ ਵਿੱਚ ਕਿਹਾ ਸੀ ਕਿ ਇਸ ਸਮੇਂ ਹਸਪਤਾਲ ਵਿੱਚ ਕੋਰੋਨਾ ਦੇ ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਹੈ, ਇਸ ਲਈ ਇਨਫੈਕਸ਼ਨ ਫੈਲਣ ਦਾ ਖ਼ਤਰਾ ਹੋਣ ਕਰ ਕੇ ਨਵਾਜ਼ ਸ਼ਰੀਫ ਦੀ ਸਰਜਰੀ ਮੁਲਤਵੀ ਕੀਤਾ ਗਈ ਹੈ। ਪਾਕਿ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਨਵਾਜ਼ ਸ਼ਰੀਫ ਨੂੰ ਪਾਕਿ ਦੀ ਇਮਰਾਨ ਸਰਕਾਰ ਨੇ ਭਗੌੜਾ ਐਲਾਨਿਆ ਹੋਇਆ ਹੈ।*

# ਉਬਰ ਨੇ ਆਪਣੇ 3700 ਕਰਮਚਾਰੀ ਕੱਢੇ

ਨਿਊਯਾਰਕ- ਕੋਰੋਨਾ ਦਾ ਅਸਰ ਈ-ਕਾਮਰਸ, ਟੂਰਿਜ਼ਮ ਅਤੇ ਐਵੀਏਸ਼ਨ ਸੈਕਟਰ ਨਾਲ ਟੈਕਸੀ ਸਰਵਿਸ ਕੰਪਨੀਆਂ 'ਤੇ ਵੀ ਪੈ ਰਿਹਾ ਹੈ। ਅਮਰੀਕੀ



ਰਾਈਡ ਸ਼ੇਅਰਿੰਗ ਉਬਰ ਨੇ ਲਗਭਗ 14 ਫ਼ੀਸਦੀ ਸਟਾਫ ਯਾਨੀ ਲਗਭਗ 3700 ਫੁਲ ਟਾਈਮ ਕਰਮਚਾਰੀਆਂ ਦੀ ਛਾਂਟੀ ਦਾ ਐਲਾਨ ਕੀਤਾ ਹੈ। ਕੰਪਨੀ ਨੇ ਮਹਾਮਾਰੀ ਕਾਰਨ ਜਾਰੀ ਲਾਕਡਾਊਨ 'ਚ ਆਈ ਟ੍ਰਿਪ 'ਚ ਆਈ ਕਮੀ ਨੂੰ ਇਸ ਦੀ ਵਜ੍ਹਾ ਦੱਸਿਆ ਹੈ।

ਇਸ ਕੰਪਨੀ ਦੀ ਚੀਫ ਐਗਜ਼ੀਕਿਊਟਿਵ ਦਾਰਾ ਖੋਸਰੋਸ਼ਾਹੀ ਨੇ ਵੀ ਸਾਲ ਲਈ ਆਪਣੀ ਬੇਸ ਸੈਲਰੀ 'ਚ ਕਟੌਤੀ ਕੀਤੀ ਹੈ, ਜੋ ਪਹਿਲਾਂ ਇੱਕ ਮਿਲੀਅਨ ਡਾਲਰ ਤੈਅ ਸੀ। ਮਹਾਮਾਰੀ ਤੋਂ ਪਹਿਲੇ ਵੀ ਉਬਰ ਆਰਥਿਕ ਸੰਕਟ ਨਾਲ ਜੂਝ ਰਹੀ ਸੀ। ਕੰਪਨੀ ਨੂੰ 2019 'ਚ 8.5 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। ਓਦੋਂ ਕੰਪਨੀ ਨੇ ਕਿਹਾ ਕਿ ਇਹ ਛਾਂਟੀ ਕਸਟਮਰ ਸਪੋਰਟ ਅਤੇ ਰਿਕਰੂਟਿੰਗ ਟੀਮ 'ਚ ਕੀਤੀ ਹੈ, ਜਿਨ੍ਹਾਂ ਨੂੰ ਬਦਲੇ 'ਚ 20 ਮਿਲੀਅਨ ਡਾਲਰ ਅਤੇ ਹੋਰ ਖਰਚਿਆਂ ਦਾ ਭੁਗਤਾਨ ਕਰਨਾ ਪਿਆ। ਮਾਰਚ 'ਚ ਐਗਜ਼ੀਕਿਊਟਿਵਸ ਨੇ ਕੰਪਨੀ ਨੂੰ ਚਿਤਾਵਨੀ ਦੇ ਦਿੱਤੀ ਸੀ ਕਿ ਕੋਰੋਨਾ ਹਾਟ ਸਪਾਟਸ 'ਚ ਟੈਕਸੀ ਸਰਵਿਸ ਦੀ ਮੰਗ ਵਿੱਚ 60 ਫ਼ੀਸਦੀ ਦੀ ਗਿਰਾਵਟ ਆਈ ਹੈ। ਕੰਪਨੀ ਨੇ ਦੱਸਿਆ ਕਿ ਸਾਨੂੰ ਨਹੀਂ ਪਤਾ ਕਿ ਰਿਕਵਰੀ ਕਰਨ 'ਚ ਕਿੰਨਾ ਸਮਾਂ ਲੱਗ ਸਕਦਾ ਹੈ ਇਸ ਲਈ ਖਰਚ 'ਚ ਕਟੌਤੀ ਕਰਨ ਲਈ ਸਾਨੂੰ ਇਹ ਕਦਮ ਚੁੱਕਣਾ ਪਿਆ। ਕੰਪਨੀ ਦਾ ਜ਼ਿਆਦਾਤਰ ਬਿਜ਼ਨੈਸ ਵੱਡੇ ਸ਼ਹਿਰਾਂ 'ਚ ਫੈਲਿਆ ਹੈ ਇਨ੍ਹਾਂ 'ਚ ਅਜਿਹੇ ਸ਼ਹਿਰ ਵੀ ਸ਼ਾਮਲ ਹਨ, ਜੋ ਕੋਰੋਨਾ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ।

# ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਦਾ ਕਾਤਲ ਥਾਣੇਦਾਰ ਸਖਤ ਸਜਾ ਦਾ ਹੱਕਦਾਰ - ਯੂਨਾਈਟਿਡ ਖਾਲਸਾ ਦਲ ਯੂ.ਕੇ.



ਲੰਡਨ- ਪੰਜਾਬ ਦੇ ਪਿੰਡ ਲੱਖਣ ਕੇ ਪੱਡਾ ਵਿਖੇ ਠੀਕਰੀ ਪਹਿਰਾ ਦੇ ਰਹੇ ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਦੇ ਕਤਲ ਦੀ ਯੂਨਾਈਟਿਡ ਖਾਲਸਾ ਦਲ ਯੂ,ਂ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਨੌਜਵਾਨ ਅਰਵਿੰਦਰ ਸਿੰਘ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅਰਦਾਸ ਕੀਤੀ ਗਈ ਕਿ ਕਬੱਡੀ ਦੇ ਕੌਮਾਂਤਰੀ ਖਿਡਾਰੀ ਅਰਵਿੰਦਰਜੀਤ ਸਿੰਘ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਨੌਜਵਾਨ ਅਰਵਿੰਦਰਜੀਤ ਸਿੰਘ ਨੂੰ ਕਤਲ ਕਰਨ ਅਤੇ ਉਸਦੇ ਸਾਥੀ ਨੂੰ ਜਖਮੀਂ ਕਰਨ ਵਾਲੇ ਬੁੱਚੜ ਸਹਾਇਕ ਸਬ ਇੰਸਪੈਕਟਰ ਪਰਮਜੀਤ ਸਿੰਘ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਗੱਲ ਕੀਤੀ ਹੈ । ਜਿਹੜੇ ਲੋਕਾਂ ਨੇ ਪਟਿਆਲਾ ਵਿਖੇ ਵਾਪਰੀ ਘਟਨਾ ਨੂੰ ਅਧਾਰ ਬਣਾ ਕੇ ਪੁਲਿਸ ਦਟ ਹੱਕ ਅਤੇ ਨਿਹੰਗ ਸਿੰਘਾਂ ਖਿਲਾਫ ਬੜਾ ਕੁੱਝ ਬੋਲਿਆ ਸੀ ਅੱਜ ਉਹਨਾਂ ਦੀ ਬੰਦ ਜੁਬਾਨ ਵੀ ਕਈ ਤਰਾਂ ਦੇ ਦਵਾਲੀਆ ਚਿੰਨ੍ਹ ਲਗਾ ਰਹੀ ਹੈ । ਨਿਹੰਗ ਸਿੰਘਾਂ ਨਾਲ ਹੋਈ ਲੜਾਈ ਵਿੱਚ ਹੱਥ ਵਢਾਉਣ ਵਾਲੇ ਥਾਣੇਦਾਰ ਦੇ ਹੱਕ ਵਿੱਚ ਖੜਦਿਆਂ ਜਿਹਨਾਂ ਫਿਲਮੀ ਐਕਟਰਾਂ,ਗਾਇਕਾਂ ,ਨਾਚਾਰਾਂ ,ਸਿਆਸੀ ਬਟੇਰਿਆਂ ਨੇ ਖੁਦ ਨੂੰ ਹਰਜੀਤ ਸਿੰਘ ਆਖਿਆ ਸੀ ,ਅੱਜ ਉਹ ਕਿਸੇ ਨਿਰਦੋਸ਼ ਨੌਜਵਾਨ ਦੇ ਕਤਲ ਨੂੰ ਵੇਖ ਕੇ ਮੋਨ ਵਰਤ ਧਾਰਨ ਕਰ ਗਏ ਹਨ ਜੋ ਕਿ ਇਹਨਾਂ ਲੋਕਾਂ ਦੀ ਦੋਗਲੀ ਨੀਤੀ ਅਤੇ ਫਿਰਕੂ ਰਵੱਈਏ ਦੀ ਮਿਸਾਲ ਹੈ । ਮਿਸਟਰ ਫੂਲਕਾ ਵਰਗੇ ਜਿਹੜੇ ਇੱਕ ਪੁਲਸੀਏ ਦਾ ਕੇਵਲ ਹੱਥ ਵੱਢੇ ਜਾਣ ਤੇ ਨਿਹੰਗ ਸਿੰਘਾਂ ਵਾਸਤੇ ਫਾਸਟ ਟਰੈਕ ਅਦਾਲਤ ਰਾਹੀਂ ਉਮਰ ਕੈਦ ਦੀ ਮੰਗ ਕਰਦੇ ਸੀ ਕੀ ਉਹ ਦੱਸਣਗੇ ਕਿ ਇਸ ਸਹਾਇਕ ਸਬ ਇੰਸਪੈਕਟਰ ਕਾਤਲ ਪਰਮਜੀਤ ਸਿੰਘ ਨੂੰ ਕਿਹੜੀ ਅਦਾਲਤ ਰਾਹੀਂ ਕੀ ਸਜਾ ਮਿਲਣੀ ਚਾਹੀਦੀ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਆਖਿਆ ਗਿਆ ਕਿ ਇਹੋ ਜਿਹੇ ਬੁੱਚੜਾਂ ਨੂੰ ਕੇਵਲ ਫਾਂਸੀ ਦੀ ਸਜਾ ਹੋਣੀ ਚਾਹੀਦੀ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਸ ਵਕਤ ਭਾਰਤ ਦੇ ਹਿੰਦੂਤਵੀ ਅਤੇ ਫਿਰਕਾਪ੍ਰਸਤ ਮੀਡੀਏ ਦੀ ਸਖਤ ਅਲੋਚਨਾ ਕੀਤੀ ਗਈ ਹੈ । ਇੱਕ ਵਿਆਕਤੀ ਦਾ ਹੱਥ ਵੱਢੇ ਜਾਣ ਤੇ ਸਾਰਾ ਦਿਨ ਬਰੇਕਿੰਗ ਨਿਊਜ਼ ਅਤੇ ਕਈ ਦਿਨ ਉਸ ਤੇ ਚਰਚਾਵਾਂ ਕਰਨ ਵਾਲਾ ਮੀਡੀਆ ਹੁਣ ਇੱਕ ਨਿਰਦੋਸ਼ ਨੌਜਵਾਨ ਦੇ ਕਤਲ ਤੇ ਬਿਲਕੁਲ ਚੁੱਪ ਹੈ ।

# ਕਬਰ ਵਿਚੋਂ ਤਿੰਨ ਦਿਨਾਂ ਬਾਅਦ ਜਿਉਂਦੀ ਬਾਹਰ ਕੱਢੀ ਔਰਤ

ਬੀਜਿੰਗ- ਬੀਤੇ ਕਲ ਚਾਈਨਾ ਵਿਚ ਇਥ ਬਾਹੁਤ ਅਜੀਬ ਘਟਨਾ ਵਾਪਰੀ ਜਿਸ ਨੂੰ ਵੇਖ ਕੇ ਹਰ ਕੋਈ ਅਚੰਭੇ ਵਿਚ ਹੈ, ਇਹ ਘਟਨਾ ਸ਼ਾਂਕਸੀ ਸੂਬੇ ਦੇ ਜਿੰਗਬਿਯਾਨ ਕਾਊਂਟੀ ਦੀ ਹੈ। ਇਕ ਵਿਅਕਤੀ ਦੀ ਪਤਨੀ ਨੇ ਪੁਲਿਸ ਨੂੰ ਦਸਿਆ ਕਿ 2 ਮਈ ਨੂੰ ਉਹ ਅਪਣੀ ਮਾਂ ਨੂੰ ਇਕ ਪਹੀਏ ਵਾਲੀ ਰੇਹੜੀ ਵਿਚ ਬਿਠਾ ਕੇ ਲੈ ਗਿਆ। ਇਸ ਦੇ 3 ਦਿਨ ਬਾਅਦ ਵੀ ਜਦੋਂ ਮਹਿਲਾ ਵਾਪਸ ਨਹੀਂ ਆਈ ਤਾਂ ਪੁਲਿਸ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ, ਜਿਸ ਮਗਰੋਂ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਬਚਾਉਣ ਵਾਲੇ ਲੋਕਾਂ ਨੇ ਦਸਿਆ ਕਿ ਮਹਿਲਾ ਨੂੰ ਕਬਰ ਵਿਚੋਂ ਕੱਢੇ ਜਾਣ ਦੇ ਬਾਅਦ ਵੀ ਉਹ ਮਦਦ ਦੀ ਅਪੀਲ ਕਰਦੀ ਰਹੀ। ਵਿਅਕਤੀ ਦੀ ਪਛਾਣ 58 ਸਾਲਾ ਉਪ ਨਾਮ ਮਾ ਦੇ ਰੂਪ ਵਿਚ ਅਤੇ ਮਹਿਲਾ ਦੀ ਪਛਾਣ 79 ਸਾਲਾ ਉਪ ਨਾਮ ਵਾਂਗ ਦੇ ਰੂਪ ਵਿਚ ਹੋਈ ਹੈ। ਚੀਨ ਦੇ ਅਖਬਾਰ ਦੇ



ਮੁਤਾਬਕ ਮਹਿਲਾ ਅੰਸ਼ਕ ਰੂਪ ਨਾਲ ਅਧਰੰਗ ਦੀ ਸ਼ਿਕਾਰ ਸੀ ਅਤੇ ਬੇਟਾ ਸੇਵਾ ਕਰ ਕੇ ਤੰਗ ਆ ਗਿਆ ਸੀ, ਜਿਸ ਦੇ ਬਾਅਦ ਉਸ ਨੇ ਇਹ ਅਣਮਨੁੱਖੀ ਕਦਮ ਚੁੱਕਿਆ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਵਿਚ ਕੋਰੋਨਾਵਾਇਰਸ 'ਤੇ ਖੋਜ ਕਰ ਰਹੇ ਚੀਨੀ ਖੋਜਕਰਤਾ ਦਾ ਕਤਲ

ਵਾਸ਼ਿੰਗਟਨ: ਕੋਵਿਡ-19 ਦੀ ਤਬਾਹੀ ਦਾ ਸਾਹਮਣਾ ਕਰ ਰਹੇ ਅਮਰੀਕਾ 'ਚ ਕੋਰੋਨਾਵਾਇਰਸ 'ਤੇ ਖੋਜ ਕਰ ਰਹੇ ਇੱਕ ਚੀਨੀ ਰਿਸਰਚਰ (ਛਹਨਿਏਸਏ ਰਏਸਏਅਰਚਹਏਰ) ਦੇ ਕਤਲ ਕਾਰਨ ਹਫੜਾ-ਦਫੜੀ ਮੱਚ ਗਈ



ਹੈ। ਪੁਲਿਸ ਦਾ ਕਹਿਣਾ ਹੈ ਕਿ 37 ਸਾਲਾ ਬਿੰਗ ਲਿਊ ਦਾ ਕਤਲ ਅਤੇ ਉਸਦੇ ਸੰਭਾਵੀ ਕਾਤਲ ਦੀ ਖੁਦਕੁਸ਼ੀ ਦਾ ਮਾਮਲਾ ਇੱਕ 'ਗੂੜ੍ਹੇ ਸਾਥੀ' ਨਾਲ ਜੁੜਿਆ ਹੋਇਆ ਹੈ। ਬਿੰਗ ਲਿਊ ਦੀ ਬੁਲੇਟ-ਮ੍ਰਿਤਕ ਦੇਹ ਪਿਛਲੇ ਹਫਤੇ ਪਿਟਸਬਰਗ ਨੇੜੇ ਉਸਦੇ ਘਰ ਤੋਂ ਮਿਲੀ ਸੀ। ਉਹ ਪਿਟਸਬਰਗ 'ਚ ਹੀ ਖੋਜ ਪ੍ਰੋਫੈਸਰ ਵਜੋਂ ਕੰਮ ਕਰਦਾ ਸੀ।

ਸਥਾਨਕ ਨਿਊਜ਼ ਚੈਨਲ WTA ਮੁਤਾਬਕ ਉਸ ਦੇ ਸ਼ੱਕੀ ਹਮਲਾਵਰ 46 ਸਾਲਾ ਹਾਓ ਗੁ ਦੀ ਲਾਸ਼ ਲਾਗੇ ਪਈ ਮਿਲੀ ਸੀ ਅਤੇ ਅਧਿਕਾਰੀਆਂ ਨੇ ਇਸ ਨੂੰ ਆਤਮਘਾਤੀ ਦੱਸਿਆ ਹੈ। ਨਿਊਜ਼ ਚੈਨਲ ਮੁਤਾਬਕ, ਪੁਲਿਸ ਨੇ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਕਤਲ ਉਨ੍ਹਾਂ ਦੀ ਖੋਜ ਨਾਲ ਜੁੜਿਆ ਹੋਇਆ ਹੈ।

ਇਸ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਅਜਿਹੀਆਂ ਗੱਲਾਂ ਜਾਰੀ ਹਨ ਕਿ ਕਤਲ ਕੁਝ ਸਾਜ਼ਿਸ਼ਾਂ ਦਾ ਨਤੀਜਾ ਹੈ ਤੇ ਉਨ੍ਹਾਂ ਨੂੰ ਕੋਰੋਨਾਵਾਇਰਸ ਬਾਰੇ ਵਿੱਚ ਕੀਤੀ ਜਾ ਰਹੀ ਖੋਜ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। ਕੁਝ ਹੋਰ ਉਪਭੋਗਤਾਵਾਂ ਨੇ ਇਸਦੇ ਉਲਟ ਨਤੀਜਾ ਲਿਆ ਅਤੇ ਲਿਖਿਆ ਕਿ ਇਸਦੀ ਜਾਂਚ ਹੋਣੀ ਚਾਹੀਦੀ ਹੈ ਕਿ ਚੀਨੀ ਪ੍ਰੋਫੈਸਰ ਦਾ ਕਤਲ 'ਚੀਨੀ ਕਮਿਊਨਿਸਟ ਸਰਕਾਰ ਦੇ ਇਸ਼ਾਰੇ 'ਤੇ ਤਾਂ ਨਹੀਂ ਕੀਤਾ ਗਿਆ

# ਪੰਜਾਬ ਪੁਲਿਸ ਵਲੋਂ ਗੈਂਗਸਟਰ ਬਲਜਿੰਦਰ ਸਿੰਘ ਉਰਫ ਬਿੱਲਾ 6 ਸਾਥੀਆਂ ਸਮੇਤ ਗ੍ਰਿਫਤਾਰ

*ਪੰਜਾਬ ਪੁਲਿਸ ਨੇ ਗੈਂਗਸਟਰ ਬਲਜਿੰਦਰ ਸਿੰਘ ਉਰਫ਼ ਬਿੱਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸਦਾ ਮ੍ਰਿਤਕ ਪਾਕਿਸਤਾਨ ਆਧਾਰਿਤ ਕੇਐਲਐਫ ਦੇ ਮੁਖੀ ਹਰਮੀਤ ਸਿੰਘ ਹੈਪੀ ਅਤੇ ਜਰਮਨੀ ਆਧਾਰਿਤ ਕੇਜੈਡਐਫ ਬੱਗਾ ਨਾਲ ਕਥਿਤ ਸਬੰਧ ਸਨ। ਇਕ ਹੋਰ ਨਾਮੀ ਗੈਂਗਸਟਰ ਸੁਖਜਿੰਦਰ ਅਤੇ ਬਿੱਲਾ ਗਿਰੋਹ ਦੇ ਪੰਜ ਹੋਰ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ, ਨਾਲ ਹੀ ਪਾਕਿਸਤਾਨ ਤੋਂ ਸਮੱਗਲ ਕੀਤੇ ਗਏ ਅਤਿ ਆਧੁਨਿਕ ਹਥਿਆਰਾਂ ਦੀ ਵੱਡੀ ਖੇਪ ਦੇ ਨਾਲ-ਨਾਲ ਡਰੋਨਾਂ ਸਮੇਤ ਡਰੱਗ ਮਨੀ ਵੀ ਕਈ ਤਰੀਕਿਆਂ ਰਾਹੀ ਵੱਖ-ਵੱਖ ਸਮੇਂ ਸਰਹੱਦ ਤੋਂ ਸਮੱਗਲਿੰਗ ਕੀਤੇ ਗਏ ਸਨ। ਦਿਨਕਰ ਗੁਪਤਾ ਡੀਜੀਪੀ ਪੰਜਾਬ ਅਨੁਸਾਰ ਕੱਲ ਚੰਡੀਗੜ੍ਹ ਤੋਂ ਓ.ਸੀ.ਸੀ.ਯੂ. ਟੀਮ, ਕਾਊਂਟਰ ਇੰਟੈਲੀਜੈਂਸ ਜਲੰਧਰ ਯੂਨਿਟ ਅਤੇ ਕਪੂਰਥਲਾ ਪੁਲਿਸ ਨੇ ਇੱਕ ਸਾਂਝੇ ਅਭਿਆਨ ਤਹਿਤ ਇਹ ਗ੍ਰਿਫ਼ਤਾਰੀਆਂ ਕੀਤੀਆਂ ਹਨ, ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਬਲਜਿੰਦਰ ਸਿੰਘ ਉਰਫ਼ ਬਿੱਲਾ ਮੰਡਿਆਲਾ (ਨਿਵਾਸੀ ਮੰਡਿਆਲਾ, ਗੁਰਦਾਸਪੁਰ), ਸੁਖਜਿੰਦਰ ਸਿੰਘ (ਨਿਵਾਸੀ ਪਿੰਡ ਕਮੋਕੇ ਬਿਆਸ, ਅੰਮ੍ਰਿਤਸਰ) ਤੋਂ ਇਲਾਵਾ ਕਪੂਰਥਲਾ ਦੇ ਮੋਹਿਤ ਸ਼ਰਮਾ, ਲਵਪ੍ਰੀਤ ਸਿੰਘ, ਮੰਗਲ ਸਿੰਘ ਅਤੇ ਮਨਿੰਦਰਜੀਤ ਸਿੰਘ ਉਰਫ਼ ਹੈਪੀ ਅਤੇ ਲਵਪ੍ਰੀਤ ਸਿੰਘ ਉਰਫ਼ ਲਵਲੀ (ਨਿਵਾਸੀ ਅਮਰਕੋਟ, ਵਲਟੋਹਾ ਤਰਨ ਤਾਰਨ) ਵਜੋਂ ਕੀਤੀ ਗਈ ਹੈ। ਸ਼੍ਰੀ ਗੁਪਤਾ ਨੇ ਦੱਸਿਆ ਕਿ ਪੁਲਿਸ ਦੀਆਂ ਟੀਮਾਂ ਨੇ ਇਨ੍ਹਾਂ ਮੁਲਜ਼ਮਾਂ ਕੋਲੋਂ ਪਾਕਿਸਤਾਨ ਤੋਂ ਸਮੱਗਲਿੰਗ ਕੀਤੇ ਗਏ ਬਹੁਤ ਹੀ ਅਤਿ ਆਧੁਨਿਕ ਹਥਿਆਰ ਬਰਾਮਦ ਕੀਤੇ ਹਨ। ਇਸ ਬਰਾਮਦਗੀ ਵਿਚ ਦੋ 30 ਬੋਰ ਦੀਆਂ ਡਰੱਮ ਮਸ਼ੀਨ ਗੰਨਾਂ, ਤਿੰਨ ਪਿਸਟਲ, ਦੋ ਗਲੋਕ ਪਿਸਟਲ (ਆਸਟਰੀਆ ਵਿਚ ਬਣੇ), ਦੋ 30 ਬੋਰ ਪਿਸਟਲ, ਇਕ 32 ਬੋਰ ਦਾ ਪਿਸਟਲ, ਇਕ 315 ਬੋਰ ਰਾਈਫਲ, 341 ਜ਼ਿੰਦਾ ਕਾਰਤੂਸ, ਦੋ ਡਰੱਮ ਮੈਗਜ਼ੀਨਾਂ, 14 ਪਿਸਟਲ ਮੈਗਜ਼ੀਨਾਂ ਦੇ ਨਾਲ ਤਿੰਨ ਲੱਖ ਅੱਠ ਸੌ ਅਠਾਰਾਂ ਰੁਪਏ ਅਤੇ ਇਕ ਸੌ ਆਸਟ੍ਰੇਲੀਅਨ ਡਾਲਰ ਦੀ ਡਰੱਗ ਮਨੀ ਸ਼ਾਮਲ ਹੈ।*

*ਡੀਜੀਪੀ ਨੇ ਕਿਹਾ ਕਿ ਹੁਣ ਤੱਕ ਮੁੱਢਲੀ ਜਾਂਚ ਕੀਤੀ ਗਈ ਹੈ, ਬਿੱਲਾ ਮੰਡਿਆਲਾ ਤੋਂ ਬਰਾਮਦ ਕੀਤੇ ਗਏ ਜ਼ਿਆਦਾਤਰ ਹਥਿਆਰ ਵੱਖ-ਵੱਖ ਖੇਪਾਂ ਵਿੱਚ ਭਾਰਤ-ਪਾਕਿ ਸਰਹੱਦ ਪਾਰੋਂ ਆਏ ਸਨ। ਪੁਲਿਸ ਨਾਜਾਇਜ਼ ਹਥਿਆਰਾਂ ਦੀ ਸਪਲਾਈ ਚੇਨ ਵਿਚ ਅੱਤਵਾਦੀਆਂ ਦੀ ਭੂਮਿਕਾ ਦੀ ਵੀ ਜਾਂਚ ਕਰ ਰਹੀ ਹੈ। ਬੁਲਾਰੇ ਨੇ ਅੱਗੇ ਖੁਲਾਸਾ ਕੀਤਾ ਕਿ ਕੁਝ ਜਾਅਲੀ ਦਸਤਾਵੇਜ਼ਾਂ ਦੇ ਨਾਲ ਟੋਯੋਟਾ ਫਾਰਚੂਨਰ, ਈਟੀਓਸ ਲਾਵਾ ਅਤੇ ਆਲਟੋ ਕਾਰਾਂ ਨੂੰ ਵੀ ਅਪਰਾਧੀਆਂ ਕੋਲੋਂ ਬਰਾਮਦ ਕੀਤਾ ਗਿਆ। ਪੁਲਿਸ ਨੂੰ ਇਹ ਵੀ ਪਤਾ ਲੱਗਿਆ ਹੈ ਕਿ ਐਸ.ਟੀ.ਐਫ. ਪੰਜਾਬ ਵੱਲੋਂ 24 ਸਤੰਬਰ, 2019 ਨੂੰ ਸਰਹੱਦ ਪਾਰ ਤੋਂ ਫਿਰੋਜ਼ਪੁਰ ਸੈਕਟਰ ਦੇ ਮਮਦੋਟ ਖੇਤਰ ਵਿੱਚ ਏ.ਕੇ. -47 ਰਾਈਫਲਾਂ ਵਾਲੀ ਖੇਪ ਦਾ ਇੱਕ ਹਿੱਸਾ ਅਪਰਾਧਿਕ ਗਿਰੋਹ ਬਿੱਲਾ ਮੰਡਿਆਲਾ ਨਾਲ ਵੀ ਸਬੰਧਤ ਸੀ।*

# ਪੰਜਾਬੀ ਸਾਹਿਤਕਾਰ ਕੁਲਤਾਰ ਸਿੰਘ ਖਾਬੜਾ ਅਤੇ ਉਹਨਾਂ ਦੇ ਬੇਟੇ ਦੀ ਕੋਰੋਨਾ ਕਾਰਨ ਮੌਤ


ਕੁਲਤਾਰ ਸਿੰਘ ਖਾਬੜਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਪ੍ਰਮੁੱਖ ਸਾਹਿਤਕ ਸਖਸ਼ੀਅਤ ਕੁਲਤਾਰ ਸਿੰਘ ਖਾਬੜਾ (88) ਅਤੇ ਉਹਨਾਂ ਦੇ ਬੇਟੇ ਦੀਪਇੰਦਰ ਸਿੰਘ ਖਾਬੜਾ ਦੀ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ। ਮਾਹਿਲਪੁਰ ਦੇ ਜੰਮਪਲ ਕੁਲਤਾਰ ਸਿੰਘ 1964 ਤੋਂ ਯੂ ਕੇ ਵਿੱਚ ਰਹਿ ਰਹੇ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਲੋਕ ਸਿੰਘ ਵੱਲ, ਸਾਬਕਾ ਮੇਅਰ ਹਰਮੋਹਿੰਦਰਪਾਲ ਸਿੰਘ ਸੋਹਲ ਅਤੇ ਮਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇੱਕੋ ਪ੍ਰੀਵਾਰ 'ਚੋਂ ਦੋ ਵਿਅਕਤੀਆਂ ਦਾ ਚਲੇ ਜਾਣਾ ਅਤਿ ਦੁਖਦਾਈ ਹੈ। ਕੁਲਤਾਰ ਸਿੰਘ ਖਾਬੜਾ ਪੰਜਾਬੀ ਸਾਹਿਤ ਦੀ ਜਾਣੀ ਪਹਿਚਾਣੀ ਸਖਸ਼ੀਅਤ ਸਨ ਅਤੇ ਉਹਨਾਂ ਯੂ ਕੇ ਵਿੱਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਹਿਮ ਯੋਗਦਾਨ ਪਾਉਣ ਤੋਂ ਇਲਾਵਾ ਨਸਲੀ ਵਿਤਕਰਿਆਂ ਵਿਰੁੱਧ ਮੋਹਰੇ ਹੋ ਕੇ ਅਵਾਜ਼ ਅਵਾਜ਼ ਬੁਲੰਦ ਕੀਤੀ। ਉਹ ਸਥਾਨਿਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ, ਇੰਡੀਅਨ ਵਰਕਰਜ਼ ਐਸੋਸੀਏਸ਼ਨ(ਜੀ ਬੀ), ਪਾਠਕ ਅਤੇ ਲਿਖਾਰੀ ਮੰਚ ਸਲੋਹ ਆਦਿ ਸੰਸਥਾਵਾਂ ਵਿੱਚ ਸਰਗਰਮੀ ਨਾਲ ਵਿਚਰਦੇ ਰਹੇ। ਐਮ ਪੀ ਵਰਿੰਦਰ ਸ਼ਰਮਾਂ, ਐਮ ਪੀ ਤਨਮਨਜੀਤ ਸਿੰਘ ਢੇਸੀ, ਦਰਸ਼ਨ ਸਿੰਘ ਢਿਲੋਂ, ਗੁਰਬਚਨ ਅਜ਼ਾਦ, ਕੁਲਵੰਤ ਕੌਰ ਢਿਲੋਂ ਆਦਿ ਨੇ ਕੁਲਤਾਰ ਸਿੰਘ ਖਾਬੜਾ ਦਾ ਚਲੇ ਜਾਣਾ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ ਹੈ।

# ਸਿਹਤ ਕਾਮਿਆਂ ਦੀਆਂ ਕਾਰਾਂ ਧੋ ਕੇ ਵੱਖਰੀ ਹੀ ਸੇਵਾ ਕਰਨ ਵਾਲਾ ਸੁਖਵਿੰਦਰ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੇਵਾ ਕਰਨ ਦੀ ਜੇ ਲਗਨ ਹੋਵੇ ਤਾਂ ਇਸ ਦੇ ਕਈ ਰਾਹ ਅਤੇ ਕਈ ਢੰਗ ਮਿਲ ਹੀ ਜਾਂਦੇ ਹਨ। ਯੂ ਕੇ ਦੀਆ ਜੇਲ੍ਹਾਂ ਵਿੱਚ ਕੈਦੀਆਂ ਨੂੰ ਸਿੱਖ ਧਰਮ ਬਾਰੇ ਬਾਰੇ ਜਾਣਕਾਰੀ ਦੇ ਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਅਹਿਮ ਜਿੰਮੇਂਵਾਰੀ ਨਿਭਾਉਣ ਵਾਲਾ ਸੁਖਵਿੰਦਰ ਸਿੰਘ ਮੋਰਾਂਵਾਲੀ ਨੇ ਯੂ ਕੇ ਦੀ ਸਿਹਤ ਸੰਸਥਾ ਐਨ ਐਚ ਐਸ ਦੇ ਕਾਮਿਆਂ ਦੀਆਂ ਕਾਰਾਂ ਧੋ ਕੇ ਅਨੋਖੀ ਸੇਵਾ ਕੀਤੀ ਹੈ। ਸੁਖਵਿੰਦਰ ਸਿੰਘ ਨੇ ਕਿਹਾ ਕਿ ਯੂ ਕੇ ਵਿੱਚ ਸਿੱਖ ਭਾਈਚਾਰਾ ਲੰਗਰ ਲਗਾ ਕੇ ਅਤੇ ਹੋਰ ਕਈ ਤਰ੍ਹਾਂ ਦੀਆਂ ਸੇਵਾਵਾਂ ਕਰ ਰਿਹਾ ਹੈ। ਇਸ ਦੌਰਾਨ ਮੈਂ ਸੋਚਿਆ ਕਿਉਂ ਨਾ ਡਾਕਟਰਾਂ, ਨਰਸਾਂ ਅਤੇ ਹੋਰ ਕਾਮਿਆਂ ਦੀਆਂ ਕਾਰਾਂ ਧੋ ਕੇ ਮੈਂ ਆਪਣਾ ਯੋਗਦਾਨ ਪਾਵਾਂ। ਸੁਖਵਿੰਦਰ ਸਿੰਘ ਦੀ ਇਸ ਅਨੋਖੀ ਸੇਵਾ ਦੀ ਪੰਜਾਬੀ ਭਾਈਚਾਰੇ ਵਿੱਚ ਖੂਬ ਚਰਚਾ ਹੋ ਰਹੀ ਹੈ।

# ਅਨਿਸਚਤ ਸਮੇਂ ਲਈ ਵਿੰਡਸਰ ਕਾਸਲ ਵਿੱਚ ਰਹੇਗੀ ਮਹਾਰਾਣੀ ਐਲਿਜਾਬੈੱਥ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਮਹਾਰਾਣੀ ਐਲਿਜਾਬੈੱਥ ਅਨਨਿਸਚਤ ਸਮੇਂ ਲਈ ਵਿੰਡਸਰ ਕਾਸਲ ਵਿੱਚ ਆਪਣੀ ਪਤੀ ਪ੍ਰਿੰਸ ਫਿਲਪ ਨਾਲ ਰਹਿ ਰਹੇ ਹਨ। ਸ਼ਾਹੀ ਪ੍ਰੀਵਾਰ ਦਾ ਬਕਿੰਘਮ ਪੈਲਿਸ ਇਹਨਾਂ ਗਰਮੀਆਂ ਦੇ ਦੌਰਾਨ ਬੰਦ ਰਹੇਗਾ ਅਤੇ ਇਹ ਬੀਤੇ 27 ਵਰ੍ਹਿਆਂ ਵਿੱਚ ਪਹਿਲੀ ਵਾਰ ਹੈ ਜਦੋਂ ਬਕਿੰਘਮ ਪੈਲਿਸ ਬੰਦ ਹੋਵੇਗਾ। ਮਹਾਰਾਣੀ ਐਲਿਜਾਬੈੱਥ ਵੀ ਆਪਣੇ 68 ਸਾਲਾ ਰਾਜਕਾਲ ਦੌਰਾਨ ਪਹਿਲੀ ਵਾਰ ਲੰਮਾਂ ਸਮਾਂ ਸਰਕਾਰੀ ਜਿੰਮੇਂਵਾਰੀਆਂ ਤੋਂ ਗੈਰਹਾਜ਼ਰ ਰਹਿਣਾ ਪੈ ਰਿਹਾ ਹੈ। ਮਹਾਰਾਣੀ ਦੀਆਂ ਗਾਰਡਨ ਪਾਰਟੀਆਂ ਸਮੇਤ ਕਈ ਸਮਾਗਮਾਂ ਨੂੰ ਰੱਦ ਕੀਤਾ ਹੋਇਆ ਹੈ। ਮਹਾਰਾਣੀ ਵੱਲੋਂ ਲੰਡਨ ਵਾਲੇ ਘਰ ਵਿੱਚ ਤਿੰਨ ਗਾਰਡਨ ਪਾਰਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ, ਦੋ ਪਾਰਟੀਆਂ ਸਮਾਜ ਸੇਵੀ ਸੰਸਥਾਵਾਂ ਨਾਲ ਅਤੇ ਇੱਕ ਜੁਲਾਈ ਵਿੱਚ ਪੈਲੇਸ ਆਫ ਹੋਲੀਰੂਡਹਾਊਸ ਸਕਾਟਲੈਂਡ ਵਿਖੇ ਕੀਤੀ ਜਾਂਦੀ ਹੈ। ਇਹਨਾਂ ਪਾਰਟੀਆਂ ਵਿੱਚ 30000 ਲੋਕ ਹਿੱਸਾ ਲੈਂਦੇ ਹਨ ਜਿਹਨਾਂ ਲਈ 27000 ਚਾਹ ਦੇ ਕੱਪ, 20000 ਸੈਂਡਵਿੱਚ ਅਤੇ 20000 ਕੇਕ ਪੇਸ਼ ਕੀਤੇ ਜਾਂਦੇ ਹਨ। ਇਹ ਸਮਾਗਮ 1860 ਤੋਂ ਲਗਾਤਾਰ ਹੁੰਦੇ ਆ ਰਹੇ ਹਨ।

# ਯੂ ਕੇ ਸਰਕਾਰ ਵੱਲੋਂ ਸਮਾਜ ਸੇਵੀ ਸੰਸਥਾਵਾਂ ਲਈ 16 ਮਿਲੀਅਨ ਪੌਂਡ ਦੀ ਸਹਾਇਤਾ ਦਾ ਐਲਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੋਰੋਨਾਵਾਇਰਸ ਦੀ ਮਹਾਮਾਰੀ ਦੌਰਾਨ ਭੁੱਖੇ ਅਤੇ ਲੋੜਵੰਦ ਲੋਕਾਂ ਨੂੰ ਭੋਜਨ ਅਤੇ ਹੋਰ ਲੁੜੀਂਦੇ ਸਮਾਨ ਦੇ ਕੇ ਮਦਦ ਕਰ ਰਹੀਆਂ ਸੰਸਥਾਵਾਂ ਨੂੰ ਸਰਕਾਰ ਵੱਲੋਂ 16 ਮਿਲੀਅਨ ਪੌਂਡ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।ਇਸ ਫੰਡ ਨਾਲ ਤਕਰੀਬਨ 5,000 ਸਮਾਜ ਸੇਵੀ ਸੰਸਥਾਵਾਂ ਨੂੰ ਲਾਭ ਹੋਵੇਗਾ। ਫਰੈਸ਼ੇਅਰ ਅਤੇ ਵੇਸਟ ਐਂਡ ਰਿਸੋਰਸ ਐਕਸ਼ਨ ਪ੍ਰੋਗਰਾਮ ਤਹਿਤ ਇਹ ਸੰਸਥਾਵਾਂ ਅਗਲੇ 12 ਹਫਤਿਆਂ ਤੱਕ ਲੋਕਾਂ ਤੱਕ ਭੋਜਨ ਪਹੁੰਚਾਉਣ ਵਿਚ ਮਦਦ ਕਰਨਗੀਆਂ। ਫੂਡਸ਼ੇਅਰ ਦੀ ਮੁੱਖ ਕਾਰਜਕਾਰੀ ਲਿੰਡਸੇ ਬੋਸਵੈਲ ਨੇ ਕਿਹਾ ਕਿ ਇਹ ਪੈਸਾ ਭੋਜਨ ਮੁਹੱਈਆ ਕਰਾਉਣ 'ਤੇ ਹੀ ਖਰਚ ਹੋਵੇਗਾ। ਕੋਈ ਸਮਾਜ ਸੇਵੀ ਸੰਸਥਾ ਇਸ ਦੀ ਵਰਤੋਂ ਕਿਸੇ ਹੋਰ ਕੰਮ ਲਈ ਵਰਤ ਨਹੀ ਸਕੇਗੀ। ਯੂ ਕੇ ਵਿੱਚ ਕੋਰੋਨਾਵਾਇਰਸ ਬੰਦ ਦੌਰਾਨ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੰਡੇ ਜਾਂਦੇ ਭੋਜਨ 'ਤੇ ਨਿਰਭਰ ਬੱਚਿਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਅਤੇ ਬਹੁਤ ਸਾਰੇ ਬੇਰੁਜ਼ਗਾਰ, ਬੇਘਰੇ ਆਦਿ ਲੋਕ ਵੀ ਇਹਨਾਂ ਸੇਵਾਵਾਂ ਉੱਤੇ ਨਿਰਭਰ ਹਨ।

# ਦੂਜੀ ਵਿਸ਼ਵ ਜੰਗ ਦੀ ਸਮਾਪਤੀ ਅਤੇ ਜਿੱਤ 75ਵੀਂ ਵਰ੍ਹੇ ਗੰਢ ਮੌਕੇ ਸ਼ਰਧਾਂਜ਼ਲੀ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੂਜੀ ਵਿਸ਼ਵ ਯੁੱਧ ਦੀ ਸਮਾਪਤੀ ਦੀ 75ਵੀਂ ਵਰ੍ਹੇ ਗੰਢ ਮੌਕੇ ਯੂ ਕੇ ਵਿੱਚ ਸ਼ਰਧਾਂਜ਼ਲੀ ਅਤੇ ਜਿੱਤ ਦੀ 75ਵੀਂ ਵਰ੍ਹੇ ਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਗਈ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ, ਮਹਾਰਾਣੀ ਐਲਿਜਾਬੈੱਥ ਨੇ ਲਾਕਡਾਊਨ ਦੌਰਾਨ ਵੀ ਵਿਸ਼ਵ ਦੀ ਸ਼ਾਂਤੀ ਲਈ ਕੁਰਬਾਨ ਹੋਣ ਵਾਲੇ ਬਹਾਦਰ ਸਿਪਾਹੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਯੂ ਕੇ ਅਤੇ ਇਸ ਦੇ ਸਹਿਯੋਗੀ ਦੇਸ਼ਾਂ ਅੱਗੇ ਨਾਜ਼ੀਆਂ ਨੇ 8 ਮਈ 1945 ਨੂੰ ਯੁੱਧ ਦੀ ਸਮਾਪਤੀ ਦਾ ਐਲਾਨ ਕਰਦਿਆਂ ਗੋਢੇ ਟੇਕ ਦਿੱਤੇ ਸਨ ਅਤੇ ਉਸ ਦਿਨ ਨੂੰ ਜੇਤੂ ਦਿਵਸ ਵਜੋਂ ਮਨਾਇਆ ਜਾਂਦਾ ਹੈ ਜਿਸ ਨੂੰ ਵੀ ਈ ਡੇਅ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦੇਸ਼ ਭਰ ਵਿੱਚ 11 ਵਜੇ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਜੰਗ ਦੀ ਗਵਾਹ ਇੱਕ ਮੈਡੀ ਜੇਰਾਰਡ ਨਾਮ ਦੀ ਯਹੂਦੀ ਔਰਤ ਨੇ ਕਿਹਾ ਕਿ ਉਸ ਨੇ ਹਰ ਰਾਤ ਸ਼ਮਸ਼ਾਨ ਘਾਟ ਦੀਆਂ ਲਾਟਾਂ ਨੂੰ ਦੇਖਿਆ ਹੈ। ਉਸ ਸਮੇਂ ਉਹ ਸਿਰਫ 14 ਸਾਲ ਦੀ ਸੀ ਜਦੋਂ ਉਸ ਦੇ ਸਕੂਲ ਦੀਆਂ 13 ਲੜਕੀਆਂ ਨੂੰ ਹੰਗਰੀ ਦੇ ਸਕੂਲ 'ਚੋਂ ਔਸ਼ਵਿਟਜ਼ ਲੈ ਗਏ ਸਨ ਅਤੇ ਨਾਜ਼ੀ ਕੈਂਪ 'ਚੋਂ ਉਹ ਦੋ ਹੀ ਬਚ ਕੇ ਵਾਪਿਸ ਆਈਆਂ ਸਨ। ਮੈਡੀ ਨੇ ਕਿਹਾ ਕਿ ਉਹ ਹਮੇਸ਼ਾਂ ਆਸ਼ਾਵਾਦੀ ਰਹੀ ਹੈ। ਜਿੱਤ ਦਿਵਸ ਮੌਕੇ ਬਕਿੰਘਮ ਪੈਲਿਸ ਤੇ ਹਵਾਈ ਸੈਨਾ ਵੱਲੋਂ ਤਿੰਨ ਰੰਗੀ ਅਸਮਾਨੀ ਪੱਟੀ ਬਣਾਈ ਗਈ। ਜਿਕਰਯੋਗ ਹੈ ਕਿ ਦੋਵੇਂ ਵਿਸ਼ਵ ਯੁੱਧਾਂ ਵਿੱਚ 83005 ਦਸਤਾਰਧਾਰੀ ਸਿੱਖ ਸ਼ਹੀਦ ਹੋਏ ਸਨ ਅਤੇ 109045 ਜਖ਼ਮੀ ਹੋਏ ਸਨ।

# ਯੂ ਕੇ ਦੀ "ਸੁਚੇਤ ਪੰਜਾਬੀ" ਸੰਸਥਾ ਵੱਲੋਂ ਅੰਤਰਰਾਸ਼ਟਰੀ ਆਨਲਾਇਨ ਕਵੀ ਦਰਬਾਰ ਕਰਵਾਇਆ ਗਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਪੰਜਾਬੀ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਸਰਗਰਮ ਸੁਚੇਤ (ਐਕਟਿਵ) ਪੰਜਾਬੀ ਸੰਸਥਾ ਵੱਲੋਂ ਪਹਿਲਾ ਆਨਲਾਇਨ ਅੰਤਰਰਾਸ਼ਟਰੀ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਯੂ ਕੇ ਤੋਂ ਇਲਾਵਾ ਭਾਰਤ, ਆਸਟਰੇਲੀਆ ਆਦਿ ਦੇਸ਼ਾਂ ਦੇ ਕਵੀਆਂ ਨੇ ਹਿੱਸਾ ਲਿਆ। ਕਵੀ ਦਰਬਾਰ ਦੇ ਸੰਚਾਲਕ ਬਿੱਟੂ ਖੰਘੂੜਾ ਨੇ ਕਿਹਾ ਕਿ ਕੋਰੋਨਾਵਾਇਰਸ ਦੇ ਕਹਿਰ ਨੇ ਭਾਵੇਂ ਸਾਨੂੰ ਅੰਦਰ ਰਹਿਣ ਲਈ ਮਜਬੂਰ ਕਰ ਦਿੱਤਾ ਹੈ ਪਰ ਅਸੀਂ ਤਕਨਾਲੋਜੀ ਰਾਹੀਂ ਆਪਣੀਆਂ ਸਾਂਝਾਂ ਨੂੰ ਕਾਇਮ ਰੱਖ ਸਕਦੇ ਹਾਂ ਜਿਸ ਕਰਕੇ ਹੀ ਇਸ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਹੈ। ਇਸ ਕਵੀ ਦਰਬਾਰ ਵਿੱਚ ਪੰਜਾਬ ਤੋਂ ਪ੍ਰੋ: ਗੁਰਭਜਨ ਸਿੰਘ ਗਿੱਲ, ਅਜ਼ੀਮ ਸ਼ੇਖ਼ਰ, ਬਲਜਿੰਦਰ ਰਾਠੌਰ, ਗੁਰਮੇਲ ਕੌਰ ਸੰਘਾ, ਗੁਰਮੀਤ ਖੋਖਰ, ਗੁਰਪ੍ਰੀਤ, ਹਰਦੇਸ਼ ਬਸਰਾ, ਜਸ, ਕੁਲਵੰਤ ਕੌਰ ਢਿਲੋਂ, ਮਨਜੀਤ ਕੌਰ ਪੱਡਾ, ਨੁਜ਼ਹਤ ਆਬਾਸ, ਪਰਮ ਕਾਤਾ, ਰਾਜ ਸੇਖੋਂ, ਰਮਿੰਦਰ ਸਿੰਘ ਅਤੇ ਸੁਰਿੰਦਰਪ੍ਰੀਤ ਸਿੰਘ ਘਣੀਆਂ ਆਦਿ ਨੇ ਹਿੱਸਾ ਲਿਆ ਅਤੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

# ਦੋ ਏਸ਼ਿਆਈ ਬੱਚਿਆਂ ਦੇ ਕਤਲ ਮਾਮਲੇ 'ਚ ਬਾਪ ਗ੍ਰਿਫ਼ਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਲੰਡਨ ਦੇ ਇਲਾਕੇ ਇਲਫੋਰਡ 'ਚ ਕਤਲ ਕੀਤੇ ਦੋ ਬੱਚਿਆਂ ਦੇ ਕਤਲ ਮਾਮਲੇ 'ਚ ਉਹਨਾ ਦੇ ਬਾਪ ਨੂੰ ਹੀ ਗ੍ਰਿਫ਼ਤਾਰ ਕੀਤਾਗਿਆ ਹੈ। 19 ਮਹੀਨਿਆਂ ਦੇ ਪਵੀਨਿਆ ਨਿਥੀਆਕੁਮਾਰ ਅਤੇ 3 ਸਾਲਾ ਨਿਗੇਸ਼ ਨਿਥੀਆਕੁਮਾਰ ਨੂੰ ਉਨ੍ਹਾਂ ਦੇ ਘਰ 'ਚ ਹੀ ਕਤਲ ਕਰ ਦਿੱਤਾ ਸੀ। ਇਸ ਮਾਮਲੇ 'ਚਪੁਲਿਸ ਨੇ 40 ਸਾਲਾ ਨਾਦਾਰਾਜਾ ਨਿਥੀਆਕੁਮਾਰ ਨੂੰ ਥੇਮਸ ਮੈਜਿਸਟਰੇਟ ਅਦਾਲਤ ਵਿੱਚ ਪੇਸ਼ ਕੀਤਾ । ਨਾਦਾਰਾਜਾ ਨੂੰ ਲੰਡਨ ਹਸਪਤਾਲ 'ਚੋਂ ਗ੍ਰਿਫ਼ਤਾਰ ਕੀਤਾ ਹੈਜੋ ਚਾਕੂ ਦੇ ਜ਼ਖ਼ਮਾਂ ਦੇ ਇਲਾਜ ਲਈ ਹਸਪਤਾਲ ਪਹੁੰਚਿਆ ਸੀ। ਉਸ ਤੇ ਆਪਣੇ ਹੀ ਦੋ ਬੱਚਿਆਂ ਨੂੰ ਇਲਫੋਰਡ ਦੇ ਇਕ ਘਰ 'ਚ ਕਤਲ ਕਰਨ ਦੇ ਦੋਸ਼ ਹਨ।ਸਕਾਟਲੈਂਡ ਯਾਰਡ ਅਨੁਸਾਰ ਪਵੀਨਿਆ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ ਜਦਕਿ ਨਿਗੇਸ਼ ਹਸਪਤਾਲ ਪਹੁੰਚ ਕੇ ਦਮ ਤੋੜ ਗਿਆ।

# ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਰੋਜ਼ਾਨਾ ਲੋੜਵੰਦਾਂ ਲਈ ਲੰਗਰ ਦੀ ਸੇਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਕੋਵਿਡ 19 ਦੇ ਕਹਿਰ ਦੌਰਾਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਲੰਗਰਾਂ ਦੀ ਸੇਵਾ ਕੀਤੀ ਜਾਂਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸ੍ਰੀ ਜੋਗਰਾਜ ਅਹੀਰ, ਸਹਾਇਕ ਖਜ਼ਾਨਚੀ ਨਛੱਤਰ ਕਲਸੀ, ਸਟੇਜ ਸਕੱਤਰ ਸ਼ਿਵ ਰੱਤੂ ਨੇ ਦੱਸਿਆ ਕਿ ਰੋਜ਼ਾਨਾ ਸੈਂਕੜੇ ਲੋਕ ਗੁਰੂ ਘਰ ਤੋਂ ਲੰਗਰ ਲੈ ਕੇ ਜਾਂਦੇ ਹਨ ਅਤੇ ਜਿਹੜੇ ਬਜ਼ੁਰਗ ਜਾਂ ਇਕਾਂਤਵਾਸ ਹੋਏ ਲੋਕ ਉਹਨਾਂ ਤੱਕ ਪਹੁੰਚ ਕਰਦੇ ਹਨ ਉਹਨਾਂ ਨੂੰ ਘਰਾਂ ਵਿੱਚ ਲੰਗਰ ਪਹੁੰਚਾਇਆ ਜਾਂਦਾ ਹੈ। ਸ੍ਰੀ ਅਹੀਰ ਨੇ ਕਿਹਾ ਕਿ ਕਈ ਭਾਰਤੀ ਵਿਦਿਆਰਥੀ ਵੀ ਇਹਨਾਂ ਸੇਵਾਵਾਂ ਦਾ ਲਾਭ ਲੈ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਇਸ ਮੁਸੀਬਤ ਦੀ ਘੜੀ ਵਿੱਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ ਅਨੁਸਾਰ ਆਪਣਾ ਫਰਜ਼ ਅਦਾ ਕਰਦੇ ਹਾਂ, ਇਸ ਮੌਕੇ ਜਸ ਕਲਕਟ, ਰਾਮ ਮੂਰਤੀ, ਹਰੀਸ਼ ਕੁਮਾਰ ਵਿੱਕੀ, ਸ੍ਰੀ ਦੇਸ ਰਾਜ, ਸੁਖਦੇਵ ਹੀਰਾ, ਕਮਲ ਕੁਮਾਰ ਚੰਦਰ ਆਦਿ ਹਾਜ਼ਿਰ ਸਨ।


ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਲੰਗਰਾਂ ਦੀ ਸੇਵਾ ਕਰਨ ਮੌਕੇ ਸੇਵਾਦਾਰ

# ਭਯੋ ਘਲੂਘਾਰਾ ਭਾਰਾ ਕਹਿਰ ਕਹਾਰਾ...



**Jaswant Singh 'Ajit'**
Mobile : + 91 95 82 71 98 90
jaswantsinghajit@gmail.com

ਸਮੇਂ ਦੀਆਂ ਹਾਕਮ ਸ਼ਕਤੀਆਂ ਵਲੋਂ ਸਿੱਖਾਂ ਨੂੰ ਮਾਰ ਮੁਕਾਣ ਦੀ ਸ਼ੁਰੂ ਕੀਤੀ ਗਈ ਹੋਈ ਮੁਹਿੰਮ ਦੇ ਅਧੀਨ ਗੁਰਦੁਆਰਾ ਰੋੜੀ ਸਾਹਿਬ, ਐਮਨਾਬਾਦ ਵਿਖੇ ਜੁੜੇ ਬੈਠੇ ਸਿੱਖਾਂ ਨੂੰ ਘੇਰ ਕੇ ਮਾਰ-ਮੁਕਾਣ ਦੇ ਉਦੇਸ਼ ਨਾਲ ਗਏ ਜਸਪਤ ਰਾਇ ਦੇ ਸਿੱਖਾਂ ਹਥੋਂ ਮਾਰੇ ਜਾਣ ਦੀ ਖਬਰ ਜਦੋਂ ਉਸਦੇ ਭਰਾ ਲਖਪਤ ਰਾਇ ਨੂੰ ਮਿਲੀ ਤਾਂ ਉਹ ਗੁੱਸੇ ਵਿੱਚ ਇਤਨਾ ਲੋਹਾ-ਲਾਖਾ ਹੋਇਆ ਕਿ ਉਸਨੇ ਤੁਰੰਤ ਹੀ ਯਾਹੀਆ ਖਾਨ ਦੇ ਦਰਬਾਰ ਵਿੱਚ ਪੁਜ, ਸਿਰੋਂ ਪੱਗ ਲਾਹੀ ਤੇ ਕਸਮ ਖਾਧੀ ਕਿ ਜਦੋਂ ਤਕ ਉਹ ਸਿੱਖਾਂ ਦਾ ਖੁਰਾ-ਖੋਜ ਨਹੀਂ ਮੁੱਕਾ ਲਇਗਾ, ਸਿਰ ਤੇ ਪੱਗ ਨਹੀਂ ਬਨ੍ਹੇਗਾ। ਯਾਹੀਆ ਖਾਨ ਨੂੰ ਸਿੱਖਾਂ ਨੂੰ ਮਾਰ-ਮੁਕਾਣ ਦੀ ਆਪਣੀ ਮੁਹਿੰਮ ਨੂੰ ਸਿਰੇ ਚਾੜ੍ਹਨ ਲਈ, ਇੱਕ ਅਜਿਹੇ ਹੀ ਹਥਿਆਰ ਦੀ ਲੋੜ ਸੀ, ਜੋ ਉਸਨੂੰ ਬੈਠਿਆਂ ਬਿਠਾਇਆਂ ਮਿਲ ਗਿਆ। ਉਸਨੇ ਤੁਰੰਤ ਲਖਪਤ ਰਾਇ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦੀ ਆਪਣੀ ਮੁਹਿੰਮ ਦਾ ਮੋਢੀ ਥਾਪ ਦਿੱਤਾ ਅਤੇ ਨਾਲ ਹੀ ਉਸਨੂੰ ਇਸ ਉਦੇਸ਼ ਲਈ ਸਾਰੇ ਜਾਇਜ਼-ਨਾਜਾਇਜ਼ ਹਥਕੰਡੇ ਵਰਤਣ ਦਾ ਅਧਿਕਾਰ ਵੀ ਦੇ ਦਿੱਤਾ।

ਯਾਹੀਆ ਖਾਨ ਨੇ ਇਕ ਪਾਸੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦੀ ਜ਼ਿਮੇਂਦਾਰੀ ਲਖਪਤ ਰਾਇ ਨੂੰ ਸੌਂਪੀ ਤੇ ਦੂਜੇ ਪਾਸੇ ਹੁਕਮ ਜਾਰੀ ਕਰ ਦਿੱਤਾ ਕਿ ਜਿਥੇ-ਕਿਤੇ ਵੀ ਕੋਈ ਸਿੱਖ ਨਜ਼ਰੀ ਪਏ, ਉਸਨੂੰ ਪਕੱੜ ਉਸਦੇ ਦਰਬਾਰ ਵਿੱਚ ਪੇਸ਼ ਕੀਤਾ ਜਾਏ। ਉਸਨੇ ਗੁੜ ਨੂੰ ਗੁੜ ਕਹਿਣ ਦੀ ਬਜਾਏ ਰੋੜੀ ਤੇ ਗ੍ਰੰਥ ਨੂੰ ਗ੍ਰੰਥ ਕਹਿਣ ਦੀ ਬਜਾਏ ਪੋਥੀ ਕਹਿਣ ਦਾ ਹੁਕਮ ਵੀ ਜਾਰੀ ਕਰ ਦਿੱਤਾ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ : 'ਗੁੜ ਕੇ ਕਹਨੇ ਗੁਰ ਕਹੈਂ, ਰੋੜੀ ਪਾਯੋ ਨਾਮ, ਗੁੜ ਕਹਣੇ ਗੁਰ ਸੁਨਯੋ, ਨਾਨਕ ਕੋ ਨਾਨੂੰ ਕਹਿਵਾਯੋ'। ਅਰਥਾਤ ਜਿਸ ਵਿਅਕਤੀ ਦਾ ਨਾਂ ਨਾਨਕ ਹੈ, ਉਸਨੂੰ ਨਾਨਕ ਨਾ ਕਹਿ ਨਾਨੂ ਕਿਹਾ ਜਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਿਤਨੇ ਵੀ ਸਰੂਪ ਉਸਦੇ ਹੱਥ ਆਏ, ਉਨ੍ਹਾਂ ਵਿੱਚੋਂ ਕੁਝ ਤਾਂ ਉਸਨੇ ਅਗਨ ਭੇਂਟ ਕਰਵਾ ਦਿੱਤੇ ਅਤੇ ਕੁਝ ਨੂੰ ਖੂਹਾਂ ਵਿੱਚ ਸੁਟਵਾ ਦਿੱਤਾ।

ਸਿੱਖਾਂ ਦਾ ਖੁਰਾ-ਖੋਜ ਮਿਟਾਣ ਲਈ ਕੁਝ ਵੀ ਕਰ ਗੁਜ਼ਰਣ ਦਾ ਅਧਿਕਾਰ ਮਿਲਦਿਆਂ ਹੀ ਲਖਪਤ ਰਾਇ ਨੇ ਸਭ ਤੋਂ ਪਹਿਲਾਂ ਲਾਹੌਰ ਵਾਸੀਆਂ ਦੇ ਵਿਰੋਧ ਦੇ ਬਾਵਜੂਦ (ਲਾਹੌਰ ਵਿੱਚ) ਅਮਨ-ਸ਼ਾਂਤੀ ਨਾਲ ਵਸਦੇ ਸਾਰੇ ਹੀ ਸਿੱਖ ਫੜ ਮੰਗਵਾਏ ਤੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਇਸਤਰ੍ਹਾਂ ਲਾਹੌਰ ਵਾਸੀ ਸਿੱਖਾਂ ਨੂੰ ਖਤਮ ਕਰਨ ਤੋਂ ਬਾਅਦ ਉਹ ਫੌਜ ਲੈ ਅੰਮ੍ਰਿਤਸਰ ਵਲ ਵਧਿਆ। ਅੰਮ੍ਰਿਤਸਰ ਪਹੁੰਚਦਿਆਂ ਹੀ ਉਸਨੇ ਉਥੇ ਜੁੜੇ ਬੈਠੇ ਸਿੱਖਾਂ ਹਮਲਾ ਕਰ ਦਿੱਤਾ। ਸਿੱਖਾਂ ਪੁਰ ਇਹ ਹਮਲਾ ਇਤਨਾ ਅਚਾਨਕ ਹੋਇਆ ਸੀ ਕਿ ਉਨ੍ਹਾਂ ਨੂੰ ਉਥੋਂ ਆਪਣੇ ਟਿਕਾਣਿਆਂ ਵਲ ਨਿਕਲ ਜਾਣ ਦਾ ਮੌਕਾ ਹੀ ਨਾ ਮਿਲਿਆ। ਲਖਪਤ ਰਾਇ ਦੀਆਂ ਫੌਜਾਂ ਨਾਲ ਘਿਰੇ ਸਿੱਖ ਮੁੱਖੀਆਂ ਨੇ ਆਪੋ ਵਿੱਚ ਸਿਰ ਜੋੜ ਵਿਚਾਰਾਂ ਕੀਤੀਆਂ ਤੇ ਫੈਸਲਾ ਕੀਤਾ ਕਿ ਕਿਸੇ ਤਰ੍ਹਾਂ ਕਾਹਨੂੰਵਾਨ ਦੀਆਂ ਬੀਹੜਾਂ ਵਲ ਨਿਕਲ ਤੁਰਨਾ ਚਾਹੀਦਾ ਹੈ।

ਉਨ੍ਹਾਂ ਦੇ ਇਸ ਫੈਸਲੇ ਦੀ ਸੂਹ ਕਿਸੇ ਤਰ੍ਹਾਂ ਲਖਪਤ ਰਾਇ ਨੂੰ ਵੀ ਮਿਲ ਗਈ। ਉਸਨੇ



ਅੰਮ੍ਰਿਤਸਰ ਤੋਂ ਨਿਕਲੀ ਸਿੱਖ ਵਹੀਰ ਨੂੰ ਇਸਤਰ੍ਹਾਂ ਘੇਰਾ ਪਾ ਲਿਆ ਕਿ ਵਹੀਰ ਨੂੰ ਰਾਵੀ ਵਲ ਮੂੰਹ ਕਰਨ ਤੋਂ ਬਿਨਾ ਹੋਰ ਕੋਈ ਰਸਤਾ ਨਜ਼ਰ ਨਾ ਆਇਆ। ਇਸਦੇ ਨਾਲ ਹੀ ਜਿਨ੍ਹਾਂ ਜੰਗਲਾਂ ਵਿੱਚ ਸਿੱਖਾਂ ਦੀਆਂ ਛੁਪਣਗਾਹਾਂ ਹੋਣ ਦੀ ਉਸਨੂੰ ਸੂਹ ਮਿਲੀ, ਉਸਨੇ ਉਨ੍ਹਾਂ ਨੂੰ ਕਟਵਾਣਾ ਤੇ ਅੱਗ ਲਵਾ ਸੜਵਾਣਾ ਸ਼ੁਰੂ ਕਰ ਦਿੱਤਾ। ਇਸਤਰ੍ਹਾਂ ਆਪਣੀਆਂ ਛੁਪਣਗਾਹਾਂ ਵਿੱਚ ਲੁਕੇ ਬੈਠੇ ਸਿੱਖ ਜਦੋਂ ਵੀ ਉਥੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਤਾਂ ਸਾਹਮਣੇ ਤੋਪਾਂ ਦੇ ਗੋਲੇ ਉਨ੍ਹਾਂ ਦਾ ਸੁਆਗਤ ਕਰਨ ਲਈ ਤਿਆਰ ਮਿਲਦੇ।

ਇਸ ਤਰ੍ਹਾਂ ਜਦੋਂ ਸਿੱਖਾਂ ਵੇਖਿਆ ਕਿ ਉਹ ਬੁਰੀ ਤਰ੍ਹਾਂ ਘਿਰ ਗਏ ਹੋਏ ਹਨ. ਤਾਂ ਉਨ੍ਹਾਂ ਫੈਸਲਾ ਕੀਤਾ ਕਿ ਇਉਂ ਅਣ-ਆਈ ਮੌਤ ਮਰਨ ਨਾਲੋਂ ਤਾਂ ਚੰਗਾ ਹੈ ਕਿ ਬਾਹਰ ਨਿਕਲ ਦੁਸ਼ਮਣ ਦੀ ਫੌਜ ਨਾਲ ਸਿੱਧੀ ਟਕਰ ਲੈ, ਸ਼ਹੀਦ ਹੋਇਆ ਜਾਏ। ਇਸ ਸਮੇਂ ਕੁਝ ਸਿਆਣੇ ਸਿੱਖਾਂ ਨੇ ਸਲਾਹ ਦਿੱਤੀ ਕਿ ਇਸਤਰ੍ਹਾਂ ਇੱਕ ਦੰਮ ਬਾਹਰ ਨਿਕਲ ਦੁਸ਼ਮਣ ਫੌਜ ਨਾਲ ਲੜਨਾ ਠੀਕ ਨਹੀਂ ਹੋਵੇਗਾ। ਚੰਗਾ ਇਹੀ ਹੈ ਕਿ ਲੁਕਿਆਂ ਬੈਠਿਆ ਹੀ ਰਿਹਾ ਜਾਏ,, ਜਦੋਂ ਵੀ ਦੁਸ਼ਮਣ ਦੇ ਫੌਜੀ ਉਨ੍ਹਾਂ ਦੀ ਭਾਲ ਲਈ ਜੰਗਲ ਵਿੱਚ ਵੜਨ ਉਨ੍ਹਾਂ ਨਾਲ ਦੋ-ਦੋ ਹੱਥ ਕਰ ਲਏ ਜਾਣ।

ਇਸਦੇ ਨਾਲ ਹੀ ਇਹ ਸਲਾਹ ਵੀ ਕੀਤੀ ਗਈ ਕਿ ਲੁਕ-ਛਿਪ ਬਸੋਲੀ ਦੀਆਂ ਪਹਾੜੀਆਂ ਵਲ ਨਿਕਲ ਲਿਆ ਜਾਏ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਇਨ੍ਹਾਂ ਪਹਾੜੀਆਂ ਵਿੱਚ ਹਿੰਦੂਆਂ ਦੀ ਸੰਘਣੀ ਵਸੋਂ ਹੋਣ ਕਾਰਣ ਉਨ੍ਹਾਂ ਨੂੰ ਉਥੇ ਪਨਾਹ ਮਿਲ ਸਕੇਗੀ। ਪ੍ਰੰਤੂ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸਿੱਖਾਂ ਨੂੰ ਪਨਾਹ ਨਾ ਦੇਣ ਦੀਆਂ ਲਖਪਤ ਰਾਇ ਦੀਆਂ ਹਿਦਾਇਤਾਂ ਦੇ ਨਾਲ ਉਨ੍ਹਾਂ ਦਾ ਸੁਆਗਤ ਕਰਨ ਲਈ ਫੌਜਾਂ ਉਥੇ ਪਹਿਲਾਂ ਹੀ ਪੁਜ ਚੁਕੀਆਂ ਹੋਈਆਂ ਸਨ। ਜਿਸ ਕਾਰਣ ਜਿਉਂ ਹੀ ਸਿਖ ਉਥੇ ਪੁਜੇ ਫੌਜਾਂ ਅਤੇ ਸਥਾਨਕ ਲੋਕਾਂ ਵਲੋਂ ਗੋਲੀਆਂ ਤੇ ਪੱਥਰਾਂ ਨਾਲ ਉਨ੍ਹਾਂ ਦਾ ਸੁਆਗਤ ਹੋਇਆ।

ਜਦੋਂ ਸਿੱਖਾਂ ਨੇ ਇਹ ਹਾਲਤ ਵੇਖੀ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਉਹ ਹੁਣ ਚਹੁੰ ਪਾਸਿਆਂ ਤੋਂ ਹੀ ਘਿਰ ਗਏ ਹੋਏ ਹਨ। ਇੱਕ ਪਾਸੇ ਰਾਵੀ ਦਾ ਤੇਜ਼ ਵਹਾ ਉਨ੍ਹਾਂ ਦਾ ਰਾਹ ਰੋਕੀ ਬੈਠਾ ਹੈ, ਉਨ੍ਹਾਂ ਦੇ ਅਗੇ-ਪਿਛੇ ਦੁਸ਼ਮਣ ਦੀਆਂ ਫੌਜਾ ਡਟੀਆਂ ਹੋਈਆਂ ਹਨ ਅਤੇ ਸਾਹਮਣੇ ਪਹਾੜੀ ਤੋਂ ਗੋਲੀਆਂ ਤੇ ਪੱਥਰਾਂ ਦੀ ਵਰਖਾ ਹੋ ਰਹੀ ਹੈ। ਉਨ੍ਹਾਂ ਪਾਸ ਨਾ ਤਾਂ ਖਾਣ-ਪੀਣ ਲਈ ਕਝ ਸੀ ਤੇ ਨਾ ਹੀ ਹਥਿਆਰ ਤੇ ਬਾਰੂਦ, ਤੀਰਾਂ ਦੇ ਭੱਥੇ ਵੀ ਖਾਲੀ ਹੋ ਚੁਕੇ ਸਨ। ਘੋੜੇ ਤਾਂ ਪਹਿਲਾਂ ਹੀ ਸਾਹ-ਸੱਤ-ਹੀਣ ਹੋ ਚੁਕੇ ਸਨ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ : 'ਨਹਿ ਡੇਰੋ ਸਿੰਘ ਕਰਨਾ ਮਿਲੈ । ਕਹੂੰ ਰਾਤ, ਕਹੂੰ ਦਿਨ ਹੂੰ ਚਲੈ । ਨਹਿ ਸਿੰਘਨ ਕਛ ਰਹਿਓ ਪਲੈ ।... ਗੋਲੀ ਦਾਰੂ ਕਹੂੰ ਪਹੁੰਚੈ ਨਾਹੀ । ਕਾ ਸਿੰਘ ਸੁ ਕਰੇ ਲਰਾਈ। ... ਆਟਾ ਦਾਣਾ ਨਹੀ ਕਿਆ ਪਾਵੈ । ਪਾਣੀ ਵੀ ਤਹਿ ਹੱਥ ਨਾ ਆਵੈ' ।

ਆਖਰ ਸਿੱਖਾਂ ਨੇ ਫੈਸਲਾ ਕੀਤਾ ਕਿ ਇੱਕ ਜੱਥਾ ਪਹਾੜੀਆਂ ਵਲ ਵਧੇ, ਦੂਸਰਾ ਕਿਸੇ ਤਰ੍ਹਾਂ ਰਾਵੀ ਪਾਰ ਕਰੇ, ਤੀਜਾ ਲਖਪਤ ਰਾਇ ਦੀਆਂ ਫੌਜਾਂ ਦਾ ਟਾਕਰਾ ਕਰੇ। ਇਸ ਫੈਸਲੇ ਅਨੁਸਾਰ ਕੁਝ ਸਿੰਘ ਪਹਾੜੀਆਂ ਤੇ ਚੜ੍ਹ ਗਏ, ਰਾਵੀ ਤੇਜ਼ ਵਹਾ ਦਾ ਅੰਦਾਜ਼ਾ ਲਾਣ ਲਈ ਪਹਿਲਾਂ ਸਰਦਾਰ ਗੁਰਦਿਆਲ ਸਿੰਘ ਡਲੇ-ਵਾਲੀਆ ਅਤੇ ਉਸਦੇ ਭਰਾ ਨੇ ਅਪਣੇ ਘੋੜੇ ਰਾਵੀ ਵਿੱਚ ਠੇਲ੍ਹੇ। ਪਰ ਉਹ ਲਹਿਰਾਂ ਦੇ ਤੇਜ਼ ਵਹਾ ਦਾ ਸਾਹਮਣਾ ਨਾ ਕਰ ਸਕੇ। ਜਿਸ ਕਾਰਣ ਹੋਰ ਕਿਸੇ ਨੇ ਰਾਵੀ ਪਾਰ ਕਰਨ ਬਾਰੇ ਸੋਚਣਾ ਵੀ ਮੁਨਾਸਬ ਨਾ ਸਮਝਿਆ ਤੇ ਉਹ ਪੈਦਲ ਚਲ ਹੀ ਪਹਾੜੀਆਂ ਪਾਰ ਕਰਨ ਤੁਰ ਪਏ। ਬਾਕੀ ਜੋ ਰਹਿ ਗਏ ਉਹ ਲਖਪਤ ਰਾਇ ਦੀਆਂ ਫੌਜਾਂ ਪੁਰ ਟੁੱਟ ਪਏ। ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਅਤੇ ਸਰਦਾਰ ਸੁਖਾ ਸਿੰਘ ਨੇ ਵੱਖ-ਵੱਖ ਮੋਰਚੇ ਸੰਭਾਲ ਲਏ। ਇਸ ਹਥੋ-ਹੱਥ ਲੜਾਈ ਦੌਰਾਨ ਇੱਕ ਮੌਕਾ ਅਜਿਹਾ ਵੀ ਆਇਆ, ਜਦੋਂ ਸਰਦਾਰ ਸੁਖਾ ਸਿੰਘ ਲਖਪਤ ਰਾਇ ਦਾ ਸਿਰ ਵਢਣ ਤਕ ਜਾ ਪੁਜਿਆ। ਪਰ ਅਚਾਨਕ ਹੀ ਤੋਪ ਦਾ ਇੱਕ ਗੋਲਾ ਉਸਦੇ ਘੋੜੇ ਨੂੰ ਆ ਵਜਾ ਜਿਸ ਨਾਲ ਉਸਦੀ ਲੱਤ ਜ਼ਖਮੀ ਹੋ ਗਈ ਤੇ ਉਸਨੂੰ ਪਿਛੇ ਹੱਟਣ ਤੇ ਮਜਬੂਰ ਹੋਣਾ ਪੈ ਗਿਆ। ਦੂਜੇ ਪਾਸੇ ਸਰਦਾਰ ਜੱਸਾ ਸਿੰਘ ਨੂੰ ਵੀ ਪੱਟ ਤੇ ਗੋਲੀ ਲਗੀ, ਉਸ ਫੱਟ ਨੂੰ ਬੰਨ੍ਹ ਮੁੜ ਮੋਰਚੇ ਤੇ ਡੱਟ ਗਿਆ। ਨਵਾਬ ਕਪੂਰ ਸਿੰਘ ਤੇ ਵੀ ਮਾਰੂ ਹਮਲਾ ਹੋਇਆ, ਪਰ ਉਹ ਵੀ ਕਿਸੇ ਤਰ੍ਹਾਂ ਬੱਚ ਗਿਆ। ਭਾਈ ਰਤਨ ਸਿੰਘ ਭੰਗੂ ਨੇ ਇਸ ਸਮੇਂ ਦੇ ਹਾਲਾਤ ਦਾ ਵਰਣਨ ਇਨ੍ਹਾਂ ਸ਼ਬਦਾਂ ਵਿੱਚ ਕੀਤਾ : 'ਕੇਹਰਿ ਜਿਉਂ ਭਭਕਾਰ ਇਤ ਉਤ ਸਿੰਘ ਪਰੈ ਦਸ ਬੀਸ ਕਦਾਂਈ । ਸਿੰਘ ਸ਼ਹੀਦ ਚਹੈ ਸਭ ਹੋਵਨ, ਤੁਰਕ ਲਰੈ ਨਿਜ ਜਾਨ ਬਚਾਈ' ।

ਆਖਰ ਫੈਸਲਾ ਹੋਇਆ ਕਿ ਇਸ ਸਮੇਂ ਦੁਸ਼ਮਣ ਦਾ ਮੁਕਾਬਲਾ ਕਰਨਾ ਸਹਿਜ ਨਹੀਂ, ਇਸ ਕਾਰਣ ਸਾਰਿਆਂ ਨੂੰ ਖਿੰਡ-ਪੁੰਡ ਜਾਣਾ ਚਾਹੀਦਾ ਹੈ। 'ਮੁੜ ਮੁੜ ਲੜੋ ਐ ਤੁਰਦੇ ਜਵੋ । ਘੋਰ ਵੱਡਾ ਕੋ ਝਲ ਤਕਾਵੋ' ।

ਇਸਤਰ੍ਹਾਂ ਸਿੱਖ ਦੁਸ਼ਮਣ ਨਾਲ ਜੂਝਦੇ, ਮਰਦੇ-ਮਾਰਦੇ ਸ਼ਹੀਦ ਹੁੰਦੇ ਗਏ। ਜੋ ਬਚੇ ਰਾਵੀ ਦੇ ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰ ਰੇਤਲੇ ਮੈਦਾਨਾਂ ਵਲ ਨਿਕਲ ਗਏ। ਪੰਥ ਪ੍ਰਕਾਸ਼ ਦੇ ਲੇਖਕ ਦੇ ਸ਼ਬਦਾਂ ਵਿੱਚ ਸਿੱਖਾਂ ਦੀ ਦਸ਼ਾ ਅਜਿਹੀ ਹੋ ਗਈ ਸੀ ਕਿ : 'ਬੇਟਾ ਮਿਲਯੋ ਨਾ ਬਾਪ ਕੋ । ਭਾਈ ਮਿਲਿਯੋ ਨਾ ਭਾਈ'।

ਲਖਪਤ ਰਾਇ ਸਿੱਖਾਂ ਦਾ ਪਿਛਾ ਕਰਦਾ ਰਿਹਾ। ਇੱਕ ਅਨੁਮਾਨ ਅਨੁਸਾਰ ਇਸ ਸੰਘਰਸ਼ ਵਿੱਚ ਸਿੰਘਾਂ ਦੇ ਸ਼ਹੀਦ ਹੋਣ ਦੀ ਗਿਣਤੀ ਵੱਖ-ਵੱਖ ਲੇਖਕਾਂ ਵਲੋਂ 30 ਤੋਂ 49 ਹਜ਼ਾਰ ਤਕ ਦਸੀ ਜਾਂਦੀ ਹੈ, ਪ੍ਰੰਤੂ ਬਹੁਤੇ ਲੇਖਕਾਂ ਨੇ ਇਸ ਘਲੂਘਾਰੇ ਵਿੱਚ ਲਗਭਗ 10 ਹਜ਼ਾਰ ਸਿੰਘਾਂ ਦਾ ਸ਼ਹੀਦ ਹੋਣਾ ਸਵੀਕਾਰਿਆ ਹੈ। ਸਿੱਖ ਇਤਿਹਾਸ ਵਿੱਚ ਇਸਨੂੰ ਕਾਂਡ ਨੂੰ ਪਹਿਲੇ ਤੇ ਛੋਟੇ ਘਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਜੋ ਸੰਨ 1776 ਵਿੱਚ ਪਹਿਲੀ ਜੂਨ ਤੋਂ 30 ਜੂਨ ਦੇ ਵਿਚਕਾਰ ਵਾਪਰਿਆ । ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ :

'ਭਯੋ ਘਲੂਘਾਰਾ ਭਾਰਾ ਕਹਿਰ ਕਹਾਰਾ । ਤਹਿ ਜੁੱਝੇਂਗੇ ਹਜ਼ਾਰਾ ਸਿੰਘ ਤੁਰਕਨ ਕੋ ਘਾਇਕੈ।
ਯਾ ਬਿਧ ਕਰਤ ਜੰਗ ਲਰਤ ਭਿਰਤ । ਸਿੰਘ ਮਾਰਤ ਬਹੁ ਹੂਲ ਹਾਲ ਪਾਇਕੈ ।
ਦਹੂੰ ਦਿਸ਼ ਤੁਰਕ ਪਹਾੜੀਏ ਲਰਤ ਜਾਹਿ ਮੱਧ । ਦਲ ਸਿੰਘਨ ਕਾ ਚਲਯੋ ਤਬ ਧਾਇਕੈ ।
ਯਾ ਬਿਧ ਲਰਤ ਗਏ ਲਾਗ ਦੋਇ ਤੀਨ ਕੋਸ । ਸੂਰਜ ਅਥੈ ਯੋ ਛਯੋ ਅੰਧਕਾਰ ਆਇਕੈ।

## ਮਿੰਨੀ ਕਹਾਣੀ

-ਰਮੇਸ਼ ਬੱਗਾ ਚੋਹਲਾ
ਮੋਬ:9463132719

# ਮਾਸਟਰ ਬਗੀਚਾ ਸਿੰਘ

ਕੋਰੋਨਾ ਦੇ ਕਹਿਰ ਕਾਰਨ ਸਰਕਾਰੀ ਤੇ ਨਿੱਜੀ ਸਕੂਲ ਅਚਾਨਕ ਬੰਦ ਹੋ ਗਏ ਸਨ।ਵਿਦਿਆਰਥੀਆਂ ਦੇ ਵਿਦਿਅਕ ਘਾਪੇ ਨੂੰ ਪੂਰਾ ਕਰਨ ਹਿੱਤ ਇਸ ਵਾਰੀ ਸਕੂਲ ਸਿੱਖਿਆ ਵਿਭਾਗ ਵੱਲੋਂ ਆਨਲਾਈਨ ਪੜ੍ਹਾਈ ਦਾ ਬੰਦੋਬਸਤ ਕੀਤਾ ਗਿਆ।ਸਰਦੇ-ਪੁੱਜਦੇ ਵਿਦਿਆਰਥੀਆਂ ਦੇ ਗਰੁੱਪ ਬਣਾ ਕੇ ਵਿਸ਼ਾ ਅਧਿਆਪਕ ਆਪੋ ਆਪਣੇ ਵਿਸ਼ੇ ਦੀ ਪੜ੍ਹਣ ਸਮੱਗਰੀ ਤਾਲਿਬਇਲਮਾਂ ਨੂੰ ਭੇਜ ਰਹੇ ਸਨ।ਅੰਗਰੇਜ਼ੀ ਮਾਸਟਰ ਬਗੀਚਾ ਸਿੰਘ ਹੈ ਤਾਂ ਕੁੱਝ ਪੁਰਾਣੇ ਮਾਡਲ ਦਾ ਪਰ ਉਹ ਆਪਣੇ ਕਿੱਤੇ (ਅਧਿਆਪਨ) ਨੂੰ ਪੂਰੀ ਤਰ੍ਹਾਂ ਸਮਰਪਿਤ ਰਿਹਾ ਹੈ।ਰੱਬ ਦੇ ਰੰਗਾਂ ਅਤੇ ਸਰਕਾਰੀ ਹੁਕਮਾਂ ਨੂੰ ਸਿਰ ਮੱਥੇ ਮੰਨਦੇ ਹੋਏ ਮਾਸਟਰ ਬਗੀਚਾ ਸਿੰਘ ਨੇ (ਆਪਣੇ ਫ਼ਰਜ਼ੰਦ ਦੀ ਸਹਾਇਤਾ ਨਾਲ) ਸਬੰਧਤ ਜਮਾਤਾਂ ਵਿਚ ਆਪਣੇ ਵਿਸ਼ੇ-ਵਸਤੂ ਦਾ ਵਹਾਅ ਸ਼ੁਰੂ ਕਰ ਦਿੱਤਾ।ਵਿਸ਼ਾ ਸਮੱਗਰੀ ਨੂੰ ਲਾਈਨ 'ਤੇ ਪਾਉਣ ਤੋਂ ਬਾਅਦ ਮਾਸਟਰ ਜੀ ਨੂੰ ਕੁੱਝ ਕੁ ਸਮਾਰਟ ਫ਼ੋਨ ਵਾਲੇ ਸਮਾਰਟ ਵਿਦਿਆਰਥੀਆਂ ਵੱਲੋਂ ਚੰਗਾ ਹੁੰਗਾਰਾ ਵੀ ਮਿਲਣਾ ਸ਼ੁਰੂ ਹੋ ਗਿਆ।ਉਹ ਖ਼ੁਸ਼ ਸਨ ਪਰ ਉਨ੍ਹਾਂ ਦੀ ਇਹ ਖ਼ੁਸ਼ੀ ਬਹੁਤਾ ਚਿਰ ਸਥਾਈ ਨਾ ਰਹੀ ਕਿਉਂਕਿ ਉਨ੍ਹਾਂ ਦੇ ਇੱਕ ਪਿਆਰੇ ਅਤੇ ਮਿਹਨਤੀ ਵਿਦਿਆਰਥੀ ਪ੍ਰਿਅੰਸ਼ੂ ਦਾ ਕੁੱਝ ਕੁ ਦਿਨਾਂ ਬਾਅਦ ਰਿਸਪਾਂਸ ਮਿਲਣਾ ਬੰਦ ਹੋ ਗਿਆ।ਦੋ ਦਿਨ ਦੀ ਉਡੀਕ ਤੋਂ ਬਾਅਦ ਬਗੀਚਾ ਸਿੰਘ ਨੇ ਉਸ ਨੂੰ ਫ਼ੋਨ ਲਗਾ ਲਿਆ ਅਤੇ ਹੁੰਗਾਰਾ ਭਰਨ ਵਿਚ ਆਈ ਖੜੋਤ ਬਾਰੇ ਪੁੱਛਿਆ।

ਪ੍ਰਿਅੰਸ਼ੂ ਨੇ ਦੱਸਿਆ ਕਿ ਉਸ ਦਾ ਨੈੱਟ-ਪੈਕ ਖ਼ਤਮ ਹੋ ਗਿਆ ਹੈ।ਲਾਕਡਾਊਨ ਕਾਰਨ ਬਾਜ਼ਾਰ ਪੂਰੀ ਤਰ੍ਹਾਂ ਬੰਦ ਹਨ,ਇਸ ਕਰਕੇ ਉਹ ਹੁਣ ਆਨਲਾਈਨ ਨਹੀਂ ਰਹਿ ਸਕਦਾ।'

ਇਸ ਤਕਨੀਕੀ ਅਤੇ ਕੋਰੋਨਿਕ ਸਮੱਸਿਆ ਦਾ ਭਾਵੇਂ ਮਾਸਟਰ ਬਗੀਚਾ ਸਿੰਘ ਕੋਲ ਕੋਈ ਠੋਸ ਹੱਲ ਨਹੀਂ ਸੀ ਪਰ ਉਹ ਆਪਣੇ ਇਸ ਵਿਦਿਆਰਥੀ ਨੂੰ ਪੜ੍ਹਾਈ ਦੀ ਲਾਈਨ 'ਤੇ ਜ਼ਰੂਰ ਰੱਖਣਾ ਚਾਹੁੰਦਾ ਸੀ।ਆਪਣੀ ਇਸ ਚਾਹਤ ਨੂੰ ਜਵਾਨ ਰੱਖਦਿਆਂ ਮਾਸਟਰ ਜੀ ਨੇ ਆਪਣਾ ਮੂੰਹ ਰੁਮਾਲ ਨਾਲ ਢੱਕਿਆ,ਰਾਹਦਾਰੀ ਦੇ ਤੌਰ 'ਤੇ ਇੱਕ ਪੁਰਾਣਾ ਦਵਾਈਆਂ ਵਾਲਾ ਕਾਰਡ ਆਪਣੇ ਹੈਂਡ-ਬੈਗ ਵਿਚ ਪਾਇਆ ਅਤੇ ਵੇਹੜੇ ਵਿਚ ਖੜ੍ਹੇ ਐਕਟਿਵਾ ਨੂੰ ਕਿੱਕ ਮਾਰ ਦਿੱਤੀ।



ਮਿੰਟੂ ਬਰਾੜ
+61 434 289 905
mintubrar@gmail.com

# ਲੋਕ ਗਾਇਕ ਜਾਂ ਮੋਕ ਗਾਇਕ?

'ਵਿਵਾਦ', ਮਸ਼ਹੂਰੀ ਅਤੇ ਸਫਲਤਾ ਲੈਣ ਦਾ ਇਕ ਸਭ ਤੋਂ ਕਾਰਗਰ ਤੇ ਸੁਖਾਲਾ ਹਥਿਆਰ ਹੈ। ਜਿਸ ਨੂੰ ਅਕਸਰ ਸੁਨਹਿਰੀ ਦੁਨੀਆ ਦੇ ਲੋਕ ਬੜੀ ਬਾਖੂਬੀ ਨਾਲ ਵਰਤਦੇ ਰਹਿੰਦੇ ਹਨ। ਆਮ ਜਨਤਾ ਇਹਨਾਂ ਦਾ ਸ਼ਿਕਾਰ ਹੁੰਦੀ ਹੈ। ਕਦੇ ਇਹ ਜਨਤਾ ਦੀ ਜੇਬ ਕੁਤਰਦੇ ਹਨ ਤੇ ਕਦੇ ਭਾਵਨਾਵਾਂ। ਖ਼ਾਸ ਕਰ ਜੇ ਪੰਜਾਬੀ ਗਾਇਕਾਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਸਸਤੀ ਸ਼ੁਹਰਤ ਦੇ ਭੁੱਖੇ ਤੁਹਾਨੂੰ ਆਮ ਹੀ ਦੇਖਣ 'ਚ ਮਿਲ ਜਾਣਗੇ।

ਜਿਨ੍ਹਾਂ ਗਾਇਕਾਂ ਨੇ ਆਪਣਾ ਜ਼ਮੀਰ ਨਹੀਂ ਵੇਚਿਆ ਤੇ ਮਿਆਰ ਕਾਇਮ ਰੱਖਿਆ ਉਨ੍ਹਾਂ ਨੂੰ ਸਦਾ ਸਲਾਮ ਹੈ। ਪਰ ਜਿਹੜੇ ਅੱਜ ਦੀ ਜਵਾਨੀ ਨੂੰ ਗੁੰਮ ਰਾਹ ਕਰ ਰਹੇ ਹਨ ਉਨ੍ਹਾਂ ਲਈ ਹੈ ਇਹ ਲੇਖ।



ਪਾਠਕਾਂ ਤੋਂ ਅਗਾਊਂ ਮਾਫ਼ੀ ਇਸ ਲਈ ਮੰਗ ਰਿਹਾ ਹਾਂ ਕਿ ਜੋ ਸ਼ਬਦ ਅੱਜ ਦੇ ਇਸ ਲੇਖ 'ਚ ਲਿਖੇ ਜਾਣਗੇ ਉਹ ਮੇਰੇ ਕਿਰਦਾਰ ਦਾ ਹਿੱਸਾ ਨਹੀਂ ਹਨ। ਮਾਫ਼ੀ ਸਿਰਫ਼ ਪਾਠਕਾਂ ਤੋਂ ਹੈ ਕਿਉਂਕਿ ਉਹ ਮੇਰੇ ਤੋਂ ਮੰਦੀ ਭਾਸ਼ਾ ਦੀ ਆਸ ਨਹੀਂ ਕਰਦੇ, ਨਾ ਕਿ ਉਨ੍ਹਾਂ ਲੋਕਾਂ ਤੋਂ ਜੋ ਆਪਣੇ ਕਹੇ ਤੇ ਖੜ੍ਹਨ ਦੀ ਹਿੰਮਤ ਨਹੀਂ ਰੱਖਦੇ।

ਲੇਖ ਲਿਖਣ ਦਾ ਕਾਰਨ ਹੈ, ਤੇਜ਼ੀ ਨਾਲ ਆਇਆ ਤੇ ਉਨੀ ਹੀ ਤੇਜ਼ੀ ਨਾਲ ਗਿਆ ਗੀਤ 'ਮੇਰਾ ਕੀ ਕਸੂਰ'। ਜੋ ਕਿ 'ਬੀਰ ਸਿੰਘ' ਵੱਲੋਂ ਲਿਖਿਆ ਤੇ 'ਰਣਜੀਤ ਬਾਵਾ' ਵੱਲੋਂ ਗਾਇਆ ਗਿਆ ਸੀ। ਭਾਵੇਂ ਗੀਤ ਨੂੰ ਹਰ ਥਾਂ ਤੋਂ ਵਾਪਸ ਲੈ ਕੇ ਗਾਇਕ ਨੇ ਅਫ਼ਸੋਸ ਜਤਾ ਲਿਆ ਹੈ। ਉਸ ਦਾ ਮੰਨਣਾ ਹੈ ਕਿ ਮੈਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ।

ਅੱਜ ਜਦੋਂ ਇਸ ਗੱਲ ਦੀਆਂ ਖ਼ਬਰਾਂ ਬਣੀਆਂ ਤਾਂ ਮੈਂ ਆਪਣੇ ਇਕ ਮਿੱਤਰ ਗੁਰਪ੍ਰੀਤ ਸਿੰਘ ਗਿੱਲ ਨਾਲ ਗੱਲ ਕਰਦਾ ਕਹਿ ਬੈਠਾ ਕਿ ਆਹ ਜੋ ਪੰਜਾਬੀ 'ਲੋਕ ਗਾਇਕ' ਹਨ ਇਹਨਾਂ ਦਾ ਕੀ ਕੀਤਾ ਜਾਵੇ? ਤਾਂ ਉਹ ਮੂਹਰੇ ਕਹਿੰਦਾ ਬਾਈ ਇਹਨਾਂ ਨੂੰ 'ਲੋਕ ਗਾਇਕ' ਕਹਿਣਾ ਸ਼ੋਭਾ ਨਹੀਂ ਦਿੰਦਾ ਲੋਕ ਗਾਇਕ ਤਾਂ ਉਹ ਹੁੰਦੇ ਹਨ ਜੋ ਆਮ ਲੋਕਾਂ ਦੀਆਂ ਮੁਸੀਬਤਾਂ ਨੂੰ ਹਾਕਮਾਂ ਮੂਹਰੇ ਹਿੱਕ ਤਾਣ ਕੇ ਗਾਉਂਦੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਬਹੁਤ ਸਾਰੇ ਅਫ਼ਰੀਕਨ ਗਾਇਕ 'ਲੋਕ ਗਾਇਕ' ਕਹਾਉਣ ਦੇ ਹੱਕਦਾਰ ਹਨ। ਮੈਂ ਕਿਹਾ ਫੇਰ ਇਹਨਾਂ ਨੂੰ ਕੀ ਕਿਹਾ ਜਾਵੇ? ਤਾਂ ਉਹ ਬੜੇ ਹੀ ਸਹਿਜ 'ਚ ਕਹਿੰਦਾ 'ਲੋਕ' ਦੀ ਥਾਂ 'ਮੋਕ' ਕਹਿ ਸਕਦੇ ਹੋ ਬਾਈ, ਕਿਉਂਕਿ ਇਹ ਆਪਣੇ ਗਿੱਟੇ ਲਿਬੇੜਦੇ ਬਿੰਦ ਨਹੀਂ ਲਾਉਂਦੇ। ਸੋ ਸਹਿਜੇ ਹੀ ਗੁਰਪ੍ਰੀਤ ਅੱਜ ਦੇ ਇਸ ਲੇਖ ਦਾ ਸਿਰਲੇਖ ਮੈਨੂੰ ਦੇ ਗਿਆ।

ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਦੀ ਜਵਾਨੀ ਦੇ ਆਦਰਸ਼ ਜ਼ਿਆਦਾਤਰ ਲੋਕ ਗਾਇਕ ਤੇ ਫ਼ਿਲਮੀ ਨਾਇਕ ਹਨ। ਅਸਲ ਜ਼ਿੰਦਗੀ ਦੇ ਨਾਇਕ ਤਾਂ ਸਿਰਫ਼ ਕਿਤਾਬਾਂ 'ਚ ਹੀ ਸਿਮਟ ਕੇ ਰਹਿ ਗਏ ਹਨ।

ਦੇਸ਼ ਦੀ ਜਵਾਨੀ ਖ਼ਿਆਲੀ ਪੁਲਾਅ ਦੇ ਗੀਤ ਸੁਣਦੀ ਹੈ ਤੇ ਫੇਰ ਆਪਣੇ ਆਦਰਸ਼ਾਂ 'ਤੇ ਟਿਕ-ਟਾਕ ਬਣਾ ਕੇ ਦੇਸ਼ ਦਾ ਭਵਿੱਖ ਸਿਰਜਣ 'ਚ ਵਿਅਸਤ ਹੈ।

ਇਹ ਵੀ ਅਫ਼ਸੋਸ ਹੈ ਕਿ ਪਿਛਲੇ ਇਕ ਸਾਲ 'ਚ ਇਹਨਾਂ 'ਚੋਂ ਕਈ ਆਦਰਸ਼ ਜੋ ਗੀਤਾਂ 'ਚ ਆਪਣੇ ਆਪ ਨੂੰ 'ਫੰਨੇ ਖਾਂ' ਦੱਸਦੇ ਸਨ ਪਰ ਜਦੋਂ ਵਾਹ ਪਿਆ ਤਾਂ ਗਿੱਟੇ ਲਿਬੇੜ ਗਏ। ਜਿਨ੍ਹਾਂ 'ਚ ਜ਼ਿਕਰਯੋਗ ਐਲੀ ਮਾਂਗਟ, ਮੂਸੇ ਵਾਲਾ ਅਤੇ ਹੁਣ ਰਣਜੀਤ ਬਾਵਾ ਤੁਹਾਡੇ ਸਾਹਮਣੇ ਹੈ।

ਗੱਲ ਰਣਜੀਤ ਬਾਵਾ ਦੀ ਕਰਦੇ ਹਾਂ। ਸ਼ੁਰੂ 'ਚ ਚੰਗਾ ਗਾਇਆ ਤੇ ਲੋਕਾਂ ਨੇ ਉਨ੍ਹਾਂ ਕੋਲੋਂ ਉਹੋ ਜਿਹੀਆਂ ਉਮੀਦਾਂ ਰੱਖ ਲਈਆਂ। ਫੇਰ ਜਦੋਂ ਅਚਾਨਕ ਸਲਵਾਰਾਂ ਦੇ ਪੌਂਚੇ ਮਿਣਨ ਲੱਗ ਪਿਆ ਤਾਂ ਥੋੜ੍ਹੀ ਬਹੁਤ ਥੂ-ਥੂ ਵੀ ਹੋਈ। ਪਰ ਇਹੋ ਜਿਹੇ ਮੌਕਿਆਂ ਤੇ ਸਾਡੇ ਇਹਨਾਂ ਗਾਇਕਾਂ ਦੇ ਤਰਕਸ਼ 'ਚ ਇੱਕ ਧਾਰਮਿਕ ਤੀਰ ਹੁੰਦਾ ਹੈ ਫੇਰ ਇਹ ਉਹ ਚਲਾ ਦਿੰਦੇ ਹਨ ਤੇ ਭੋਲੀ-ਭਾਲੀ ਜਨਤਾ ਭੁੱਲਣਹਾਰ ਹੈ ਤੇ ਭੁੱਲ ਜਾਂਦੀ ਹੈ। ਬਿਨਾਂ ਸ਼ੱਕ ਚੰਗਾ ਵੀ ਬਹੁਤ ਕੁਝ ਗਾਇਆ, ਇਸ ਚੰਗੇ ਦੀ ਲੜੀ 'ਚ ਹੀ ਸੀ 'ਮੇਰਾ ਕੀ ਕਸੂਰ'। ਪਰ ਅਫ਼ਸੋਸ ਜਦੋਂ ਮਾੜਾ ਗਾਇਆ ਹਿੱਕ ਠੋਕ ਕੇ ਪਹਿਰਾ ਦਿੱਤਾ ਪਰ ਜਦੋਂ ਕੁਝ ਚੰਗਾ ਗਾਇਆ ਤਾਂ ਮੈਦਾਨ ਛੱਡ ਗਏ।

ਇਸ ਵਿਸ਼ੇ ਤੇ ਮੇਰਾ ਇੱਕ ਮਿੱਤਰ ਮਨਪ੍ਰੀਤ ਕਹਿੰਦਾ ਕਿ ਬਾਈ ਇਸ ਦਾ ਇਕ ਪਹਿਲੂ ਇਹ ਵੀ ਹੋ ਸਕਦਾ ਹੈ ਕਿ ਬਾਵੇ ਦੇ ਪਰਵਾਰ ਨੇ ਉਸ ਨੂੰ ਰੋਕ ਦਿੱਤਾ ਹੋਵੇ ਕਿਉਂਕਿ ਉਸ ਨੇ ਬਚਪਨ 'ਚ ਆਪਣੇ ਬਾਪ ਨੂੰ ਖੋਹ ਦਿੱਤਾ ਸੀ। ਮੈਂ ਉਸ ਨਾਲ ਇਸ ਗੱਲ 'ਤੇ ਕੁਝ ਹੱਦ ਤੱਕ ਸਹਿਮਤ ਹਾਂ ਖ਼ੁਦ ਇਸ ਦੌਰ 'ਚੋਂ ਲੰਘਿਆ ਹਾਂ। ਪਰ ਫੇਰ ਉਸ ਦਾ ਪਰਵਾਰ ਦੋਸ਼ੀ ਹੈ ਕਿਉਂਕਿ ਉਸ ਵਕਤ ਪਰਵਾਰ ਨੇ ਕਿਉਂ ਨਹੀਂ ਰੋਕਿਆ ਜਦੋਂ ਲੋਕਾਂ ਦੀਆਂ ਧੀਆਂ ਦੀਆਂ ਮਿਣਤੀਆਂ ਕਰਦਾ ਸੀ ਜਾਂ ਫੇਰ ਚੌਕ 'ਚ ਬੰਦੇ ਮਾਰਨ ਦੀਆਂ ਗੱਲਾਂ ਕਰਦਾ ਸੀ।

ਇਕ ਪਹਿਲੂ ਜੋ ਹੋਰ ਵਿਚਾਰਨਯੋਗ ਹੈ ਉਹ ਹੈ ਜੇਕਰ ਅਸੀਂ ਕੋਈ ਸੂਰਬੀਰਤਾ ਵਾਲੀ ਕਵਿਤਾ, ਕਹਾਣੀ, ਕਿਤਾਬ ਜਾਂ ਫੇਰ ਕੋਈ ਫ਼ਿਲਮ ਦੇਖ ਲਈਏ ਤਾਂ ਪਿੰਡੇ 'ਤੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਤੇ ਦਿਲ 'ਚ ਵੀ ਇਕ ਜਜ਼ਬਾ ਆ ਜਾਂਦਾ ਹੈ ਤੇ ਕਈਆਂ ਦਾ ਮੈਂ ਜੀਵਨ ਵੀ ਸਿਰਫ਼ ਇਕ ਘਟਨਾ ਨਾਲ ਬਦਲਦੇ ਦੇਖਿਆ। ਪਰ ਬਾਵੇ ਦੇ ਮਾਮਲੇ 'ਚ ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਉਸ ਨੇ 'ਤੂਫ਼ਾਨ ਸਿੰਘ' ਫ਼ਿਲਮ 'ਚ ਇਕ ਇਹੋ ਜਿਹਾ ਚਰਿੱਤਰ ਜੀਵਿਆ ਜੋ ਕੌਮ ਦੀ ਅਣਖ ਲਈ ਸਭ ਕੁਰਬਾਨ ਕਰ ਗਿਆ। ਲੰਮੇ ਚਿਰ 'ਚ ਇਹ ਫ਼ਿਲਮ ਬਣੀ ਸੀ ਪਰ ਪਤਾ ਨਹੀਂ ਕਿਉਂ ਉਹ ਰਣਜੀਤ ਨੂੰ ਇੰਨਾ ਕੁ ਹੌਸਲਾ ਵੀ ਨਹੀਂ ਦੇ ਕੇ ਗਈ ਕਿ ਅੱਜ ਉਸ ਨੂੰ ਇਕ ਸੱਚ ਬੋਲਣ ਤੇ ਭੱਜਣ ਦੀ ਲੋੜ ਨਾ ਪੈਂਦੀ।

ਭਾਵੇਂ ਅਧਿਕਾਰਤ ਤੌਰ ਤੇ ਗੀਤ ਹਟਾ ਲਿਆ ਗਿਆ ਹੈ ਪਰ ਨਿੰਜੀ ਤੌਰ ਤੇ ਹਾਲੇ ਵੀ ਬਹੁਤ ਥਾਂ ਘੁੰਮ ਰਿਹਾ ਹੈ। ਉਸ ਗੀਤ ਦੇ ਮੈਂ ਸਾਰੇ ਬੋਲ ਕਈ ਬਾਰ ਸੁਣ ਕੇ ਇਹ ਲੇਖ ਲਿਖਣ ਬੈਠਾ ਹਾਂ। ਮੈਨੂੰ ਉਸ ਗੀਤ 'ਚ ਇਕ ਵੀ ਇਹੋ ਜਿਹਾ ਸ਼ਬਦ ਨਹੀਂ ਲੱਭਿਆ ਜੋ ਝੂਠ ਹੋਵੇ। ਗੀਤਕਾਰ ਬੀਰ ਸਿੰਘ ਦੀ ਕਲਮ ਦਾ ਮੈਂ ਵੀ ਇਕ ਮੁਰੀਦ ਹਾਂ। ਇਹ ਗੀਤ ਸੁਣ ਕੇ ਸਹਿਜ ਸੁਭਾਅ ਮੈਂ ਉਨ੍ਹਾਂ ਨੂੰ 'ਸ਼ਾਬਾਸ਼ ਸ਼ੇਰਾ' ਵੀ ਕਹਿ ਚੁੱਕਿਆ ਹਾਂ।

ਮੈਨੂੰ ਲਗਦਾ ਗਿੱਦੜਾ ਦੀ ਸਲਾਹ ਕਾਮਯਾਬ ਹੋ ਗਈ ਹੈ, ਜਿਨ੍ਹਾਂ ਅਖੀਰ 'ਅਖੌਤੀ ਸ਼ੇਰ' ਘੇਰ ਹੀ ਲਿਆ। ਇਕ ਸੱਚ ਬੋਲਣਾ ਤੇ ਫੇਰ ਭੱਜਣਾ, ਸਮਝ ਤੋਂ ਬਾਹਰ ਦੀ ਗੱਲ ਹੈ? ਮਾਫ਼ ਕਰਨਾ! ਫੇਰ ਤਾਂ ਇਸ ਨੂੰ 'ਮੋਕ' ਮਾਰਨਾ ਹੀ ਕਿਹਾ ਜਾਵੇਗਾ।

ਗਾਇਕ ਕਹਿ ਰਿਹਾ ਹੈ ਕਿ ਕਿਸੇ ਦਾ ਦਿਲ ਨਹੀਂ ਦਿਖਾਉਣਾ ਮੈਂ ਇਸ ਲਈ ਇਹ ਗੀਤ ਹਟਾ ਰਿਹਾ ਹਾਂ। ਪਰ ਦਿਲ ਤਾਂ ਉਦੋਂ ਵੀ ਕਈਆਂ ਦੇ ਦੁਖੇ ਹੋਣੇ ਹਨ ਜਦੋਂ ਤੁਸੀਂ ਕਿਸੇ ਦੀ ਧੀ ਵੱਲੋਂ ਪਾਏ ਕੱਪੜਿਆਂ ਨੂੰ ਦੇਖਣ ਦਾ ਨਜ਼ਰੀਆ ਬਦਲ ਦਿੱਤਾ ਸੀ। ਤੁਸੀਂ ਆਪਣੇ ਹੋਰ ਵੀ ਗੀਤ ਸੁਣ ਕੇ ਦੇਖ ਲਵੋ ਕਿਸੇ ਨਾ ਕਿਸੇ ਦਾ ਹਿਰਦਾ ਤਾਂ ਹਰ ਗੀਤ ਨੇ ਵਲੂੰਧਰਿਆਂ ਹੋਣਾ। ਇਕ ਗੀਤ 'ਚ ਚੌਂਕ 'ਚ ਗੋਲੀ ਮਾਰਨ ਤੱਕ ਦੀ ਗੱਲ ਕੀਤੀ ਜਾਂਦੀ ਹੈ।

ਪਰ ਹੁਣ ਜੇ ਮੁਤ ਅਤੇ ਇਨਸਾਨ ਦੇ ਫ਼ਰਕ ਤੇ ਸੱਚ ਬੋਲ ਦਿੱਤਾ ਤਾਂ ਕਿਹੜਾ ਲੋਹੜਾ ਆ ਗਿਆ? ਜੇ ਧਰਮ ਦੇ ਭੇਖੀਆਂ ਨੂੰ ਭੇਖੀ ਕਹਿ ਦਿੱਤਾ ਤਾਂ ਕਿਹੜੀ ਗ਼ਲਤ ਗੱਲ ਹੋ ਗਈ?

ਅਸਲ 'ਚ ਇਸ ਦਾ ਕਾਰਨ ਇਹ ਹੈ ਕਿ ਜੋ ਬਹੁ ਗਿਣਤੀ ਅਛੂਤ ਜਾਂ ਪੀੜਤ ਹਨ ਉਨ੍ਹਾਂ ਨੇ ਕੋਈ ਸ਼ਾਬਾਸ਼ ਜਾ ਆਰਥਿਕ ਫ਼ਾਇਦਾ ਨਹੀਂ ਦੇਣਾ ਸੀ। ਮੁੱਠੀ ਭਰ ਅਮੀਰ ਲੋਕਾਂ ਨੇ ਆਪਣੇ ਰਸੂਖ਼ ਅਤੇ ਪੈਸੇ ਦੇ ਜ਼ੋਰ ਤੇ ਖਾਟ ਵੀ ਖੜ੍ਹੀ ਕਰ ਦੇਣੀ ਸੀ ਤੇ ਗਾਇਕ ਦੀ ਰੋਟੀ ਚ ਵੀ ਲੱਤ ਮਾਰਨੀ ਸੀ।

ਕਿਸੇ ਨੇ ਜੇ ਤੁਹਾਡੇ ਖ਼ਿਲਾਫ਼ ਕੋਈ ਪਰਚਾ ਦਰਜ ਕਰਵਾ ਦਿੱਤਾ ਤਾਂ ਕਿਹੜਾ ਤੂਫ਼ਾਨ ਆ ਗਿਆ ਸੀ? ਅਦਾਲਤ 'ਚ ਸੱਚ ਨੂੰ ਸੱਚ ਕਹਿਣਾ ਅਤੇ ਉਸ ਨੂੰ ਸਾਬਿਤ ਕਰਨਾ ਕਿੰਨਾ ਕੁ ਔਖਾ ਸੀ? ਹੁਣ ਤੱਕ ਕਮਾਏ ਪੈਸਿਆਂ 'ਚੋਂ ਜੇ ਚਾਰ ਪੈਸੇ ਲਾ ਕੇ ਆਪਣੀ ਬੇਸ਼ਕੀਮਤੀ ਇੱਜ਼ਤ ਬਚਾ ਲਈ ਜਾਂਦੀ ਤਾਂ ਕੀ ਗ਼ਲਤ ਸੀ? ਮਿਹਨਤ ਕਰ ਕੇ ਪੈਸੇ ਇਸੇ ਲਈ ਕਮਾਏ ਜਾਂਦੇ ਹਨ ਕਿ ਲੋੜ ਪੈਣ ਤੇ ਇਹੋ ਜਿਹੇ ਫੋੜੇ ਤੇ ਲਾ ਕੇ ਇਸ ਦਾ ਇਲਾਜ ਕਰਾ ਲਿਆ ਜਾਵੇ।

ਜੇਕਰ ਗੁਰੂ ਨਾਨਕ ਦੇਵ ਜੀ ਇਹ ਸ਼ਬਦ ਉਚਾਰ ਕੇ

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥

ਭਗਤ ਕਬੀਰ ਜੀ ਇਹ ਦੋਹਾ ਲਿਖ ਕੇ

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ॥

ਅਤੇ ਭਗਤ ਨਾਮ ਦੇਵ ਜੀ ਤੁਗਲਕ ਮੂਹਰੇ ਸੱਚ ਬੋਲ ਕੇ ਮਾਫ਼ੀ ਮੰਗ ਜਾਂਦੇ ਤਾਂ ਅੱਜ ਜੋ ਆਜ਼ਾਦੀ ਅਸੀਂ ਮਾਣ ਰਹੇ ਹਾਂ, ਉਹ ਵੀ ਨਹੀਂ ਮਿਲਣੀ ਸੀ।

ਪੰਜ ਅਤੇ ਸੱਤ ਸਾਲ ਦੇ ਬਾਲ ਸਾਹਿਬਜ਼ਾਦੇ ਸੱਚ ਲਈ ਅੜ ਕੇ ਸਾਰੀ ਕਾਇਨਾਤ ਤੱਕ ਆਪਣਾ ਬਚਪਨ ਸੰਭਾਲ ਗਏ।

ਜੇ ਭਗਤ ਸਿੰਘ ਬੰਬ ਸੁੱਟ ਕੇ ਭੱਜ ਜਾਂਦਾ ਤਾਂ ਉਸ ਨੇ ਰਹਿੰਦੀ ਦੁਨੀਆ ਤੱਕ ਜਵਾਨ ਨਹੀਂ ਸੀ ਰਹਿਣਾ। ਇਹ ਸੂਰੇ ਡਰੇ ਨਹੀਂ ਅਤੇ ਨਾ ਹੀ ਵਿਕੇ ਤਾਂ ਹੀ ਇਹਨਾਂ ਦੀਆਂ ਤਸਵੀਰਾਂ ਵਿਕਦੀਆਂ।

ਅਸੀਂ ਉਸ ਗੁਰੂ ਹਰਿ ਰਾਏ ਸਾਹਿਬ ਦੇ ਸਿੱਖ ਹਾਂ ਜਿਨ੍ਹਾਂ ਆਪਣੇ ਪੁੱਤਰ ਬਾਬਾ ਰਾਮ ਰਾਏ ਨੂੰ ਸਾਰੀ ਉਮਰ ਇਸ ਲਈ ਮੱਥੇ ਨਹੀਂ ਸੀ ਲਾਇਆ ਕਿਉਂਕਿ ਉਨ੍ਹਾਂ ਨੇ ਹਕੂਮਤ ਦੇ ਡਰੋਂ 'ਮਿਟੀ ਮੁਸਲਮਾਨ ਕੀ' ਦੀ ਥਾਂ 'ਮਿਟੀ ਬੇਈਮਾਨ ਕੀ' ਕਹਿ ਦਿੱਤਾ ਸੀ।

ਬਾਵਾ ਜੀ ਜਦੋਂ ਤੁਸੀਂ ਇਸ ਗੀਤ ਦੇ ਬੋਲ ਸੁਣੇ ਹੋਣਗੇ ਜਾਂ ਗਾਇਆ ਹੋਣਾ ਉਦੋਂ ਨਹੀਂ ਪਤਾ ਸੀ ਕਿ ਦਮ ਤਾਂ ਇਕ ਦਬਕੇ ਦਾ, ਫੇਰ ਪੰਗਾ ਕਾਹਨੂੰ ਲੈਣਾ? ਇਹ ਸਤਰਾਂ ਲਿਖਦੇ ਨੂੰ ਮੈਨੂੰ ਪੂਰਾ ਪਤਾ ਕਿ ਇਹ ਤੁਹਾਡੇ ਅਤੇ ਤੁਹਾਡੇ ਜਿਹੇ ਹੋਰ ਕਈਆਂ ਦਾ ਦਿਲ ਦੁਖਾਉਣਗੀਆਂ। ਭਾਵੇਂ ਤੁਹਾਡਾ ਮਕਸਦ ਕਿਸੇ ਦਾ ਦਿਲ ਦੁਖਾਉਣਾ ਨਹੀਂ ਸੀ ਪਰ ਮੇਰਾ ਮਕਸਦ ਹੀ ਤੁਹਾਨੂੰ ਸ਼ੀਸ਼ਾ ਦਿਖਾਉਣਾ ਹੈ। ਸੋ ਅੰਜਾਮ ਜੋ ਹੋਵੇਗਾ ਭੁਗਤਾਂਗੇ।

ਬੰਦਾ ਗ਼ਲਤੀਆਂ ਦਾ ਪੁਤਲਾ ਹੈ ਤੇ ਗ਼ਲਤੀ ਹੋਣ ਤੇ ਝੁਕ ਜਾਣ 'ਚ ਕੋਈ ਬੁਰਾਈ ਨਹੀਂ। ਦੁੱਖ ਇਸ ਗੱਲ ਦਾ ਹੈ ਕਿ ਸੱਚ ਬੋਲ ਕੇ ਡਰ ਜਾਣ ਨੂੰ ਤਾਂ ਫੇਰ 'ਮੋਕ ਮਾਰਨਾ' ਹੀ ਕਿਹਾ ਜਾਵੇਗਾ। ਫੇਰ ਐਵੇਂ ਨਾ ਲੋਕਾਂ ਦੇ ਪੁੱਤਾਂ ਨੂੰ ਗੁੰਮਰਾਹ ਕਰੀ ਜਾਇਆ ਕਰੋ ਕਿ ਅਸੀਂ ਸ਼ੇਰ ਹੁੰਦੇ ਆ ਚੌਕ 'ਚ ਬੰਦਾ ਮਾਰ ਦਿੰਦੇ ਹਾਂ ਆਦਿ।

ਗ਼ਲਤ ਨੂੰ ਗ਼ਲਤ ਕਹੇ ਬਿਨਾਂ ਨਹੀਂ ਰਹਿ ਸਕਦਾ 2012 'ਚ ਐਡੀਲੇਡ ਵਿਖੇ ਹਨੀ ਸਿੰਘ ਨਾਲ ਇਕ ਮੁਲਾਕਾਤ ਕੀਤੀ ਸੀ ਉਸ ਦੇ ਮੂੰਹ ਤੇ ਸੱਚ ਬੋਲਿਆ ਸੀ। ਪਰਚਾ ਵੀ ਦਰਜ ਹੋਇਆ ਮੇਰੇ ਤੇ, ਉਸ ਦੇ ਚਾਹੁਣ ਵਾਲੇ ਇਕ ਨਹੀਂ ਹਜ਼ਾਰਾਂ ਲੋਕਾਂ ਨੇ ਗਾਲ੍ਹਾਂ ਵੀ ਕੱਢੀਆਂ। ਜੋ ਅੱਜ ਵੀ ਯੂ-ਟਿਊਬ ਤੇ ਜਾ ਕੇ ਪੜ੍ਹੀਆਂ ਜਾ ਸਕਦੀਆਂ ਹਨ। ਭਾਵੇਂ ਰੋਜ਼ ਕਮਾ ਕੇ ਖਾਣ ਵਾਲੇ ਹਾਂ ਪਰ ਉਨ੍ਹਾਂ ਸਰਮਾਏਦਾਰਾਂ ਅੱਗੇ ਝੁਕੇ ਨਹੀਂ ਸੀ। ਅੱਜ ਵੀ ਮਾਣ ਹੈ ਉਸ ਕਾਰਜ 'ਤੇ ਅਤੇ ਉਨ੍ਹਾਂ ਸਾਥੀਆਂ 'ਤੇ ਜੋ ਉਸ ਵਕਤ ਨਾਲ ਖੜੇ ਸਨ।

ਉਸ ਤੋਂ ਵੀ ਕਈ ਵਰ੍ਹੇ ਪਹਿਲਾਂ ਮੇਰੇ ਹੰਸ ਰਾਜ ਹੰਸ ਨਾਲ ਵੀ ਕੁਝ ਇਹੋ ਜਿਹੇ ਸਿੰਙ ਫਸੇ ਸਨ। ਜਦੋਂ ਉਸ ਨੇ ਆਪਣੀ ਕਲਾ ਛੱਡ ਸਮੇਂ ਦੇ ਹਾਕਮਾਂ ਦੇ ਡਰ 'ਚ ਸਸਤਾ ਆਟਾ ਦਾਲ ਵੇਚਣਾ ਸ਼ੁਰੂ ਕਰ ਦਿੱਤਾ ਸੀ। ਅੱਜ ਵੀ ਉਹ ਲੇਖ "ਹੁਣ ਸਾਡੇ ਰਾਜ ਗਾਇਕ ਸਸਤਾ ਆਟਾ ਦਾਲ ਵੇਚਿਆ ਕਰਨਗੇ" ਸਿਰਲੇਖ ਥੱਲੇ ਆਨ ਲਾਈਨ ਪੜ੍ਹਿਆ ਜਾ ਸਕਦਾ ਹੈ।

ਰਣਜੀਤ ਤਾਂ ਸਿਰਫ਼ ਇਹ ਲੇਖ ਲਿਖਣ ਦਾ ਸਬੱਬ ਬਣ ਗਿਆ। ਨਿੱਜੀ ਤੌਰ ਤੇ ਮੇਰਾ ਉਸ ਨਾਲ ਕੋਈ ਵੱਟ ਦਾ ਰੌਲਾ ਨਹੀਂ ਹੈ। ਬਿਨਾਂ ਆਖਿਆ ਨਹੀਂ ਰਹਿ ਸਕਦਾ, ਬਿਨਾਂ ਖਾਧਿਆਂ ਰਹਿ ਸਕਦਾ ਹਾਂ।

ਡਾ ਜੇ ਡੀ ਚੌਧਰੀ ਦੀ ਇਕ ਕਵਿਤਾ ਜੋ ਮੈਨੂੰ ਸਦਾ ਪ੍ਰੇਰਦੀ ਰਹੀ ਹੈ ਕਿ ;

ਕੋਈ ਵੀ ਗੱਲ ਸੁਣ ਸਕਦਾ ਹਾਂ,
ਕੋਈ ਵੀ ਗੱਲ ਕਹਿ ਸਕਦਾ ਹਾਂ,
ਬਿਨਾਂ ਆਖਿਆ ਨਹੀਂ ਰਹਿ ਸਕਦਾ,
ਬਿਨਾਂ ਖਾਧਿਆਂ ਰਹਿ ਸਕਦਾ ਹਾਂ।
ਉਹ ਖੇਤਾਂ ਵਿਚ ਖੜੇ ਡਰਾਉਣੇ,
ਨਾਲੋਂ ਵੱਧ ਕੁਝ ਹੋਰ ਨਹੀਂ,
ਜੋ ਵੀ ਮੇਰਾ ਰਾਹ ਰੋਕੇਗਾ,
ਮੈਂ ਉਹਦੇ ਸੰਗ ਖਹਿ ਸਕਦਾ।
ਬਦਲ ਰਹੇ ਮੌਸਮ ਦੇ ਕੋਲੋਂ,
ਤੈਨੂੰ ਚਿੰਤਾ ਹੋ ਸਕਦੀ ਹੈ,
ਮੈਂ ਗਰਮੀ ਚੋਂ ਵੀ ਲੰਘਿਆਂ ਹਾਂ,
ਤੇ ਸਰਦੀ ਵੀ ਸਹਿ ਸਕਦਾ ਹਾਂ।
ਜੇ ਕਰ ਵਹਿੰਦੇ ਪਾਣੀ ਦੇ ਸੰਗ,
ਵਹਿ ਜਾਣਾ ਫ਼ਿਤਰਤ ਹੈ ਤੇਰੀ,
ਤੂੰ ਕਿੰਝ ਇਹ ਸੋਚ ਲਿਆ,
ਮੈਂ ਤੇਰੇ ਸੰਗ ਵਹਿ ਸਕਦਾ ਹਾਂ।
ਅਣਜਾਣੀ ਵੱਡੀ ਮਹਿਫ਼ਲ ਵਿਚ,
ਜਾਹ ਕੇ ਗ਼ੈਰ ਸਦਾਵਣ ਦੇ ਥਾਂ,
ਮੈਂ ਕੱਲਾ ਹੀ ਉੱਠ ਸਕਦਾ ਹਾਂ,
ਮੈਂ ਕੱਲਾ ਹੀ ਬਹਿ ਸਕਦਾ ਹਾਂ।

ਉਮੀਦ ਤੇ ਦੁਨੀਆ ਕਾਇਮ ਹੈ ਤਾਂ ਹੀ ਉਮੀਦ ਹੈ ਕਿ 'ਨਾਨਕ ਦਾ ਪੁੱਤ' ਕਹਾਉਣ ਵਾਲਾ 'ਬੀਰ ਸਿੰਘ' ਇਸ ਤੋਂ ਵੀ ਸਖ਼ਤ ਸ਼ਬਦਾਂ ਦੀਆਂ ਰਚਨਾਵਾਂ ਲਿਖ ਕੇ ਤੇਰਾ-ਤੇਰਾ ਤੋਲਦਾ ਰਹੇਗਾ ਅਤੇ ਲੋਕ ਗੀਤਕਾਰ ਕਹਾਏਗਾ। ਇਸ ਤੋਂ ਬਾਅਦ ਰਣਜੀਤ ਬਾਵਾ ਤੋਂ ਉਮੀਦ ਹੈ ਕਿ ਜੇ ਸੱਚ ਗਾਉਣ ਦਾ ਹੌਸਲਾ ਨਾ ਵੀ ਕਰ ਪਾਇਆ ਤਾਂ ਘੱਟ ਤੋਂ ਘੱਟ ਜਵਾਨੀ ਨੂੰ ਗੁੰਮਰਾਹ ਕਰਨ ਵਾਲੇ ਗੀਤ ਤਾਂ ਨਹੀਂ ਗਾਏਗਾ।

ਅੰਤ 'ਚ ਫਿੱਟ ਲਾਹਨਤ ਉਨ੍ਹਾਂ ਪੁਲਿਸ ਵਾਲਿਆਂ ਨੂੰ ਜਿਨ੍ਹਾਂ ਨੂੰ ਆਪਣੇ ਫ਼ਰਜ਼ਾਂ ਤੋਂ ਵੱਧ ਮੂਸੇ ਆਲੇ ਨੂੰ ਖ਼ੁਸ਼ ਕਰਨਾ ਜ਼ਿਆਦਾ ਸਹੀ ਲੱਗਿਆ। ਬੇਨਤੀ, ਇਹਨਾਂ ਗਾਇਕਾਂ ਨੂੰ ਆਪਣੇ ਆਦਰਸ਼ ਮੰਨਣ ਵਾਲੇ ਨੌਜਵਾਨਾਂ ਨੂੰ ਹੈ ਕਿ ਰੱਜ ਰੱਜ ਜਵਾਨੀਆਂ ਮਾਣੋ। ਜੇ ਕਿਸੇ ਨੂੰ ਆਦਰਸ਼ ਹੀ ਬਣਾਉਣਾ ਹੈ ਤਾਂ ਬਹੁਤ ਉੱਚੀਆਂ ਤੇ ਸੁੱਚੀਆਂ ਸ਼ਖ਼ਸੀਅਤਾਂ ਹੋਈਆਂ ਨੇ ਦੁਨੀਆ 'ਚ, ਉਨ੍ਹਾਂ ਬਾਰੇ ਜਾਣੋ। ਹਾਂ ਮੈਂ ਨਹੀਂ ਕਹਿੰਦਾ ਕਿ ਜਵਾਨੀ ਵੇਲੇ ਤੁਸੀਂ ਮਨੋਰੰਜਨ ਨਾ ਕਰੋ। ਚੰਗੇ ਗੀਤ ਸੁਣੋ, ਨੱਚੋ ਟੱਪੋ ਤੇ ਇਹਨਾਂ ਕਲਾਕਾਰਾਂ ਨੂੰ ਬਣਦਾ ਮਾਣ ਸਤਿਕਾਰ ਦਿਓ ਪਰ ਆਪਣਾ ਰੱਬ ਨਾ ਬਣਾਓ। ਕਿਉਂਕਿ ਸਾਨੂੰ ਤਾਂ ਗੁਰੂ ਨਾਨਕ ਪਾਤਸ਼ਾਹ ਬਹੁਤ ਪਹਿਲਾਂ ਹੀ 'ਆਸਾ ਕੀ ਵਾਰ' 'ਚ ਵਿਸਥਾਰ ਪੂਰਵਕ ਦੱਸ ਗਏ ਸਨ ਕਿ ਇਹ ਸਭ ਰੋਟੀਆਂ ਕਮਾਉਣ ਲਈ ਹੈ;

ਮਃ ੧ ॥
ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। –ਡਾਇਰੈਕਟਰ, ਪੰਜਾਬ ਟਾਈਮਜ਼

## ਸੰਸਾਰ ਪੱਧਰ 'ਤੇ ਰੋਗ ਦਾ ਕਹਿਰ ਝੁੱਲਿਆ ਕਿਵੇਂ ! ਵਿਚਾਰ ਅਧੀਨ ਹੈ।

ਵਿਗਿਆਨ ਅਤੇ ਵਿਸ਼ਵਾਸ, ਕੁਦਰਤ ਪ੍ਰਮਾਤਮਾ ਨੂੰ ਮੰਨਣ ਵਾਲੇ ਅੱਡਰੇ ਪਹਿਲੂ ਹਨ। ਸਾਇੰਸਦਾਨਾਂ ਦਾ ਧਰਮ ਤਜ਼ਰਬੇ ਹੁੰਦਾ ਹੈ, ਸ਼ੱਕ ਨਹੀਂ ਕਿ ਮਨੁੱਖੀ ਜੀਵਨ 'ਚ ਦਵਾ ਦਾਰੂ, ਉਹੜ, ਪੋਹੜ ਭੀ ਮਹੱਤਤਾ ਰੱਖਦਾ ਹੈ। ਨਾਲ ਹੀ ਰਚਨਹਾਰ ਦੀਆਂ ਲੀਕਾਂ ਭੀ ਅਮਿੱਟ ਹੁੰਦੀਆਂ ਹਨ।

ਲਿਖਣਾ ਚਾਹੁੰਦੀ ਹਾਂ ਕਿ ਹਰ ਔਕੜ ਅਤੇ ਮੁਸੀਬਤ ਦੇ ਕਾਰਨ ਹੁੰਦੇ ਹਨ, ਕੁਝ ਤਾਂ ਗਲਤੀਆਂ ਹੁੰਦੀਆਂ ਹਨ ਕਈ ਕਦੀਆਂ ਤੋਂ ਵਾਪਰ ਰਹੀਆਂ ਸਮੇਂ ਸਮੇਂ ਰੱਬੀ ਸੁਨੇਹੇ, ਧਰਤੀ 'ਤੇ ਹੋ ਰਹੇ ਸਿਤਮਾਂ ਅਤੇ ਜੁਲਮਾਂ ਨੂੰ ਜ਼ਾਹਰ ਕਰਨ ਲਈ ਵਾਪਰਦੇ ਹਨ, ਕੋਈ ਨਵੀਂ ਬੀਮਾਰੀ ਨਹੀਂ ਕਿ ਦੁਨੀਆਂ 'ਤੇ ਮਾਰਾ ਮਾਰੀ ਬਣੀ ਹੋਵੇ, ਸਦੀਆਂ ਤੋਂ ਕਈ ਨਾਵਾਂ ਥੱਲੇ ਆਈਆਂ ਹਨ, ਥੋੜ੍ਹੀ ਦੇਰ ਡਰ, ਸਹਿਮ ਅਤੇ ਆਫਤਾਂ ਦੀ ਮਾਰ ਕਰਕੇ ਬਸ ਯਾਦ ਰਹਿੰਦੀਆਂ ਹਨ, ਪਰ ਫਿਤਰਤਾਂ ਘੱਟ ਹੀ ਕਿਧਰੇ ਬਦਲਦੀਆਂ ਹਨ।

ਅੱਜ ਦੇਖ ਲਵੋ ਹਾਲ ਦੁਹਾਈ ਤਾਂ ਮਚੀ ਪਈ ਹੈ, ਕੋਈ ਦੇਸ਼ ਬਚਿਆ ਨਹੀਂ, ਪਰ ਕੀ ਸਾਡਾ ਵਤੀਰਾ ਸੁਧਰਿਆ ਹੈ?

ਨਹੀਂ ਸਗੋਂ ਹਫੜਾ ਦਫੜੀ 'ਚ ਆਪਣੇ ਹਿੱਤ ਪਾਲਣ ਲੱਗੇ ਪਏ ਹਾਂ, ਲੋਭ ਲਾਲਚ ਨੇ ਵੱਧ ਘੇਰਾ ਪਾ ਲਿਆ ਦੇਖ ਕੇ ਮਨ ਬਹੁਤ ਉਤਾਵਲਾ ਹੁੰਦਾ ਹੈ, ਪਰ ਵੱਸ ਨਹੀਂ ਚੱਲਦਾ ਬਹੁਤ ਵਾਰੀ ਤਾਂ ਪ੍ਰਮੇਸ਼ਰ ਨੂੰ ਅਰਜ਼ੋਈ ਕਰਨ ਤੋਂ ਭੀ ਦਿਲ ਉਕਤਾ ਜਾਂਦਾ ਹੈ ਕਿ ਅਸੀਂ ਕੀ ਕਰ ਰਹੇ ਹਾਂ ਅਤੇ ਫੇਰ ਉਹਨੂੰ ਆਖ ਰਹੇ ਹਾਂ ਸਾਨੂੰ ਖਿਮਾਂ ਕਰਨ, ਪਰ ਅਸੀਂ ਆਪਣਾ ਧੰਦਾ ਨਹੀਂ ਹਟਾਉਣਾ ਤੇ ਆਖੇ ਨਹੀਂ ਲੱਗਣਾ। ਰਾਜਨੀਤਕ ਆਪਣੀ ਪੀਪਣੀ ਬਜਾਈ ਜਾਂਦੇ ਹਨ, ਵਪਾਰੀ ਆਪਣਾ ਜੋਰ ਲਾਈ ਜਾਂਦੇ ਹਨ ਅਤੇ ਧਾਰਮਿਕ ਸੰਸਥਾਵਾਂ ਆਪਣੀ ਪ੍ਰਸਿੱਧੀ ਲਈ ਕਾਹਲੀਆਂ ਪਈਆਂ ਹਨ, ਦੁਨੀਆਂ ਦਾ ਭਵਿੱਖ ਕੀ ਹੈ, ਨਾ ਕਿਸੇ ਨੂੰ ਗ਼ਮ ਹੈ ਨਾ ਡਰ ਹੈ।

ਅੱਜ ਦੇਖੋ ਦੇਸ਼ਾਂ ਦੇ ਕਾਨੂੰਨ ਨੂੰ ਮੰਨ ਅਸੀਂ ਕਿਵੇਂ ਅੰਦਰੀ ਡੱਕੇ ਬੈਠੇ ਹਾਂ, ਪਰ ਕਦੀ ਕੁਦਰਤ ਦੇ ਕਾਨੂੰਨ ਦੀ ਪ੍ਰਵਾਹ ਕੀਤੀ ਹੈ, ਨਾ ਜੀ ਨਾ।

ਰਿਵਾਜ਼ ਹੈ ਜੀ ਗੁਰੂ-ਘਰ ਮੱਥਾ ਟੇਕਣ ਜਾਣਾ ਹੈ, ਗੁਰੂ ਦੇ ਦਰਸ਼ਨ ਕਰਨ ਲਈ ਕਾਹਲੇ ਹੁੰਦੇ ਹਾਂ, ਪਰ ਕਦੀ ਮਨਾਂ ਵੱਲ ਭੀ ਝਾਤੀ ਮਾਰੀ ਹੈ ਕਿ ਧਰਮ ਤੋਂ ਕੁਝ ਸਿੱਖਿਆ ਭੀ ਹੈ, ਮਨ ਧਾਰਮਿਕ ਬਣੇ ਭੀ ਹਨ ਕਿ ਜਾਂ ਬੱਸ ਹੱਥ ਝਾੜ ਕੇ ਲੰਗਰ ਛੱਡ ਕੇ ਮੁੜੀ ਆਈਦਾ ਹੈ। ਹੁਣੇ ਜਿਵੇਂ ਚੈਨਲ 'ਤੇ ਕਿਸੇ ਬੇਅਦਬੀ ਦੀ ਗੱਲ ਚੱਲਦੀ ਸੀ ਤਾਂ ਇਕ ਬੀਬੀ ਬੜੀ ਤੀਬਰਤਾ ਨਾਲ ਬੋਲੀ ਫਾਂਸੀ ਲਾਓ ਕਰਨ ਵਾਲਿਆਂ ਨੂੰ, ਮੈਂ ਬੜੀ ਪ੍ਰੇਸ਼ਾਨ ਹੋਈ ਕਿ ਬੀਬੀ ਜਰੂਰ ਦੋ ਟਾਈਮ ਗੁਰਦੁਆਰੇ ਜਾਣ ਵਾਲੀ ਹੋਣੀ ਹੈ, ਜਰੂਰ 50, 60 ਸਾਲ ਤੋਂ ਯੂ.ਕੇ. ਦੀ ਵਸਨੀਕ ਹੋਵੇਗੀ ਜਾਂ ਪਤਾ ਨਹੀਂ, ਪਰ ਨਾ ਤਾਂ ਬੀਬੀ ਨੂੰ ਧਰਮ ਦਾ ਗਿਆਨ ਕਿ ਜਾਨ ਲੈਣੀ ਕੇਵਲ ਜਾਨ ਦੇਣ ਵਾਲੇ ਦਾ ਹੀ ਅਧਿਕਾਰ ਹੈ ਅਤੇ ਦੇਸ਼ ਦੇ ਕਾਨੂੰਨ ਦਾ ਕਿ ਸਾਡੇ ਦੇਸ਼ 'ਚ ਫਾਂਸੀ ਦੀ ਕੋਈ ਧਾਰਾ ਨਹੀਂ, ਇਹ ਕੇਵਲ ਕਠੋਰ ਮੁਲਕਾਂ 'ਚ ਹੀ ਹੈ। ਭਾਰਤ ਦੇ ਹੋਰ ਕਾਨੂੰਨ ਤਾਂ ਸਾਨੂੰ ਭਾਉਂਦੇ ਨਹੀਂ, ਪਰ ਫਾਂਸੀ ਬੜੀ ਮਿੱਠੀ ਲੱਗਦੀ ਹੈ, ਨਾਲੇ ਆਪਣੇ ਸਿੱਖ ਕੈਦੀ ਕਈ ਕਤਲ ਕਰਕੇ ਸਜ਼ਾ ਭੁਗਤ ਰਹੇ ਹਨ, ਉਨ੍ਹਾਂ ਨੂੰ ਰਿਹਾਈ ਲਈ ਗੁਹਾਰਾਂ ਹਨ, ਸਾਨੂੰ ਭੀ ਪਤਾ ਬੇਅਦਬੀ ਕਿਵੇਂ ਹੋਈ ਕੀ ਸ਼ਰਾਰਤਾਂ ਹਨ ਜਾਂ ਕਿਸੇ ਦੀ ਮਾਨਸਿਕਤਾ ਦਾ ਅਸੰਤੁਲਨ, ਧਰਮ ਤਾਂ ਰਹਿਮ ਦਾ ਰਾਹ ਦੱਸਦਾ ਹੈ ਨਾ ਕਿ ਜੁਲਮ ਦਾ, ਇਕ ਭਾਜਪਾ ਚੈਨਲ ਹੈ ਪਰ ਦੋ ਵਾਰੀ ਸਿੱਖਾਂ ਦਾ ਪ੍ਰੋਗਰਾਮ ਕਰਵਾ ਕੇ ਬੱਸ ਪੰਜਾਬ ਦੀ ਰਾਜਨੀਤੀ ਦਾ ਨਓ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਮੂਹਰੇ ਰੱਖ ਬਾਦਲਾਂ 'ਤੇ ਵਰ੍ਹੋ ਜੀ, ਹਰਸਿਮ-ਰਤ ਨੂੰ ਪੁੱਛੋ, ਬਾਦਲਾਂ ਨੂੰ ਲਾਂਭੇ ਕਰੋ, ਮੈਂ ਪੁੱਛਦੀ ਹਾਂ ਕਿ ਕਿੰਨਾ ਕੁ ਸਰਮਾਇਆ ਇਨ੍ਹਾਂ ਲੋਕਾਂ ਨੇ ਪੰਜਾਬੀ ਜਨਤਾ ਦੀ ਭਲਾਈ ਲਈ ਵੰਡਿਆ।

ਮੇਰਾ ਮੰਨਣਾ ਹੈ ਕਿ ਜੋ ਭੀ ਸਿੱਖ, ਸੰਸਥਾ ਜਾਂ ਵਿਅਕਤੀ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਾ ਨਿੰਦਕ ਜਾਂ ਭੰਡ ਹੈ, ਉਹ ਕੌਮੀ ਨਹੀਂ, ਸਗੋਂ ਸਿਆਸੀ ਰੰਗਤ ਦਾ ਗਾਡੀ ਹੈ, ਕੋਈ ਹਿੱਤ ਪਾਲਕ ਹੈ ਇਹ ਕੌਮ ਦੇ ਹਿੱਤ ਹੋ ਨਹੀਂ ਸਕਦਾ ਕਿਉਂਕਿ ਸ਼੍ਰੋਮਣੀ ਅਕਾਲੀ ਖੇਤਰੀ ਪਾਰਟੀ ਹੈ ਬਾਕੀ ਸਭ ਦਿੱਲੀ ਬਿੱਲੀਆਂ ਹਨ, ਕਦੀ ਪਰਿਵਾਰ ਦਾ ਜੀਅ ਦੂਜਿਆਂ ਦੇ ਧੜੇ ਚੜ੍ਹਿਆ ਆਪਣਾ ਖਾਨਦਾਨ ਉੱਚਾ ਨਹੀਂ ਚੁੱਕ ਸਕਦਾ।

ਸ਼੍ਰੋਮਣੀ ਕਮੇਟੀ ਕੀ ਨਹੀਂ ਕਰ ਰਹੀ, ਆਹ ਚਾਰ ਕੁ ਪੋਟਲੀਆਂ ਵੰਡ ਕੇ ਚੀਚੀ ਨਹੁ ਜਾਇਆ ਲੋਕ ਤਮਾਸ਼ੇ ਆਇਆ ਲਹੂ ਲਾ ਕੇ ਸ਼ਹੀਦ।

ਸ਼੍ਰੋਮਣੀ ਕਮੇਟੀ ਮਨ ਲਓ ਪ੍ਰਚਾਰ 'ਚ ਉੱਤਮ ਨਹੀਂ, ਕੀ ਆਹ ਲਾਣਾ ਡੱਗੀਆਂ, ਗੱਠੜੀਆਂ ਤੇ ਢੋਲਕੀਆਂ ਸਣੇ ਚੁੱਕੀ ਫਿਰਨੇ ਕੇਵਲ ਵਿਦੇਸ਼ਾਂ ਤੋਂ ਧਨ ਹੂੰਝਣ ਨੂੰ ਨੇ ਅਤੇ ਗੁਰਦੁਆਰੇ ਆਪਣੀ ਚੌਧਰ ਖਾਤਰ ਜਥੇ ਸੱਦਣ ਨੂੰ ਹੀ ਹਨ, ਫੇਰ ਇਨ੍ਹਾਂ ਦਾ ਕੀ ਮੁਰੱਬਾ ਪਾਉਣਾ, ਜੇ ਪ੍ਰਚਾਰ ਕਾਰਗਰ ਨਹੀਂ। ਥੋੜ੍ਹਾ ਜਿਹਾ ਨੁਕਤਾ ਹੀ ਸਾਂਝਾ ਕਰੂੰਗੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਪਦਮਸ੍ਰੀ ਦਾ ਵਿਵਾਦੀ ਦਿਹਾਂਤ, ਪੂਰਾ ਲੇਖ ਫੇਰ ਸਹੀ, 70 ਮੁਲਕਾਂ 'ਚ ਸਿੱਖੀ ਪ੍ਰਚਾਰਕੇ ਗਏ, ਧੰਨ ਦਾ ਹਿਸਾਬ ਨਹੀਂ, ਪਰ ਸ਼੍ਰੋਮਣੀ ਕਮੇਟੀ ਤੋਂ ਤਾਂ ਸੇਵਾਮੁਕਤ 32 ਸਾਲ ਪਹਿਲਾਂ ਹੋ ਗਏ ਸਨ, ਆਡੀਓ 'ਚ ਉਨ੍ਹਾਂ ਦੇ ਮੁਖਾਰਬਿੰਦ ਤੋਂ ਇਹ ਅੱਖਰ ਸੁਣ ਕੇ ਕਿ ਮੈਂ ਖੁਦਕੁਸ਼ੀ ਕਰ ਲੈਣੀ ਹੈ, ਹਸਪਤਾਲ ਵਾਲੇ ਮੈਨੂੰ ਦਵਾਈ ਨਹੀਂ ਦੇ ਰਹੇ, ਮੇਰੀ ਦੇਖਭਾਲ ਨਹੀਂ ਕਰ ਰਹੇ, ਸਮਝਾਓ ਮੈਨੂੰ ਕਿ "ਗੁਰੂ-ਗ੍ਰੰਥ" 'ਚ ਆਤਮਘਾਤੀ ਨੂੰ ਕਸਾਈ ਕਿਹਾ ਹੈ, ਕੀ ਖਾਲਸਾ ਜੀ ਨੇ ਪੜ੍ਹਿਆ ਨਹੀਂ ਸੀ ਜਾਂ ਅਸਰ ਹੀ ਨਹੀਂ ਸੀ? ਪਿਤਾ ਜੀ ਜਿਨ੍ਹਾਂ ਦਾ ਮੇਰੇ ਮਨ 'ਚ ਬੜਾ ਹੀ ਸਤਿਕਾਰ ਹੈ ਜੋ ਆਖ ਰਹੇ ਸਨ, ਪੁੱਤਰ ਤੂੰ ਵਾਹਿਗੁਰੂ ਵਾਹਿਗੁਰੂ ਕਰ।

ਪਰ ਆਹ ਪ੍ਰਚਾਰਕ ਲਾਣਾ, ਪੱਬਾਂ ਭਾਰ ਹੋਇਆ ਜੀ ਪਦਮਸ੍ਰੀ ਦਾ ਇਲਾਜ ਨਹੀਂ ਹੋਇਆ, ਕੋਰੋਨਾ ਹੈ ਹੀ ਨਹੀਂ ਸੀ, ਫੇਰ ਸਸਕਾਰ 'ਤੇ ਕਿਵੇਂ ਰਾਜਨੀਤੀ ਕੀਤੀ, ਪਰਿਵਾਰ ਦਾ ਕਿਸੇ ਨੇ ਕੋਈ ਕਸੂਰ ਨਾ ਕੱਢਿਆ ਕਿ ਪੁੱਤਰ ਜੋ ਚੈਨਲ 'ਤੇ ਅਮਰੀਕਾ ਤੋਂ ਭਾਸ਼ਣ ਦੇ ਰਿਹਾ ਸੀ ਕਿ ਸਾਨੂੰ ਦੱਸ ਦਿੰਦੇ ਤਾਂ ਅਸੀਂ ਵੱਡੇ ਹਸਪਤਾਲ ਲੈ ਜਾਂਦੇ, ਪੁੱਛੋ ਭੱਦਰ ਪੁਰਸ਼ਾਂ ਤੋਂ ਕਿ ਪੈਸੇ ਦੀ ਘਾਟ ਸੀ ਜੋ ਪਹਿਲਾਂ ਗੁਰੂ ਰਾਮਦਾਸ ਫਰੀ ਕਰਕੇ ਫੇਰ ਸਿਫਾਰਸ਼ ਪੁਆ ਕੇ ਗੁਰੂ ਨਾਨਕ ਹਸਪਤਾਲ ਦਾਖਲਾ ਲਿਆ, ਹਾਲੇ ਧਾਰਮਿਕ ਪਰਿਵਾਰ ਹੈ ਅਤੇ ਦੁਹਾਈ ਮਚਾਉਣ ਵਾਲੇ ਭੀ ਸਾਰੇ ਪ੍ਰਚਾਰਕ, ਆਹ ਧਰਮ ਹੈ?

ਰਹੀ ਗੱਲ ਹਜ਼ੂਰ ਸਾਹਿਬ ਯਾਤਰੀਆਂ ਦੀ, ਰੋਲਾ ਤਾਂ ਹੋਲੇ ਮੁਹੱਲੇ ਵੇਲੇ ਇਟਲੀ ਤੋਂ ਪਰਤੇ ਬਲਦੇਵ ਸਿੰਘ ਦੀ ਕੋਰੋਨਾ ਪੀੜਤ ਤੇ ਅਨੰਦਪੁਰ ਗਏ ਕਰਕੇ ਰੌਲਾ ਪਿਆ ਤੇ ਮੌਤ ਹੋਈ, ਭਾਵੇਂ ਵਿਦੇਸ਼ੀਆਂ ਨੇ ਝੰਡੇ ਚੁੱਕੇ, ਜੀ ਸਾਨੂੰ ਨਿੰਦ ਰਹੇ ਹੋ, ਅਸੀਂ ਪੰਜਾਬ ਨੂੰ ਬਣਾਉਣ ਵਾਲੇ ਹਾਂ, ਭਾਵੇਂ ਅਸੀਂ ਆਪਣੀਆਂ ਜ਼ਮੀਨਾਂ ਦੇ ਮਾਮਲੇ, ਸਸਤੀਆਂ ਖਰੀਦਾਰੀਆਂ ਲਈ ਜਾਂਦੇ ਹਨ, ਪਰ ਉਪਰਦੜੀਆਂ ਮਾਰਦੇ ਹਾਂ, ਪਰ ਉਨ੍ਹਾਂ ਦੇ ਵਜ਼ੀਰ ਨੇ ਕਿਹਾ ਕਿ ਮਾਰੋ ਇਨ੍ਹਾਂ ਦੇ ਟਰੱਕ ਚੁੱਕ ਬਾਹਰ, ਸਿਆਸਤ ਹੈ ਕਿ ਸ਼ਰਧਾਲੂਆਂ ਨੂੰ ਕੁਝ ਨਾ ਆਖੋ, ਤਬਲੀਕੀਆਂ ਨੂੰ ਨਾਂ ਭੰਡੋ।

ਸਰਕਾਰ ਭਾਵੇਂ ਕਾਂਗਰਸ ਦੀ ਹੈ ਪਰ ਮੇਰੀ ਮਨਸ਼ਾ ਨਹੀਂ ਸਿਆਸੀ। ਸਰਕਾਰ ਨੂੰ ਹਜ਼ੂਰ ਸਾਹਿਬ ਜਾਣ ਵੇਲੇ ਰੋਕ ਲਾ ਦੇਣੀ ਬਣਦੀ ਸੀ, ਹੁਣ ਉਹ ਕੋਈ ਪਵਿੱਤਰ ਹੋ ਕੇ ਨਹੀਂ ਆਏ ਬੀਮਾਰੀ ਹੈ ਨਹੀਂ ਝੂਠ ਹੈ, ਪਹਿਲਾਂ ਸਾਨੂੰ ਮਾਰਿਆ ਅਸੀਂ ਹਾਲੇ ਨਹੀਂ ਟਲਦੇ ਸਰਕਾਰ ਹੁਣ ਫੂਕ ਮਾਰ ਦੇਵੇ ਜੀ ਨਿਰੰਕਾਰੀ ਭਵਨ, ਜੀ ਰਾਧਾਸੁਆਮੀ ਡੇਰੇ ਕਿਉਂ ਰੱਖੇ, ਭਾਈ ਫੇਰ ਵਿਦੇਸ਼ੀ ਸਿੱਖ ਭੇਜੋ ਪੈਸਾ ਤੇ ਹੋਟਲਾਂ ਦਾ ਦਿਉ ਖਰਚਾ ਜਾਂ ਫੇਰ ਜਾਬ੍ਹਾ ਦਾ ਭੇੜ ਕਰਨਾ ਹੀ ਸਾਡਾ ਕਰਤਵ ਹੈ।

ਧਰਮੀ ਬਣੋ, ਕੁਫਰ ਨਾ ਤੋਲੋ, ਹੋਈਆਂ ਭੁੱਲਾਂ ਬਖਸ਼ਾਓ, ਹੋਰ ਕੰਡੇ ਨਾ ਬੀਜੋ, ਰੱਬ ਤੋਂ ਡਰੋ, ਪਤਾ ਨਹੀਂ ਉਹ ਕਿਹੜੀਆਂ ਰਜ਼ਾਂ 'ਚ ਰਾਜ਼ੀ।

ਚੈਨਲਾਂ ਦੇ ਕੁਝ ਕੁ ਧਮੱਚੜਾਂ ਨੂੰ ਭੀ ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਆਪਣੀ ਭੱਲ ਬਣਾਉਣ ਲਈ ਬੋਲ ਕਬੋਲ ਬੋਲ ਕਿ ਜੀ ਅਸੀਂ ਧਰਤੀ 'ਤੇ ਪੈਣ ਨਹੀਂ ਪਉਣ ਦਿਆਂਗੇ, ਪੰਜਾਬ ਨੂੰ ਕੰਗਾਲ ਕਰ ਦਿਆਂਗੇ ਆਖ ਕੇ ਸਾਰੇ ਐਨ.ਆਰ.ਆਈ. ਦੀ ਛੋਤ ਲੁਹਾਈ, ਜੇਕਰ ਸਾਨੂੰ ਗਿਆਂ ਨੂੰ ਖੁੱਡਾਂ 'ਤੇ ਬਿਠਾਇਆ ਤੇ ਮਗਰੋਂ ਕੇਸ ਪਾ ਪਾ ਸਾਲ ਭਰ ਬੰਦ ਕਰਿਆ ਤਾਂ ਕੀਹਦੀ ਮਾਂ ਨੂੰ ਮਾਸੀ ਕਹਿਣਾ, ਅੱਗੇ ਜੌਹਲ ਦਾ ਹਾਲ ਦੇਖਿਆ ਨਹੀਂ, ਇਹ ਤਾਂ ਫੇਰ ਉਗਰਾਹੀ ਕਰਨ ਲੱਗ ਜਾਣਗੇ।

ਅੰਤ 'ਚ ਮੇਰਾ ਆਪਣਾ ਵਿਚਾਰ ਹੈ ਕਿ ਦੁਨੀਆਂ 'ਤੇ ਤਰਥੱਲੀ ਮਚਣ ਨਾਲ ਕੁਦਰਤ ਨੇ ਕਈ ਕੁਝ ਬਦਲਣਾ ਹੈ, ਸਾਨੂੰ ਭੀ ਆਪਣੇ ਸੁਭਾਅ, ਤੌਰ ਤਰੀਕੇ ਅਤੇ ਧਰਮ ਪਾਲਕ ਢੰਗ ਬਦਲਣੇ ਪੈਣੇ ਹਨ, ਰੱਬੀ ਧਰਮ ਜੋ ਸ੍ਰਿਸ਼ਟੀ 'ਤੇ ਹਰ ਜੀਵ ਲਈ ਪਾਲਕ ਹੈ, ਉਹ ਹੀ ਧਰਮ ਹੈ ਬਾਕੀ ਸਭ ਹੀ ਧਰਮ ਮਨੁੱਖੀ ਕਾਢਾਂ ਹਨ ਜੋ ਦੁਨੀਆਂ 'ਤੇ ਯੁੱਧਾਂ ਦੇ ਕਾਰਨ ਬਣੇ ਹਨ, ਕਿਸੇ ਦੇ ਧਰਮ ਵੱਲ ਉਂਗਲ ਚੁੱਕਣ ਲੱਗਿਆਂ ਆਪਣੇ ਵੱਲ ਭੀ ਝਾਤੀ ਮਾਰਨੀ ਲਾਭਕਾਰੀ ਹੋਵੇਗੀ, ਆਪਣਾ ਵਿਸ਼ਵਾਸ਼ ਪਾਲੋ, ਦੂਜਿਆਂ ਨੂੰ ਮੁਕਾਬਲੇ 'ਤੇ ਨਾ ਲਿਆਵੋ ਅਤੇ ਹੰਕਾਰੀ ਨਹੀਂ ਸਤਿਕਾਰੀ ਬਣੋ, ਮਨੁੱਖਤਾ ਨਾਲ ਵਿਚਰਨਾ ਸਭ ਤੋਂ ਉੱਤਮ ਧਰਮ ਹੈ, ਆਪੇ ਮੰਨਣ ਲੱਗ ਜਾਈਏ ਸੁਖੀ ਵਸਾਂਗੇ, ਨਹੀਂ ਤਾਂ ਜੋਰਾਵਰ ਨੇ ਮਨਾ ਹੀ ਲੈਣਾ ਹੈ।

ਘਾਟ ਹੈ ਧਰਮੀ ਬਣਨ ਦੀ, ਧਰਮ ਨੂੰ ਵਰਤਣ ਦੀ ਨਹੀਂ, ਮਾਲਕ ਮਿਹਰ ਕਰੇ ਸਭ ਸ੍ਰਿਸ਼ਟੀ ਨੂੰ ਸਿਹਤ ਬਖ਼ਸ਼ੇ ਅਤੇ ਉਹਦੀ ਕੀਮ ਨਾਲ ਦੁਨੀਆਂ ਬਦਲ ਜਾਵੇ, ਨਵਾਂ ਸੰਸਾਰ ਸਿਰਜਿਆ ਜਾਵੇ ਅਤੇ ਆਪਾਂ ਸਬਰ-ਸੰਤੋਖ 'ਚ ਵਿਚਰੀਏ।



ਆਸ਼ਾਵਾਦੀ
ਬਲਵਿੰਦਰ ਕੌਰ ਚਾਹਲ ਸਾਊਥਾਲ

## 'ਸਚੁ ਸੁਣਾਇਸੀ ਸਚ ਕੀ ਬੇਲਾ' 'ਤੇ ਪਹਿਰਾ ਦੇਣ ਵਾਲੇ ਉੱਘੇ ਪੰਥਕ ਢਾਡੀ ਗਿਆਨੀ ਕੇਵਲ ਸਿੰਘ ਪਾਸਲਾ ਨੂੰ ਸ਼ਰਧਾਂਜਲੀ



ਗਿ: ਕੇਵਲ ਸਿੰਘ ਪਾਸਲਾਂ

ਯੂ.ਕੇ. ਦੀ ਧਰਤੀ ਉੱਤੇ ਸਭ ਤੋਂ ਪਹਿਲਾਂ ਢਾਡੀ ਜਥਾ ਸਥਾਪਤ ਕਰਨ ਵਾਲੇ ਪੰਥਕ ਸਟੇਜਾਂ ਦੇ ਸ਼ਿੰਗਾਰ ਢਾਡੀ ਗਿਆਨੀ ਕੇਵਲ ਸਿੰਘ ਪਾਸਲਾ ਜੀ 25 ਅਪ੍ਰੈਲ 2020 ਨੂੰ ਬਰਮਿੰਘਮ ਆਪਣੇ ਗ੍ਰਹਿ ਵਿਖੇ ਦਿਲ ਦਾ ਦੌਰਾ ਪੈਣ ਨਾਲ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਜੂਨ 1984 ਨੂੰ ਭਾਰਤੀ ਫੌਜਾਂ ਵੱਲੋਂ ਤੋਪਾਂ ਟੈਂਕਾਂ ਨਾਲ ਸਿੱਖ ਕੌਮ ਦੇ ਸਰਵ-ਉੱਚ ਧਰਮ ਤੇ ਰਾਜਨੀਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਨੂੰ ਢਾਹੁਣ ਦੇ ਅਣਚਿਤਵੇ ਕਹਿਰ ਦਾ ਇਤਿਹਾਸ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮੀਰੀ-ਪੀਰੀ ਦੇ ਸਿਧਾਂਤ ਦੀ ਤਰਜਮਾਨੀ ਕਰਦਿਆਂ ਸ਼ਹਾਦਤ ਦੇ ਜਾਮ ਪੀ ਜਾਣ ਦਾ ਇਤਿਹਾਸ ਢਾਡੀ ਗਿਆਨੀ ਕੇਵਲ ਸਿੰਘ ਪਾਸਲਾ ਜੀ ਏਨਾ ਪੰਥਕ ਪ੍ਰੇਮ ਅਤੇ ਪੰਥਕ ਦਰਦ ਵਿੱਚ ਭਿੱਜ ਕੇ ਸੁਣਾਉਂਦੇ ਸਨ ਕਿ ਸੁਣਨ ਵਾਲੀਆਂ ਸੰਗਤਾਂ ਦੇ ਵੀ ਅੱਖਾਂ ਵਿੱਚ ਪਾਣੀ ਆ ਜਾਂਦਾ ਸੀ। ਅਕਾਲ ਤਖ਼ਤ ਨੂੰ ਢਾਹੁਣ ਦਾ ਹੁਕਮ ਦੇਣ ਵਾਲੀ ਇੰਦਰਾ ਗਾਂਧੀ ਤੇ ਭਾਰਤੀ ਫੌਜ ਦੇ ਮੁਖੀ ਜਨਰਲ ਵੈਦਿਆ ਨੂੰ ਖਾਲਸਈ ਰਵਾਇਤਾਂ ਅਨੁਸਾਰ ਸਜ਼ਾ ਦੇਣ ਵਾਲੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਕਾਰਨਾਮਿਆਂ ਦੇ ਪ੍ਰਸੰਗ ਢਾਡੀ ਗਿਆਨੀ ਕੇਵਲ ਸਿੰਘ ਪਾਸਲਾ ਨੇ ਆਪ ਲਿਖ ਕੇ ਗਾਏ। ਉਨ੍ਹਾਂ ਨੇ ਯੂ.ਕੇ. ਤੋਂ ਇਲਾਵਾ ਯੂਰਪ ਤੇ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

ਢਾਡੀ ਕਲਾ ਦੇ ਨਾਲ-ਨਾਲ ਗਿਆਨੀ ਕੇਵਲ ਸਿੰਘ ਪਾਸਲਾ ਜੀ ਵਿੱਚ ਇਕ ਸਭ ਤੋਂ ਵੱਡਾ ਗੁਣ ਇਹ ਵੀ ਸੀ ਕਿ ਉਨ੍ਹਾਂ ਨੇ ਸਿੱਖ ਇਤਿਹਾਸ ਜਿਸ ਖਾਲਸਈ ਸਪਿਰਟ ਵਿੱਚ ਸਿਰਜਿਆ ਗਿਆ ਤੇ ਉਸੇ ਸਪਿਰਟ ਵਿੱਚ ਹੀ ਪੰਥਕ ਸਟੇਜਾਂ 'ਤੇ ਉਸ ਦੀ ਪੇਸ਼ਕਾਰੀ ਕੀਤੀ, ਅਜਿਹੇ ਢਾਡੀ ਦੇ ਸੰਸਾਰ ਤੋਂ ਤੁਰ ਜਾਣ ਨਾਲ 'ਪੰਥ' ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਕੋਰੋਨਾ ਵਾਇਰਸ ਦੇ ਲੋਕਡਾਊਨ ਕਰਕੇ ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ ਤੋਂ ਬਾਅਦ ਹਾਲੇ ਸ਼ਰਧਾਂਜਲੀ ਸਮਾਗਮ ਨਹੀਂ ਹੋ ਸਕਿਆ। ਉਨ੍ਹਾਂ ਦੇ ਪੁੱਤਰਾਂ ਸ: ਚਮਕੌਰ ਸਿੰਘ ਤੇ ਸ: ਪਵਿੱਤਰ ਸਿੰਘ ਨੇ ਸੂਚਨਾ ਦਿੱਤੀ ਹੈ ਕਿ ਲੋਕਡਾਊਨ ਖੁੱਲ੍ਹਣ ਉਪਰੰਤ ਵੱਡੀ ਪੱਧਰ 'ਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ, ਪ੍ਰੋਗਰਾਮ ਦਾ ਵੇਰਵਾ ਪੰਜਾਬ ਟਾਈਮਜ਼ ਵਿੱਚ ਦੇ ਦਿੱਤਾ ਜਾਵੇਗਾ। ਸਤਿਕਾਰ ਯੋਗ ਢਾਡੀ ਗਿਆਨੀ ਕੇਵਲ ਸਿੰਘ ਪਾਸਲਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੋਇਆ –

ਗੁਰੂ ਪੰਥ ਦਾ ਦਾਸ,
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਕਾਵਿ-ਕਿਆਰੀ

## "ਬੰਦਾ ਸਿੰਘ ਬਹਾਦਰ"



ਨਛੱਤਰ ਸਿੰਘ ਭੋਗਲ "ਭਾਖੜੀਆਣਾ"

ਲਛਮਣ ਦੇਵ ਜਨਮਿਆ, ਮਾਂ ਪਿਉ ਦਾ ਬਰਖ਼ੁਰਦਾਰ,
ਰਾਜਪੂਤਾਂ ਦਾ ਪੁੱਤ ਉਹ, ਖੇਡਦਾ ਨਿੱਤ ਸ਼ਿਕਾਰ,
ਤੀਰ ਸ਼ੂਕਦਾ ਛੱਡਿਆ, ਇਕ ਹਿਰਨੀ ਦਿੱਤੀ ਮਾਰ,
ਤੱਕ ਪੇਟ 'ਚ ਬੱਚੇ ਤੜਪਦੇ, ਆਤਮਾ ਹੋਈ ਬਿਮਾਰ।

ਸ਼ਿਕਾਰ ਖੇਡਣੇ ਛੱਡ ਕੇ, ਲਿਆ ਰੂਪ ਵੈਰਾਗੀ ਧਾਰ,
ਜਾਨਕੀ ਪ੍ਰਸ਼ਾਦ ਦੇ ਮੇਲ਼ ਨੇ, ਬਦਲੇ ਸਨ ਵਿਚਾਰ,
ਭਗਵਾਂ ਬਾਣਾ ਪਾ ਲਿਆ, ਬਣ ਬੈਠਾ ਸ਼ਾਕਾਹਾਰ,
ਸੁਆਹ ਪਿੰਡੇ ਮ਼ਲ ਲਈ, ਬੈਠਾ ਰਹੇ ਸਮਾਧੀ ਮਾਰ।

ਰੂਹ ਨੂੰ ਸ਼ਾਂਤੀ ਨਾ ਮਿਲੀ, ਫਸਿਆ ਵਿੱਚ ਮੰਝਧਾਰ,
ਯੋਗੀ ਅੱਗੜ ਨਾਥ ਜੀ, ਗੁਰੂ ਲਿਆ ਉਸ ਧਾਰ,
ਰਿਧੀਆਂ-ਸਿਧੀਆਂ ਸਿੱਖਆਂ, ਮੰਤਰ ਬੇ-ਸ਼ੁਮਾਰ,
ਜਟਾਂ ਵਧਾ ਕੇ ਲੰਬੀਆਂ, ਪਏ ਕੁੰਡਲ਼ ਪੇਚੇਦਾਰ।

ਗੋਦਾਵਰੀ ਕੰਢੇ ਆਣ ਕੇ, ਆਸ਼ਰਮ ਕੀਤਾ ਤਿਆਰ,
ਪ਼ਲੰਘ ਅਨੋਖਾ ਡਾਹ ਲਿਆ, ਕੁਟੀਆ ਦੇ ਵਿਚਕਾਰ,
ਟਹਿਲ ਸੇਵਾ ਕਰਵਾਂਵਦਾ, ਉਹਦੇ ਆਪਣੇ ਪੈਰੋਕਾਰ,
ਆਸ਼ਰਮ ਵਿੱਚ ਉਹ ਖ਼ੁਦ ਹੀ, ਬਣ ਬੈਠਾ ਅਵਤਾਰ।

ਮੰਤਰ-ਤੰਤਰ ਪੜ੍ਹ ਕੇ, ਸਿੰਘਾਸਣ ਕੀਤਾ ਤਿਆਰ,
ਜੇ ਬਹਿੰਦਾ ਕੋਈ ਪ਼ਲੰਘ ਤੇ, ਦਿੰਦਾ ਝੱਟ ਉਲਾਰ,
ਮਜ਼ਾਕ ਉਡਾਵਣ ਲੱਗ ਪਿਆ,ਹੱਸਦਾ ਤਾੜੀ ਮਾਰ,
ਲੋਕਾਂ ਵਿੱਚ ਡਰ ਫੈਲਿਆ, ਦੈਵੀ ਸ਼ਕਤੀ ਦਾ ਪ੍ਰਚਾਰ।

ਗੁਰੂ ਜੀ ਮਾਧੋ ਦਾਸ ਦਾ,ਤੋੜਨ ਆਏ ਹੰਕਾਰ,
ਜਾਦੂ ਵਾਲੇ ਪ਼ਲੰਘ ਤੇ,ਬੈਠਾ ਦਸਵਾਂ ਗੁਰ ਅਵਤਾਰ,
ਸੜ-ਬ਼ਲ ਕੋ਼ਲੇ ਹੋ ਗਿਆ, ਖ਼ਬਰਾਂ ਮਿਲਦੇ ਸਾਰ,
ਵਾਹ-ਡਾਹ ਲਾਕੇ ਹੰਭਿਆ,ਨਾ ਸਕਿਆ ਪ਼ਲੰਘ ਉਲਾਰ।

ਚਰਨਾਂ ਉੱਤੇ ਢਹਿ ਪਿਆ, ਮੈਨੂੰ ਬਖ਼ਸ਼ੋ ਬਖ਼ਸ਼ਣਹਾਰ,
ਮਿਹਰ ਗੁਰੂ ਦੀ ਹੋ ਗਈ,ਕੀਤਾ ਅੰਮ੍ਰਿਤ ਤਿਆਰ,
ਬਾਣੀ-ਬਾਣਾ ਬਖ਼ਸ਼ਿਆ,ਬਖ਼ਸ਼ੇ ਪੰਜ ਕਕਾਰ,
ਮਾਧੋ ਦਾਸ ਤੋ ਬਣ ਗਿਆ,ਗੁਰਬਖਸ਼ ਸਿੰਘ ਸਰਦਾਰ।

ਬੰਦੇ ਤਾਂਈਂ ਸੁਣਾਵੰਦੇ,ਗੁਰੂ ਵਿਥਿਆ ਵਿੱਚ ਵਿਸਤਾਰ,
ਕੋਹ-ਕੋਹ ਪੁੱਤਰ ਮਾਰ 'ਤੇ,ਸਰਹੰਦ 'ਚ ਕੰਧ ਉਸਾਰ,
ਮਾਤਾ ਜੀ ਠੰਡੇ ਬੁਰਜ ਵਿੱਚ,ਉਹਨਾ ਕੀਤੇ ਅਤਿਆਚਾਰ,
ਲੈ ਬਦਲਾ ਉੱਠ ਬਹਾਦਰਾ,ਕਰ ਮਰਦਾਂ ਵਾ਼ਲੀ ਕਾਰ।

ਗੁਰੂ ਤੋ ਆਗਿਆ ਮੰਗਦਾ,ਬੰਦਾ ਸਿੰਘ ਬਲਕਾਰ,
ਉਹਦੇ ਡੌ਼ਲੇ ਫਰਕੇ ਜੋਸ਼ ਨਾ,ਉੱਠਿਆ ਛਾ਼ਲੀ ਮਾਰ,
ਅੱਖਾਂ ਵਿੱਚ ਲਹੂ ਆ ਗਿਆ,ਨੈਣ ਬਣੇ ਅੰਗਾਰ,
ਮਿਆਨ ਦੇ ਵਿੱਚੋ ਧੂਹ ਲਈ,ਯੋਧੇ ਨੈਂ ਤਲਵਾਰ।

ਭੱਥਾ ਮੋਢੇ ਲਾ ਲਿਆ,ਵਿੱਚ ਤੀਰਾਂ ਦੀ ਭਰਮਾਰ,
ਬਖ਼ਸ਼ੇ ਗੁਰੂ ਨੇ ਪੰਜ ਤੀਰ,ਹੱਥ ਵਿੱਚ ਤੇਜ਼ ਕਟਾਰ,
ਧਾਇਆ ਵੱਲ ਸਰਹੰਦ ਦੇ,ਹੋ ਘੋੜੇ ਤੇ ਅਸਵਾਰ,
ਚੱੜ੍ਹਦੀ ਕਲਾ 'ਚ ਤੁਰ ਪਿਆ,ਕਰਦਾ ਮਾਰੋ-ਮਾਰ।

ਮੱਥੇ ਪਈਆਂ ਤਿਊੜੀਆਂ,ਰੋਹ ਵਿੱਚ ਸੀ ਜਥੇਦਾਰ,
ਵਿਉਂਤ ਬਣਾਈ ਜੰਗ ਦੀ,ਇਕੱਠੇ ਕਰ ਹਥਿਆਰ,
ਫ਼ਤਿਹ ਦੇ ਝੰਡੇ ਗੱਡਣੇ,ਅੰਗ-ਸੰਗ ਹੈ ਕਰਤਾਰ,
ਮੌਤ ਲਾੜੀ ਨੂੰ ਵਰਨ ਲਈ,ਲਾੜੇ ਸਿੰਘ ਤਿਆਰ।

ਫੌਜ ਇਕੱਠੀ ਹੋ ਗਈ,ਰ਼ਲ-ਮਿ਼ਲ ਸਿੰਘ ਸਰਦਾਰ,
ਬੇਫ਼ਿਕਰ ਕਿਸੇ ਡਰ ਭੈਅ ਤੋ,ਪਾਵੇ ਮੁਗਲਾਂ ਨੂੰ ਵੰਗਾਰ,
ਤਿਆਰੀ ਕਰਕੇ ਯੁੱਧ ਦੀ,ਰਿਹੈ ਵਜੀਦੇ ਤਾਂਈ ਲਲਕਾਰ,
ਲਾਲਾਂ ਤੇ ਢਾਹਿਆ ਕਹਿਰ ਤੂੰ,ਆਕੇ ਵਿੱਚ ਹੰਕਾਰ।

ਕਾਸਦ ਹੱਥੀਂ ਭੇਜ 'ਤੀ,ਲਿਖ ਚਿੱਠੀ ਅੱਖਰ ਚਾਰ,
ਨਿਹੱਥੇ ਦੁਸ਼ਮਣ ਤੇ ਵੀ,ਸਿੰਘ ਕਦੇ ਨਾ ਕਰਦਾ ਵਾਰ,ਨਾ ਮਾੜੀ ਅੱਖ ਨਾਂ ਵੇਖਦੇ,ਭਾਵੇਂ ਤੁਰਕਣ ਹੋਵੇ ਨਾਰ,ਸਾਹਵੇਂ ਆ ਜਾ ਮਰਦ ਦੇ,ਜਾਲਮਾਂ ਹੋ ਕੇ ਤਿਆਰ।

ਯੁੱਧ ਹੋਇਆ ਘਮਸਾਨ ਦਾ, ਦੋ ਫੌਜਾਂ ਵਿਚਕਾਰ,
ਚਿਪੜ-ਚਿੜੀ ਮੈਦਾਨ ਵਿੱਚ,ਕੀਤੇ ਸੀ ਹੱਥ ਚਾਰ,
ਲੋਹੇ ਤੇ ਲੋਹਾ ਖੜਕਿਆ,ਵਰ੍ਹੀ ਢਾ਼ਲਾਂ ਤੇ ਤਲਵਾਰ,
ਸਿੰਘਾਂ ਦੀ ਸੂਰਮਾਈ ਦੀ,ਝਾਲ ਨਾ ਸਕੇ ਸਹਾਰ।

ਹਫੜਾ-ਦਫੜੀ ਫੈਲ ਗਈ,ਮਚੀ ਸਾਰੇ ਹਾਹਾਕਾਰ,
ਵਜੀਦੇ ਤਾਂਈਂ ਲਾਹ ਲਿਆ,ਸੀ ਹਾਥੀ 'ਤੇ ਅਸਵਾਰ,
ਹੱਥੋ-ਹੱਥੀ ਫੜ ਲਿਆ,ਨਾ ਦੌੜ ਜਾਏ ਬਦਕਾਰ,
ਹਾਥੀ ਦੀ ਲੱਤ ਨਾ ਬੰਨ ਕੇ,ਵਜੀਦਾ ਦਿੱਤਾ ਮਾਰ।

ਮਲਕੀਅਤ ਦਾ ਹੱਕ ਬਖ਼ਸ਼ਿਆ,ਸਿੱਖੀ ਰਾਜ ਉਸਾਰ,
ਸਿੱਕਾ ਨਾਨਕ ਸ਼ਾਹੀ ਦਾ,ਬਾ-ਇੱਜ਼ਤ ਕੀਤਾ ਤਿਆਰ,
ਮਾਲਕ ਸਿੱਖੀ ਰਾਜ ਦਾ,ਬਣਿਆ ਬੰਦਾ ਸਿੰਘ ਸਰਦਾਰ,
ਨਛੱਤਰ ਭੋਗਲ ਸੱਚ ਜਿੱਤਿਆ,ਝੂਠ ਦੀ ਹੋਈ ਹਾਰ।

## ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 'ਸੂਬਾ ਵਜੀਦ ਖਾਂ' ਨੂੰ ਸੋਧ ਕੇ ਸਰਹੰਦ ਫ਼ਤਿਹ ਕਰਨੀ ...12 ਮਈ, 1710 ਸਰਹੰਦ ਫ਼ਤਿਹ ਦਿਵਸ:-



ਬਾਬਾ ਬੰਦਾ ਸਿੰਘ ਜਿਹਾ ਸੂਰਮਾ,
ਕਿਸੇ ਮਾਂ ਨਹੀਂ ਜਾਇਆ ।
ਲੈ ਕੇ ਕਲਗ਼ੀਧਰ ਤੋਂ ਥਾਪੜਾ,
ਪੰਜਾਬ" ਓਹ ਆਇਆ ।
ਪੰਜ ਤੀਰ" ਬਖ਼ਸ਼ੇ ਦਸ਼ਮੇਸ਼ ਨੇ,
ਲੜ ਪੰਥ" ਦੇ ਲਾਇਆ ।
ਤਾਬਿਆ ਰਹਿਉ ਗੁਰੂ ਪੰਥ ਕੀ,
ਗੁਰਾਂ, ਹੁਕਮਿ ਸੁਣਾਇਆ ।
ਓਹਨੇ ਆਨਿ 'ਸਮਾਣਾ' ਸੋਧਿਆ,
ਬਡ ਜੁੱਧ" ਮਚਾਇਆ ।
ਓਨ੍ਹੇ ਪਕੜ 'ਜਲਾਦਾਂ' ਨੂੰ ਸੋਧਿਆ,
ਜਿਨ੍ਹਾਂ ਕਹਿਰ ਕਮਾਇਆ ।
ਗੁਰੂ ਤੇਗ ਬਹਾਦਰ ਪਾਤਸ਼ਾਹ ਨੂੰ,
ਝੁੱਕ ਸੀਸੁ" ਨਿਵਾਇਆ ।
ਖਾਲਸਾ ਜੀਉ ਦੇ ਰਾਜ ਦਾ,
ਇਉ, ਆਰੰਭ ਕਰਾਇਆ ।
ਫਿਰ ਸ਼ਹਿਰ 'ਸਢੌਰਾ' ਸੋਧਿ ਕਰ,ਨਿਸ਼ਾਨ ਝੁਲਾਇਆ ।
ਪੀਰ 'ਬੁੱਧੂ ਸ਼ਾਹ' ਜੀ ਦੇ ਕਾਤਲਾਂ ਨੂੰ,
ਓਹਨੇ ਮਾਰ ਮੁਕਾਇਆ ।
ਸੂਰਿਆਂ ਚਿੱਤ ਉਲਾਸ" ਹੋਇ,
ਜਾਲਮ ਕੰਬਾਇਆ ।
ਸਭੁ ਪਰਜਾ ਦੇ ਦੁੱਖ ਦੂਰ ਕਰਿ,
ਸਿੰਘ ਨਾਦ" ਵਜਾਇਆ ।
ਮਾਝਾ, ਮਾਲਵਾ, ਅਤੇ ਦੁਆਬ ਨੂੰ,
ਸੰਦੇਸ਼ ਘਲਾਇਆ ।
ਜੋ ਬਦਲਾ ਚਾਹੇ, ਗੁਰ ਲਾਲਾਂ" ਦਾ,
ਓਹ ਰਣਿ ਵਿੱਚ ਆਵਹੁ ।
ਤੁਪਕ, ਤੇਗਾਂ, ਨੇਜੇ, ਬਰਛੀਆਂ,ਸਭੇ ਨਾਲ ਲਿਆਵਹੁ ।
ਸਿੰਘੋ, ਵਾਰੀ ਹੁਣ 'ਸਰਹੰਦ' ਦੀ,
ਰਤਾ ਢਿੱਲ ਨਾ ਲਾਵਹੁ ।
ਚੱਪੜਚਿੜੀ" ਦੇ ਰਣਿ ਮੈਦਾਨ ਵਿੱਚ,
ਉਸ ਮੋਰਚਾ ਲਾਇਆ ।
ਬੰਦਾ ਸਿੰਘ" ਬਹਾਦਰ ਸੂਰਮੇ,
ਫਿਰ ਇੰਝ ਫੁਰਮਾਇਆ ।
ਗੁਰੂ ਕਲਗ਼ੀਧਰ ਦਿਓ ਯੋਧਿਉ,
ਹੁਣ ਵਕਤ ਹੈ ਆਇਆ ।
ਵੈਰੀ ਹੈ ਤੁਹਾਡੇ ਸਾਮ੍ਹਣੇ,
ਜਿਹਨੇ ਜੁਲਮ ਕਮਾਇਆ ।
ਪਾਪੀ ਦੁਸ਼ਟ 'ਵਜੀਦੇ ਖਾਂ' ਨੂੰ,
ਸਿੰਘੋ, ਸਬਕ ਸਿਖਾਵਹੁ ।
ਓਹਦੀ ਛਾਤੀ" ਤੇ ਰੱਖਿ ਪੈਰ,
ਕੇਸਰੀ ਨਿਸ਼ਾਨ ਝੂਲਾਵਹੁ ।
ਸਾਹਿਬਜ਼ਾਦਿਆਂ ਦੇ ਕਾਤਲਾਂ ਨੂੰ,
ਰਣਿ, ਮਾਰ ਮੁਕਾਈਏ ।
ਕਲਗ਼ੀਧਰ ਪਿਤਾ ਦਸ਼ਮੇਸ਼ ਦੇ,
ਤਾਂਹੀਉ, ਸਿੱਖ ਸਦਾਈਏ ।
2ਸਾਂਹਵੇਂ ਵੇਖ 'ਵਜੀਦੇ ਖਾਂ ਨੂੰ,
ਸਿੰਘ ਸੂਰਮੇ ਬੁੱਕੇ ।
ਓਨ੍ਹਾਂ ਤੀਰ ਚਲਾਏ ਨਾਗਣੀ,
ਵੱਲ ਵੈਰੀਆਂ ਸੁੱਟੇ ।
ਲੋਥਾਂ ਡਿੱਗਣ ਤੁਰਕਾਂ" ਵੈਰੀਆਂ,
ਜਿਉਂ,
ਛੱਲੀ ਤੁੱਕੇ ।
ਲੋਹੇ ਨਾਲ ਲੋਹਾ ਖੜਕਿਆ,
ਇਕ ਪਲ ਨਾ ਰੁਕੇ ।
ਤੋਪਾਂ ਦੇ ਗੋਲੇ ਬਰਸਦੇ,ਮੀਂਹ, ਮੌਤ ਵਰ੍ਹਾਈ ।
ਹਾਥੀ ਡਿੱਗਣ ਸਣੇ ਅੰਬਾਰੀਆਂ,
ਤੁਰਕ" ਫ਼ੌਜ ਖਿੰਡਾਈ ।
ਭਾਈ ਬਾਜ ਸਿੰਘ ਤੇ ਫ਼ਤਿਹ ਸਿੰਘ,ਗੁਰ ਅਕਾਲ" ਗੁੰਜਾਇਆ ।
ਓਨ੍ਹਾਂ ਦੁਸ਼ਟ 'ਵਜੀਦੇ ਖਾਂ' ਨੂੰ ,
ਰ਼ਲ ਘੇਰਾ ਪਾਇਆ ।
ਜੁੱਧ ਹੋਇਆ ਆਹਮੋ ਸਾਮ੍ਹਣੇ,
ਬੱਦਲ ਲਿਸ਼ਕਾਇਆ ।
ਤੁਪਕਾਂ" ਤੋ ਵਰਸਣਿ ਗੋ਼ਲੀਆਂ,
ਜ਼ਾਲਮ ਘਬਰਾਇਆ ।
ਬਾਜ ਸਿੰਘ" ਗੁਰੂ ਕੇ ਸੂਰਮੇ,
ਨੇਜ਼ਾ" ਛੱਡ ਚਲਾਇਆ ।
ਪਾਪੀ ਦੁਸ਼ਟ 'ਵਜੀਦੇ ਖਾਂ ਨੂੰ,
ਭੁਇੰ ਉੱਤੇ ਗਿਰਾਇਆ ।
ਭਾਈ ਫ਼ਤਿਹ ਸਿੰਘ ਸਰਦਾਰ ਨੇ,
ਝੱਟ ਤੇਗ ਚਲਾਈ ।
ਸਿਰ' ਵੱਢਿਆ ਪਾਪੀ ਦੁਸ਼ਟ ਦਾ,
ਰਤਾ ਢਿੱਲ ਨਾ ਲਾਈ ।
ਨੇਜ਼ੇ ਤੇ ਟੰਗ 'ਸਿਰ' ਦੁਸ਼ਟ ਨੂੰ,
ਜਦੋਂ, ਸਿੰਘਾਂ ਭਵਾਇਆ ।
ਸਭਿ ਤੁਰਕ" ਮੈਦਾਨ ਛੱਡਿ ਭੱਜ ਗਏ,
ਕੋਈ ਨੇੜਿ ਨਾ ਆਇਆ ।
ਲੋਥ' ਪਾਪੀ ਉਸ 'ਸੂਬੇ' ਦੁਸ਼ਟ ਦੀ,
ਜੰਡ" ਨਾਲ ਟੰਗਾਈ ।
ਬਾਬਾ "ਬੰਦਾ ਸਿੰਘ" ਸਰਹੰਦ ਦੀ,
ਇੱਟ ਨਾਲ ਇੱਟ ਵਜਾਈ ।
ਸੁੱਚਾ ਨੰਦ' ਪਾਪੀ ਨੂੰ ਲੱਭ ਕੇ,
ਦਰਿ ਭੀਖ ਮੰਗਾਈ ।
ਜੋਰਾਵਰ, ਫ਼ਤਿਹ ਸਿੰਘ ਦੇ ਕਾਤਲਾਂ ਨੂੰ,ਫ਼ੜ ਦਿੱਤੀ ਸਜ਼ਾਈ ।
ਰਾਜ ਖ਼ਾਲਸੇ ਦਾ ਐਲਾਨਿ ਕਰਿ,
ਗੁਰੂ "ਸਿੱਕਾ" ਚਲਾਇਓ ।
ਬਾਬਾ ਬੰਦਾ ਸਿੰਘ" ਨਾਉ ਆਪਣਾ,
ਕਹੀਂ ਨਹਿੰ ਲਿਖਵਾਇਓ ।
ਬਾਜ ਸਿੰਘ" ਸੂਬੇਦਾਰ ਥਾਪਿਓ,
ਹਾਕਮ ਠਹਿਰਾਇਉ ।
ਆਲੀ ਸਿੰਘ" ਗੁਰੂ ਸੂਰਮਾ,
ਨਾਇਬ" ਸਦਵਾਇਓ ।
ਥਾਂਵਿ ਲਾਲ" ਸ਼ਹੀਦੀ ਢੂੰਡਿ ਕੇ,ਗੁਰਧਾਮਿ ਸਜਾਇਉ ।
ਟੋਡਰ ਮੱਲ, ਮੋਤੀ ਮਹਿਰਾ ਜੀ ਥਾਨ,
ਸਿਉ ਅਦਬੁ ਬਨਾਇਉ ।
ਸਭ ਲੋਗ ਕਉ ਸਿੰਘਨ ਸੁੱਖ ਦੀਉ,
ਨਹੀਂ ਦੂਖਿ ਲਗਾਇਉ ।
ਬਾਬਾ ਬੰਦਾ ਸਿੰਘ ਬਹਾਦਰ ਸੂਰਮੇ,
ਗੁਰ ਹੁਕਮਿ" ਕਮਾਇਉ ।

ਗੁਰਜੀਤ ਸਿੰਘ ਖਾਲਸਾ
ਐਡਮਿੰਟਨ ਸਿੱਖਜ਼,

## ਜੂੰਅ 'ਤੇ ਜਾਊ ਕਰੋਨਾ ?



-ਤਰਲੋਚਨ ਸਿੰਘ ਦੁਪਾਲ ਪੁਰ
001 819 502 5579

ਫੈਲ ਰਿਹਾ ਏ ਜੰਗਲ ਦੀ ਅੱਗ ਵਾਂਗੂੰ
ਛਾਈ ਚਿੰਤਾ ਦੀ ਘਟਾ ਘਨਘੋਰ ਬੇਲੀ।
ਕੋਈ ਨ੍ਹੀ ਜਾਣਦਾ ਏਸਦੇ ਅੰਤ ਬਾਰੇ
ਖੂਨ ਪੀਣਾ ਇਸ ਕਿੰਨਾ ਕੁ ਹੋਰ ਬੇਲੀ।
ਸਹਿਮੇਂ ਲੋਕਾਂ ਨੂੰ ਸੁੱਕਣੇ ਪਾਈ ਰੱਖੇ
ਸੋਸ਼ਲ ਮੀਡ੍ਹੀਏ ਉੱਤੇ ਜੋ ਸ਼ੋਰ ਬੇਲੀ।
ਵਿਆਹ ਭੰਗੜੇ ਭੋਗ ਅਲੋਪ ਹੋ ਗਏ
ਚੜ੍ਹਦੀ ਦਿਸੇ ਨਾ ਖੁਸ਼ੀ ਦੀ ਲੋਰ ਬੇਲੀ।
ਦੜ ਵੱਟ ਜਮਾਨਾ ਪਏ ਕੱਟ ਰਹੇ ਆਂ
ਬਹਿ ਕੇ ਘਰਾਂ ਵਿਚ ਹੋਏ ਹਾਂ ਬੋਰ ਬੇਲੀ।
ਘੋੜੇ ਚੜ੍ਹਕੇ ਆਉਂਦਾ ਏ ਦੁੱਖ ਕਹਿੰਦੇ
ਜਾਂਦਾ ਹੁੰਦਾ ਏ ਜੂੰਆਂ ਦੀ ਤੋਰ ਬੇਲੀ !

## ਗੁਰਬਾਣੀ



ਗੁਰਬਾਣੀ ਦਾ ਜੋ ਲਏ ਸਹਾਰਾ
ਪਾਵੇ ਰੋਗਾਂ ਤੋਂ ਛੁਟਕਾਰਾ
ਗੁਰਬਾਣੀ ਪੜੋ ਗੁਰਬਾਣੀ ਗਾਓ
ਹਰ ਕਾ ਨਾਮ ਮੰਨ ਮਾਹਿ ਸਮਾਓ
ਗੁਰਬਾਣੀ ਖੁਸ਼ੀਆਂ ਖੇੜੇ ਲਿਆਵੇ
ਚੜਦੀ ਕਲਾ ਵਿਚ ਰਹਿਣਾ ਸਿਖਾਵੇ
ਗੁਰਬਾਣੀ ਹੀਰਾ ਰਤਨ ਅਨਮੋਲ
ਗੁਰਬਾਣੀ ਦੇ ਨੇ ਮਿੱਠੜੇ ਬੋਲ
ਗੁਰਬਾਣੀ ਦੇਵੇ ਸ਼ਕਤੀ ਅਪਾਰ
ਗੁਰਬਾਣੀ ਨੂੰ ਕਰ ਸਦ ਨਮਸਕਾਰ
ਗੁਰਬਾਣੀ ਖੋਲ੍ਹੇ ਦਸਮ ਦਵਾਰ
ਗੁਰਬਾਣੀ ਦੇ ਨਾਲ ਕਰੋ ਪਿਆਰ
ਗੁਰਬਾਣੀ ਗੂੰਗੇ ਬੋਲਣ ਲਾਵੇ
ਗੁਰਬਾਣੀ ਵੈਰੀ ਮੀਤ ਬਣਾਵੇ
ਗੁਰਬਾਣੀ ਕਲ ਮਾਹਿ ਹੋਏ ਪਰਧਾਨਾ
ਲੜ ਲਗ ਬਾਣੀ ਕੁਲ ਤਰੇ ਜ਼ਮਾਨਾ
ਹਸਨ ਖੇਡਣ ਮਨ ਕਾ ਚਾਓ
ਦੂਖ ਨਿਵਾਰੇ ਸੁਖ ਘਰ ਆਓ
ਗੁਰਬਾਣੀ ਗੁਰਾਂ ਨੇ ਆਪ ਉਚਾਰੀ
ਸਾਧੂ ਸੰਤਾਂ ਪੜ ਪੜ ਵਿਚਾਰੀ
ਗੁਰਬਾਣੀ ਰੰਗ ਲਿਆਏ ਹਰ ਵੇਹੜੇ
ਲਿਵ ਲਾ ਕੇ ਪੜਦੇ ਨੇ ਜਿਹੜੇ
ਪੜੇ ਗੁਰਬਾਣੀ ਹੋਏ ਮੂਰਖ ਸਿਆਣਾ
ਸਾਹਿਬ ਮੇਰਾ ਸਦਾ ਮਿਹਰਵਾਨਾ
ਗੁਰਬਾਣੀ ਤੋਂ ਚੀਮਾ ਕੁਰਬਾਨ
ਗੁਰ ਬਾਣੀ ਬਕਸ਼ੇ ਨਾਮ ਦਾ
ਨਸੰਕਟ ਮੇਂ ਜੋ ਪੜੇ ਗੁਰਬਾਣੀ
ਸੋਈ ਭਵਜਲ ਤਰੇ ਪਰਾਣੀ .

ਅਮਰਜੀਤ ਚੀਮਾ

* * * * * * *

**ਇਤਿਹਾਸ**

ਤਾਰਿਕ ਕਿਫ਼ਾਇਤਉਲਾ

# ਜਿੱਤ ਦਾ ਪ੍ਰਚੰਡ ਰੂਪ ਜ਼ਫ਼ਰਨਾਮਾ ਸਿੱਖ ਇਨਕਲਾਬ ਦਾ ਮਹਾਨ ਦਸਤਾਵੇਜ਼

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਫ਼ਾਰਸੀ ਰਚਨਾ ਹੈ। ਜ਼ਫ਼ਰ ਦਾ ਅਰਥ ਹੈ ਜਿੱਤ, ਕਾਮਯਾਬੀ, ਤਕਮੀਨ ਅਤੇ ਨਾਮਾ ਦਾ ਅਰਥ ਹੈ ਲਿਖਤ, ਕਿਰਤ, ਚਿੱਠੀ, ਪੱਤਰ, ਪੁਸਤਕ ਆਦਿ। 'ਜ਼ਫ਼ਰਨਾਮਾ' ਦਾ ਜਿਹੜਾ ਪਾਠ 'ਦਸ਼ਮ ਗ੍ਰੰਥ' ਵਿਚ ਦਰਜ ਹੈ, ਉਸ ਵਿਚ ਕੇਵਲ 111 ਤੋਂ 115 ਬੈਂਤ ਜਾਂ ਸ਼ਿਅਰ ਸ਼ਾਮਲ ਹਨ। ਕੁਝ ਖੋਜੀਆਂ ਦਾ ਵਿਚਾਰ ਹੈ ਕਿ ਇਹ 'ਜ਼ਫ਼ਰਨਾਮਾ' ਦਾ ਸੰਪੂਰਨ ਪਾਠ ਨਹੀਂ ਹੈ, ਸਗੋਂ ਜ਼ਫ਼ਰਨਾਮਾ ਦੇ ਮੂਲ ਪਾਠ ਦਾ ਕੇਵਲ ਇਕ ਭਾਗ ਹੈ। 'ਜ਼ਫ਼ਰਨਾਮਾ' ਦੇ ਸਿਰਲੇਖ ਅਧੀਨ ਛਪੀਆਂ ਪੁਸਤਕਾਂ ਵਿਚ ਅਕਸਰ 861-867 ਸ਼ਿਅਰ ਮਿਲਦੇ ਹਨ। ਕਿਸੇ ਵੀ ਉਪਲਬਧ ਪ੍ਰਕਾਸ਼ਨ ਵਿਚ ਸ਼ਿਅਰਾਂ ਦੀ ਗਿਣਤੀ 904 ਤੋਂ ਵੱਧ ਨਹੀਂ ਹੈ। 'ਦਸਮ ਗ੍ਰੰਥ' ਵਿਚ ਸ਼ਾਮਲ ਸ਼ਿਅਰਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਮਜ਼ਮੂਨ ਦੇ ਲਿਹਾਜ਼ ਨਾਲ ਲੜੀ ਵਿਚ ਜ਼ਰੂਰ ਕਿਤੇ ਵਿਘਨ ਪਿਆ ਹੈ। ਸਾਰੇ ਸ਼ਿਅਰ ਆਪਣੀ ਅਸਲੀ ਤਰਤੀਬ ਤੇ ਸਰੂਪ ਵਿਚ ਉਪਲੱਬਧ ਹੋ ਸਕਦੇ ਹਨ ਤਾਂ ਗੁਰੂ ਸਾਹਿਬ ਦੇ ਕਾਵਿ ਕੌਸ਼ਲ ਦਾ ਮੁਨੱਵਰ ਜਲਵਾ ਤੇ ਰਯਾਤੀਅਤਾ ਕਰਨ ਵਾਲੇ ਜਜ਼ਬਾਤ ਦਾ ਪ੍ਰਗਟਾਵਾ ਆਪਣੇ ਪੂਰੇ ਸ਼ਬਾਬ ਤੇ ਵੇਖਣ ਨੂੰ ਮਿਲਦਾ। ਇਹ ਫਾਰਸੀ ਸਾਹਿਤ ਦਾ ਇਕ ਨਿਵੇਕਲਾ ਨਮੂਨਾ ਹੋਣਾ ਸੀ। ਇਸ ਦਾ ਕੁਝ ਅੰਦਾਜ਼ਾ ਉਨ੍ਹਾਂ ਰਕਾਯਤਾਂ ਦੇ ਸ਼ਿਅਰਾਂ ਤੋਂ ਲਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਕਈ ਪ੍ਰਕਾਸ਼ਕਾਂ ਵੱਲੋਂ 'ਜ਼ਫ਼ਰਨਾਮਾ' ਦੇ ਹਿੱਸੇ ਵਜੋਂ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਪੁਰਾਤਨ ਬੀੜਾਂ ਵਿਚ ਇਹ 'ਜ਼ਫ਼ਰਨਾਮਾ' ਤੋਂ ਪਿਛੋਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਵਿਸ਼ਾ 'ਜ਼ਫ਼ਰਨਾਮਾ' ਤੋਂ ਵੱਖਰਾ ਹੈ।

ਇਨ੍ਹਾਂ ਨੂੰ ਇਕੱਠਿਆਂ ਕਰਨ ਦਾ ਕਾਰਨ ਇਹ ਜਾਪਦਾ ਹੈ ਕਿ ਸਾਰੇ ਫ਼ਾਰਸੀ ਕਲਾਮ ਨੂੰ ਸੁਰੱਖਿਅਤ ਕਰ ਲਿਆ ਜਾਵੇ। ਫਿਰ ਇਨ੍ਹਾਂ ਸਭ ਦੀ ਬਹਿਰ 'ਮੁਰਕਾਰਿਬ ਮੁਸੱਮਨ ਮਹਿਜ਼ੂਫ਼ (ਮਕਸੂਰ)' ਅਰਥਾਤ ਫਊਲਨ ਫਊਲਨ ਫਊਲਨ ਫਊਲ ਹੈ, ਉਹੀ ਬਹਿਰ ਜਿਸ ਵਿਚ ਫਾਰਸੀ ਦੀਆਂ ਸ਼ਾਹਨਾਮਾ-ਏ-ਫਿਰਦੌਸੀ ਵਰਗੀਆਂ ਪ੍ਰਸਿੱਧ ਰਜ਼ਮੀਆਂ ਮਸਨਵੀਆਂ ਲਿਖੀਆਂ ਗਈਆਂ ਹਨ। ਇਨ੍ਹਾਂ ਦੇ ਕਥਾ ਪੱਖ ਨੂੰ ਛੱਡ ਕੇ ਇਨ੍ਹਾਂ ਦਾ ਜੋਸ਼, ਇਨ੍ਹਾਂ ਦਾ ਵਲਵਲਾ, ਇਨ੍ਹਾਂ ਦੀ ਕਾਟ, ਇਨ੍ਹਾਂ ਦੀ ਤੜਪ, ਹਰੇਕ ਜਜ਼ਬਾ ਸੀਨੇ ਵਿਚ ਅੱਗ ਬਾਲਦਾ ਨਜ਼ਰ ਆਉਂਦਾ ਹੈ। ਜਾਪਦਾ ਹੈ ਕਿ 'ਦਸਮ ਗ੍ਰੰਥ' ਵਿਚ ਸ਼ਾਮਲ ਜ਼ਫਰਨਾਮਾ ਉਹੀ ਸ਼ਾਮਲ ਕੀਤਾ ਹੈ, ਜਿਸ ਦੀ ਪ੍ਰਮਾਣਿਕਤਾ ਨਿਸ਼ਚਿਤ ਹੈ। ਭਾਵੇਂ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ 'ਜ਼ਫਰਨਾਮਾ' ਇਕ ਪੱਤਰ ਨਾ ਹੋ ਕੇ ਇਕ ਮਸਨਵੀਂ ਦੇ ਰੂਪ ਵਿਚ ਲਿਖਿਆ ਗਿਆ ਸੀ।

ਇਸੇ ਲਈ ਇਸ ਵਿਚ ਮਸਨਵੀ ਦੀ ਪਰੰਪਰਾ ਨੂੰ ਸਨਮੁੱਖ ਰਖਿਆ ਗਿਆ ਹੈ। ਪਰ ਸਾਡੇ ਵਿਚਾਰ ਅਨੁਸਾਰ ਫ਼ਾਰਸੀ ਵਿਚ ਪੱਤਰ ਲਿਖਣ ਲਈ ਵੀ ਕਈ ਰਵਾਇਤਾਂ ਨੂੰ ਸਾਹਮਣੇ ਰੱਖਿਆ ਜਾਂਦਾ ਸੀ। ਇਸ ਵਿਚ ਵੀ ਹਮਦ, ਮੁਨਾਜਾਤ, ਨਾਅਤ ਆਦਿ ਦੇ ਸ਼ਿਅਰ ਉਸੇ ਤਰ੍ਹਾਂ ਸ਼ੁਰੂ ਵਿਚ ਆਉਂਦੇ ਸਨ ਜਿਵੇਂ ਕਿ ਮਸਨਵੀ ਵਿਚ ਰੱਖੇ ਜਾਂਦੇ ਸਨ। 'ਜ਼ਫ਼ਰਨਾਮਾ' ਜੇ ਹਮਦ ਨਾਲ ਸ਼ੁਰੂ ਹੋਇਆ ਹੈ ਅਤੇ ਇਸ ਵਿਚ ਨਾਅਤ ਦੇ ਸ਼ਿਅਰ ਵੀ ਹਨ ਤਾਂ ਇਸ ਤੋਂ ਇਸ ਗੱਲ ਸਾਬਿਤ ਹੁੰਦੀ ਕਿ ਇਸ ਨੂੰ ਪੱਤਰ ਰੂਪ ਵਿਚ ਨਹੀਂ, ਮਸਨਵੀਂ ਰੂਪ ਵਿਚ ਰਚਿਆ ਗਿਆ ਸੀ। ਫਿਰ ਇਹ ਵੀ ਕੋਈ ਪਾਬੰਦੀ ਨਹੀਂ ਕਿ ਪੱਤਰ ਲਈ ਮਸਨਵੀਂ ਦਾ ਕਾਵਿ-ਰੂਪ ਵਰਤਿਆ ਨਹੀਂ ਜਾ ਸਕਦਾ।

'ਜ਼ਫ਼ਰਨਾਮਾ' ਜਿਵੇਂ ਕਿ ਸਿਰਨਾਵਾਂ ਦੱਸਦਾ ਹੈ ਕਿ ਜਿੱਤ ਦਾ ਪ੍ਰਤੀਕ ਹੈ। ਇਹ ਜਿੱਤ ਗੁਰੂ ਸਾਹਿਬ ਨੂੰ ਕਿਵੇਂ ਅਤੇ ਕਿਹੜੀਆਂ ਕਿਹੜੀਆਂ ਕੁਰਬਾਨੀਆਂ ਦੇ ਸਿੱਟੇ ਵਿਚ ਪ੍ਰਾਪਤ ਹੋਈ, ਇਸ ਜਿੱਤ ਲਈ ਗੁਰੂ ਸਾਹਿਬ ਦੇ ਕਿਹੜੇ ਚਹੇਤੇ ਸ਼ਹੀਦ ਹੋਏ, ਕਿਹੜੇ ਵੈਰੀ ਫ਼ਨ੍ਹਾ ਹੋਏ, ਇਹ ਸਭ ਇਤਿਹਾਸ ਵਿਚ ਅੰਕਿਤ ਹੈ ਅਤੇ ਅਸੀਂ ਸਾਰੇ ਉਸ ਤੋਂ ਭਲੀ ਭਾਂਤ ਜਾਣੂ ਹਾਂ। ਔਰੰਗਜ਼ੇਬ, ਜਿਸ ਨੂੰ ਇਸ 'ਜ਼ਫਰਨਾਮੇ' ਰਾਹੀ ਸੰਬੋਧਿਤ ਕੀਤਾ ਗਿਆ ਸੀ ਕਿਵੇਂ ਮਾਨਿਸਕ ਤੌਰ 'ਤੇ ਪ੍ਰੇਸ਼ਾਨੀ ਦਾ ਸ਼ਿਕਾਰ ਹੋਇਆ, ਉਸ ਦੀ ਵਿਸ਼ਾਲ ਸਲਤਨਤ (ਮੁਗ਼ਲ ਰਾਜ) ਦੀ ਕੀ ਬੁਰੀ ਹਾਲਤ ਹੋਈ ਇਹ ਵੀ ਦੁਨੀਆਂ ਵੇਖ ਚੁੱਕੀ ਹੈ। ਇਸ ਤਾਰੀਖ਼ੀ ਪੱਖ ਨੂੰ ਛੱਡਦਿਆਂ ਅਸੀਂ ਤਾਂ 'ਜ਼ਫਰਨਾਮਾ' ਦੇ ਰੂਹਾਨੀ ਪੱਖ 'ਤੇ ਝਾਤ ਮਾਰਨੀ ਚਾਹੁੰਦੇ ਹਾਂ ਅਤੇ ਇਹ ਵੇਖਣਾ ਚਾਹੁੰਦੇ ਹਾਂ ਕਿ ਕੀ 'ਜ਼ਫਰਨਾਮਾ' ਇਸ ਪੱਖੋਂ ਵੀ ਆਪਣੇ ਸਿਰਨਾਵੇਂ ਅਨੁਸਾਰ ਵਾਕਈ ਜਿੱਤ ਦਾ ਰੂਪ ਹੈ।

ਹਾਰ ਅਤੇ ਜਿੱਤ ਦੋ ਪ੍ਰਕਾਰ ਦੀ ਹੁੰਦੀ ਹੈ। ਆਮ ਲੋਕ ਫ਼ੌਜਾਂ ਤੇ ਹਥਿਆਰਾਂ ਦੇ ਬਲਬੂਤੇ ਹਾਸਲ ਕੀਤੇ ਭੁਇ ਦੇ ਟੁੱਕੜੇ ਜਾਂ ਵੈਰੀ ਕੋਲੋਂ ਗਏ ਮਾਲ ਨੂੰ ਹੀ ਜਿੱਤ ਸਮਝਦੇ ਹਨ, ਪਰ ਇਹ ਜਿੱਤ ਕੇਵਲ ਜ਼ਾਹਰੀ ਤੇ ਆਰਜ਼ੀ ਹੁੰਦੀ ਹੈ। ਇਹ ਜਿੱਤ ਤਬਾਹੀ, ਬਰਬਾਦੀ ਅਤੇ ਨਫਰਤ ਲਿਆਉਂਦੀ ਹੈ। ਇਸ ਜਿੱਤ ਨਾਲ ਲੋਕਾਂ ਦੇ ਸ਼ਰੀਰਾਂ ਨੂੰ ਆਪਣੇ ਅਧੀਨ ਕਰਕੇ ਉਨ੍ਹਾਂ 'ਤੇ ਰਾਜ ਖਤਿ ਜਾ ਸਕਦਾ ਹੈ, ਪਰ ਉਹਨਾਂ ਦੇ ਮਨਾਂ ਉੱਤੇ ਜੇਤੂ ਦਾ ਕੋਈ ਵੱਸ ਨਹੀਂ ਹੁੰਦਾ। ਇਸ ਦੇ ਮੁਕਾਬਲੇ ਵਿਚ ਦੂਜੀ ਤਰ੍ਹਾਂ ਦੀ ਜਿੱਤ ਰੂਹਾਨੀ ਹੈ, ਜਿਸ ਵਿਚ ਮਨਾਂ ਨੂੰ ਜਿੱਤਿਆ ਜਾਂਦਾ ਹੈ।

ਇਸ ਜਿੱਤ ਦਾ ਪ੍ਰਭਾਵ ਕਿਤੇ ਲਮੇਰਾ ਹੁੰਦਾ ਹੈ। ਇਹ ਜਿੱਤ ਹੀ ਅਸਲ ਜਿੱਤ ਹੈ ਅਤੇ ਇਸ ਦੇ ਹਥਿਆਰ ਈਮਾਨ, ਅਖ਼ਲਾਕ, ਖੁਦਾ-ਪ੍ਰਸਤੀ ਤੇ ਨਿਮਰਤਾ ਭਾਵ ਆਦਿ ਹੁੰਦੇ ਹਨ। ਇਸ ਜਿੱਤ ਦੇ ਸਿੱਟੇ ਵਜੋਂ ਪਿਆਰ ਮੁਹੱਬਤ ਅਤੇ ਭਾਈਚਾਰੇ ਦੀ ਫਸਲ ਪੁੰਗਰਦੀ ਹੈ। 'ਜ਼ਫ਼ਰਨਾਮਾ' ਪਹਿਲੀ ਤਰ੍ਹਾਂ ਦੀ ਜਿੱਤ ਦਾ ਸੂਚਕ ਹੈ ਜਾਂ ਨਹੀਂ ? ਇਹ ਗੱਲ ਬਾਅਦ ਦੀ ਹੈ, ਪਰ ਨਿਰਸੰਦੇਹ ਇਹ ਦੂਜੀ ਪ੍ਰਕਾਰ ਦੀ ਜਿੱਤ ਦਾ ਪ੍ਰਤੀਕ ਜ਼ਰੂਰ ਹੈ ਇਹ ਧਰਮ ਤੇ ਮਨੁੱਖਤਾ ਦੇ ਉੱਤੇ ਆਦਰਸ਼ਾਂ ਦਾ ਅਲਮਬਰਦਾਰ ਹੈ ਅਤੇ ਉਨ੍ਹਾਂ ਦੀ ਪਾਲਨਾ ਕਰਨ ਲਈ ਪ੍ਰੇਰਦਾ ਹੈ। 'ਜ਼ਫ਼ਰਨਾਮਾ' ਇਸ ਗੱਲ ਦੀ ਸਾਖੀ ਭਰਦਾ ਹੈ ਕਿ ਧਰਮ ਦੀ ਪਾਲਨਾ ਇਕ ਸ਼ਹਿਨਸ਼ਾਹ ਲਈ ਵੀ ਉਨੀ ਹੀ ਜ਼ਰੂਰੀ ਹੈ ਜਿੰਨੀ ਇਕ ਸਾਧਾਰਨ ਮਨੁੱਖ ਲਈ, ਸਗੋਂ ਇਕ ਸ਼ਾਸ਼ਕ ਲਈ ਤਾਂ ਧਰਮ ਦਾ ਪਾਲਣ ਵਧੇਰੇ ਜ਼ਰੂਰੀ ਹੈ ਕਿਉਂ ਜੋ 'ਯਥਾ ਰਾਜਾ ਤਥਾ ਪਰਜਾ' ਅਤੇ 'ਐਨਾਸੁਅਲਾ ਦੀਨਿ ਮਲੂਕਿਹੁਮਾ' (ਪਰਜਾ ਉਸੇ ਧਰਮ ਨੂੰ ਅਪਣਾਉਂਦੀ ਹੈ ਜਿਹੜਾ ਰਾਜੇ ਦਾ ਹੁੰਦਾ ਹੈ) ਅਨੁਸਾਰ ਕਿਸੇ ਸ਼ਾਸ਼ਕ ਦਾ ਕੋਈ ਕਸਬ, ਜਾਤੀ ਜਾਂ ਵਿਅਕਤੀਗਤ ਨਹੀਂ ਰਹਿੰਦਾ ਸਗੋਂ ਸਮੂਹਕ ਹੋ ਜਾਂਦਾ ਹੈ ਅਤੇ ਇਸੇ ਕਾਰਨ ਜੇ ਰਾਜੇ ਨੂੰ ਵੇਖ ਕੇ ਪਰਜਾ ਵਿਗੜਦੀ ਹੈ ਤਾਂ ਉਸ ਦਾ ਗੁਨਹਾਗਾਰ ਵੀ ਰਾਜਾ ਹੀ ਹੁੰਦਾ ਹੈ।

ਗੁਰੂ ਸਾਹਿਬ ਨੇ ਇਨ੍ਹਾਂ ਹੀ ਆਦਰਸ਼ਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਆਪਣਾ ਫਰਜ਼ ਅਦਾ ਕਰਦੇ ਹੋਏ ਔਰੰਗਜ਼ੇਬ ਨੂੰ ਆਪਣੀ ਜ਼ਿੰਮੇਵਾਰੀ ਸਮਝਾਉਣ ਲਈ ਇਹ ਪੱਤਰ ਲਿਖਿਆ। ਨੇਕ ਮਕਸਦ ਲਈ ਆਪਣੀ ਥਾਂ 'ਤੇ ਅਟੱਲ ਤੇ ਅਹਿੱਲ ਰਹਿਣਾ ਭਾਵੇਂ ਇਸ ਲਈ ਕਿੰਡੀ ਵੱਡੀ ਕੁਰਬਾਨੀ, ਜਾਂ ਤਿਆਗ ਦੀ ਲੋੜ ਪਵੇ। ਨਿਡਰਤਾ ਤੇ ਦਲੇਰੀ ਨਾਲ, ਨੰਗੀ ਤਲਵਾਰ ਵਾਂਗ, ਜ਼ਾਲਮ ਸ਼ਾਸਕ ਨੂੰ ਉਸ ਦੇ ਮੂੰਹ 'ਤੇ ਜ਼ਾਲਮ ਕਹਿਣਾ ਅਤੇ ਜ਼ੁਲਮ ਤੋਂ ਬਾਜ਼ ਆਉਣ ਲਈ ਤਾੜਨਾ ਕਰਨੀ ਅਤੇ ਸਭ ਤੋਂ ਵੱਧ ਇਹ ਕਿ ਹਰ ਹਾਲ ਵਿਚ ਆਪਣੇ ਰੱਬ ਦੀ ਰਜ਼ਾ ਵਿਚ ਰਹਿਣਾ, ਹਰ ਥਾਂ, ਹਰ ਸਮੇਂ ਉਸ ਦੇ ਨਾਮ ਦਾ ਸਿਮਰਨ ਤੇ ਉਸ ਦੀ ਉਸਤਤੀ ਦੇ ਨਾਲ ਉਸ ਦਾ ਸ਼ੁਕਰ ਕਰਨਾ, ਇਹ ਸਾਰੇ ਮਹਾਨ ਆਦਰਸ਼ ਗੁਰੂ ਸਾਹਿਬ ਦੇ ਆਪਣੇ ਮਹਾਨ ਚਰਿੱਤਰ ਦਾ ਹਿੱਸਾ ਹਨ, ਇਸੇ ਕਰਕੇ 'ਜ਼ਫਰਨਾਮੇ' ਵਿਚ ਵੀ ਪ੍ਰਗਟ ਹੋਏ ਹਨ। ਗੁਰੂ ਸਾਹਿਬ ਦਾ ਇਨ੍ਹਾਂ ਉੱਤੇ ਕਿੰਨਾ ਦ੍ਰਿੜ੍ਹ ਵਿਸ਼ਵਾਸ ਸੀ ਇਸ ਦਾ ਅਨੁਮਾਨ 'ਜ਼ਫ਼ਰਨਾਮੇ' ਦੇ ਸ਼ਿਅਰਾਂ ਤੋਂ ਭਲੀ ਭਾਂਤ ਲੱਗਦਾ ਹੈ।

'ਜ਼ਫ਼ਰਨਾਮਾ' ਜਿਸ ਬੁਨਿਆਦੀ ਨਜ਼ਰੀਏ ਨੂੰ ਸਭ ਤੋਂ ਵਧੇਰੇ ਉਘਾੜਦਾ ਹੈ ਉਹ ਹੈ ਗੁਰੂ ਸਾਹਿਬ ਦਾ ਆਪਣੇ ਵਾਹਿਗੁਰੂ ਪ੍ਰਤਿ ਅਹਿਲ ਵਿਸ਼ਵਾਸ ਅਤੇ ਉਸ ਦੀ ਮਦਦ ਬਾਰੇ ਬੇ-ਝੜ ਯਕੀਨ। ਗੁਰੂ ਸਾਹਿਬ ਵਲੋਂ ਇਸ ਸਦੀਵੀ ਹਕੀਕਤ ਨੂੰ ਪੂਰੇ ਜ਼ੋਰ ਨਾਲ ਬਿਆਨ ਕੀਤਾ ਗਿਆ ਹੈ ਕਿ ਮਨੁੱਖ ਜੇ ਕਿਸੇ ਸਹਾਰੇ ਉੱਤੇ ਅੱਖਾਂ ਬੰਦ ਕਰਕੇ ਭਰੋਸਾ ਕਰ ਸਕਦਾ ਹੈ ਤਾਂ ਉਹ ਹੈ ਰੱਬੀ ਤਾਕਤ ਜਿਹੜੀ ਰੱਬ ਦੇ ਉਨ੍ਹਾਂ ਬੰਦਿਆਂ ਨੂੰ ਜ਼ਰੂਰ ਰਸਤਾ ਵਿਖਾਉਂਦੀ ਹੈ ਜਿਹੜੇ ਉਸ 'ਤੇ ਯਕੀਨ ਰੱਖਦੇ ਹਨ। ਵੈਰੀ ਕਿੰਨਾ ਵੀ ਜ਼ੋਰਾਵਰ ਹੋਵੇ, ਰੱਬ ਤੇ ਭਰੋਸਾ ਰੱਖਣ ਵਾਲੇ ਬੰਦੇ ਨੂੰ ਉਸ ਤੋਂ ਕੋਈ ਡਰ ਨਹੀਂ ਹੁੰਦਾ। ਉਹ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।ਰੱਬੀ ਮਦਦ ਸਾਹਮਣੇ ਦੁਸ਼ਮਣ ਦੇ ਸਾਰੇ ਹਥਿਆਰ, ਸਾਰੇ ਲਸ਼ਕਰ, ਸਾਰੇ ਸਾਜ-ਸਾਮਾਨ ਅਰਥਹੀਨ ਹੋ ਜਾਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ :

ਚੁ ਹੱਕ ਯਾਰ ਬਾਸ਼ਦ ਚਿੱਹ ਦੁਸ਼ਮਨ ਕਨਦ।
ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ

(ਜਦੋਂ ਅਕਾਲ ਪੁਰਖ ਦੀ ਸਰਪ੍ਰਸਤੀ ਹਾਸਲ ਹੋਵੇ ਤਾਂ ਵੈਰੀ ਭਾਵੇਂ ਪੂਰਾ ਜ਼ੋਰ ਲਾ ਲਵੇ ਕੁੱਝ ਵੀ ਨਹੀਂ ਵਿਗਾੜ ਸਕਦਾ)

ਚਿਹ ਦੁਸ਼ਮਨ ਕੁਨਦ
ਮਿਹਰਬਾਨ ਅਸਤ ਦੋਸਤ।
ਕਿ ਬਖ਼ਸ਼ਿੰਦਗੀ ਕਾਰ-ਬਖ਼ਸ਼ਿੰਦਹ ਓਸਤ

(ਦੁਸ਼ਮਨ ਕੀ ਕਰ ਸਕਦਾ ਜਦੋਂ ਮੇਰਾ ਯਾਰ ਮੇਰੇ ਉੱਤੇ ਮਿਹਰਬਾਨ ਹੈ ਅਤੇ ਕਿਸੇ ਨੂੰ ਵੀ ਸ਼ਕਤੀ ਪ੍ਰਦਾਨ ਕਰਨਾ ਜਾਂ ਨਿਰਬਲ ਬਣਾ ਦੇਣਾ ਉਸੇ ਦੇ ਵੱਸ ਹੈ)

ਰੱਬ ਸੱਚੇ 'ਤੇ ਗਾਮਿਲ ਭਰੋਸਾ ਹੀ ਇਸ ਤੁੱਛ ਜਿਹੇ ਮਨੁੱਖ ਨੂੰ ਉਹ ਬਲ, ਉਹ ਸ਼ਕਤੀ ਪ੍ਰਦਾਨ ਕਰਦਾ ਹੈ ਕਿ ਉਹ ਹੋਣੀ ਨੂੰ ਅਣਹੋਣੀ ਅਤੇ ਅਸੰਭਵ ਕਰ ਵਿਖਾਉਣ ਤੇ ਸਮਰਥ ਹੋ ਜਾਂਦਾ ਹੈ। 'ਸਵਾ ਲਾਖ ਸੇ ਏਕ ਲੜਾਊਂ' ਕਹਿਣ ਦਾ ਹੀਆ ਉਹੀ ਸਿਦਕੀ ਮਹਾਂਪੁਰਸ਼ ਕਰ ਸਕਦਾ ਹੈ ਜਿਸ ਨੂੰ ਆਪਣੇ ਕਾਦਰ-ਏ-ਮੁਲਤਕ (ਸਰਬ ਸ਼ਕਤੀਮਾਨ) ਰੱਬ ਉੱਤੇ ਕਾਮਿਲ ਈਮਾਨ ਹੋਵੇ ਜਿਸ ਦੀ ਮੌਜੂਦਗੀ ਬੰਦੇ ਨੂੰ ਸ਼ੇਰ ਬਣਾ ਦਿੰਦੀ ਹੈ ਕਿ ਉਹ ਇਕੱਲਾ ਹੀ ਹਜ਼ਾਰਾਂ ਲੱਖਾਂ ਨਾਲ ਟੱਕਰ ਲੈਣ ਅਤੇ ਉਨ੍ਹਾਂ ਦਾ ਸਰਵਨਾਸ਼ ਕਰਨ ਦਾ ਯਕੀਨ ਰੱਖਦਾ ਹੈ, ਕਿਉਂਜੋ ਉਸ ਦਾ ਈਮਾਨ ਹੈ ਕਿ ਉਸ ਨੂੰ ਉਸ ਰੱਬ ਦੀ ਹਮਾਇਤ ਪ੍ਰਾਪਤ ਹੈ ਜਿਹੜਾ ਸਭ ਸ਼ਕਤੀਆਂ ਦਾ ਸੋਮਾ ਹੈ :

ਅਗਰ ਬਰ ਯਕ ਆਯਦ ਦਹੋ ਦਹ ਹਜ਼ਾਰ
ਨਿਗਾਹਬਾਨ ਊ ਰਾ ਸ਼ਵਦ ਕਿਰਦਗਾਰ

(ਜਦੋਂ ਮੇਰਾ ਯਾਰ ਮੇਰੇ ਉੱਤੇ ਮਿਹਰਬਾਨ ਹੈ ਤੇ ਮੇਰਾ ਸਾਥ ਦੇ ਰਿਹਾ ਹੈ ਤਾਂ ਮੈਂ ਉਸ ਦੀ ਮਿਹਰ ਸਦਕੇ ਹਜ਼ਾਰਾਂ ਲੱਖਾਂ ਨਾਲ ਲੜ ਸਕਦਾ ਹਾਂ)

ਇਸੇ ਤੱਥ ਨੂੰ ਇਕ ਹੋਰ ਥਾਂ ਗੁਰੂ ਸਾਹਿਬ ਇੰਜ ਬਿਆਨ ਕਰਦੇ ਹਨ :

ਬਬੀਂ ਕੁਦਰਤਿ ਨੇਕ ਯਜਦਾਨਿ ਪਾਕ
ਕਿ ਅਜ਼ ਯਕ ਬ ਦਹ ਲੱਕ ਰਸਾਨਦ ਹਲਾਕ

(ਪਵਿੱਤਰ ਅਕਾਲ ਪੁਰਖ ਦੀ ਅਪਰਮਪਾਰ ਮਹਿਮਾ ਨੂੰ ਵੇਖ ਉਸ ਦੀ ਸ਼ਕਤੀ ਦਾ ਇਕ ਪ੍ਰਗਟਾਵਾ ਇਵੇਂ ਹੀ ਹੁੰਦਾ ਹੈ ਕਿ ਜਦੋਂ ਉਹ ਚਾਹੁੰਦਾ ਹੈ ਤਾਂ ਆਪਣੇ ਕਿਸੇ ਇਕ ਬੰਦੇ ਨੂੰ ਉਹ ਦੈਵੀ ਸ਼ਕਤੀ ਬਖਸ਼ ਦਿੰਦਾ ਹੈ ਜਿਸ ਨਾਲ ਉਹ ਦਸ ਲੱਖਾਂ ਫ਼ੌਜਾਂ ਨੂੰ ਫ਼ਨ੍ਹਾ ਕਰ ਛੱਡਦਾ ਹੈ।)

ਇਕ ਨਾਸਤਕ ਅਤੇ ਖੁਦਾ ਪ੍ਰਸਤ ਬੰਦੇ ਵਿਚ ਇਹੀ ਫ਼ਰਕ ਹੈ ਕਿ ਰੱਬ ਤੋਂ ਮੁਨਕਰ ਜ਼ਾਹਰੀ ਵਸੀਲਿਆਂ ਉੱਤੇ ਨਿਰਭਰ ਕਰਦਾ ਹੈ। ਉਸ ਦੀ ਨਿਗਾਹ ਧਨ ਦੌਲਤ, ਹਥਿਆਰਾਂ ਤੇ ਲੜਾਕਿਆਂ ਦੀ ਗਿਣਤੀ 'ਤੇ ਹੁੰਦੀ ਹੈ। ਜਦੋਂ ਕਿ ਆਪਣੇ ਰੱਬ ਵਿਚ ਆਸਥਾ ਰੱਖਣ ਵਾਲਾ ਮਨੁਖ ਕੇਵਲ ਯਕੀਨ-ਏ-ਕਾਮਿਲ ਨੂੰ ਆਪਣਾ ਅਸਲਾ ਸਮਝਦਾ ਹੈ ਅਤੇ (ਬਾਕੀ ਹਿਸਾ ਸਫ਼ਾ 26 ਤੇ ਪੜ੍ਹੋ)

## ਜ਼ਫ਼ਰਨਾਮੇ ਦੇ ਵਿਵਾਦ ਨੂੰ ਖ਼ਤਮ ਕਰਕੇ ਅਕਾਲ ਤਖ਼ਤ ਸਾਹਿਬ ਨੇ ਸਤਿੰਦਰ ਸਰਤਾਜ ਨੂੰ ਦਿੱਤੀ ਕਲੀਨ ਚਿੱਟ



ਅੰਮ੍ਰਿਤਸਰ-ਫਾਰਸੀ ਵਿਚ ਗਾਏ ਗਏ ਜ਼ਫਰਨਾਮੇ ਦੇ ਵਿਵਾਦ ਨੂੰ ਖ਼ਤਮ ਕਰਕੇ ਅਕਾਲ ਤਖ਼ਤ ਸਾਹਿਬ ਨੇ ਸੂਫੀ ਗਾਇਕ ਸਤਿੰਦਰ ਸਰਤਾਜ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਗਾਣੇ ਵਿਚ ਜ਼ਫਰਨਾਮੇ ਦੇ ਅਸ਼ੁੱਧ ਉਚਾਰਨ ਨੂੰ ਲੈ ਕੇ ਦਮਦਮੀ ਟਕਸਾਲ ਦੇ ਇਕ ਧੜੇ ਵੱਲੋਂ ਵਿਵਾਦ ਪੈਦਾ ਕੀਤਾ ਗਿਆ ਸੀ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫੈਸਲਾ ਦਿੰਦਿਆਂ ਕਿਹਾ ਕਿ ਜ਼ਫਰਨਾਮੇ ਵਿਚ ਕੁੱਝ ਵੀ ਵਿਵਾਦ ਵਾਲਾ ਨਹੀਂ ਹੈ ਪਰ ਫਿਰ ਵੀ ਜੇ ਕਿਸੇ ਨੂੰ ਸ਼ਿਕਾਇਤ ਹੈ ਤਾਂ ਉਹ ਅਕਾਲ ਤਖ਼ਤ ਪਹੁੰਚ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਰਾਜਾ ਔਰੰਗਜ਼ੇਬ ਨੂੰ ਚਿੱਠੀ ਲਿਖੀ ਸੀ। ਜ਼ਫਰਨਾਮਾ ਫਾਰਸੀ ਭਾਸ਼ਾ ਵਿਚ ਲਿਖਿਆ ਗਿਆ ਸੀ। ਸਾਹਿਬਜਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਲਿਖਿਆ ਸੀ। ਜ਼ਫਰਨਾਮੇ ਵਿਚ ਸਿੱਖ ਪੰਥ ਦੀ ਸਥਾਪਨਾ ਤੇ ਸਿੱਖਾਂ ਦੇ ਸੰਘਰਸ਼ ਦਾ ਜ਼ਿਕਰ ਕੀਤਾ ਗਿਆ ਸੀ।ਇਸ ਸਮੇਂ ਤੱਕ ਗੁਰੂ ਜੀ ਆਨੰਦਪੁਰ ਸਾਹਿਬ ਵੀ ਛੱਡ ਚੁੱਕੇ ਸਨ। ਜ਼ਫਰਨਾਮਾ 1705 ਈਸਵੀ ਵਿਚ ਲਿਖਿਆ ਗਿਆ ਸੀ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਤੇ ਫੈਡਰੇਸ਼ਨ ਦੇ ਸਾਬਕਾ ਆਗੂ ਪ੍ਰੋ. ਸਰਚਾਂਦ ਸਿੰਘ ਨੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੂੰ ਇਸ ਸਬੰਧੀ ਮੰਗ ਪੱਤਰ ਦਿੱਤਾ ਸੀ। ਉਨ੍ਹਾਂ ਸਰਤਾਜ ਨੂੰ ਮੌਜੂਦਾ 'ਜ਼ਫ਼ਰਨਾਮਾ' ਵਾਪਸ ਲੈਣ ਤੇ ਇਸ ਦਾ ਸ਼ੁੱਧ ਉਚਾਰਨ ਦੇ ਨਾਲ ਹੋਰ ਲੋੜੀਂਦੀਆਂ ਸੋਧ ਕਰ ਗੁਰਮਤਿ ਅਨੁਸਾਰੀ ਮੁੜ ਰਿਕਾਰਡਿੰਗ ਕਰਵਾਉਣ ਦੀ ਅਪੀਲ ਕੀਤੀ ਸੀ।

ਸਰਤਾਜ ਨੇ ਸੋਸ਼ਲ ਮੀਡੀਆ ਤੇ ਲਿਖਿਆ, " ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਜ਼ਫ਼ਰਨਾਮਾ' ਦੀ ਸਾਡੀ ਪੇਸ਼ਕਾਰੀ ਨੂੰ ਫ਼ਾਰਸੀ ਦਸਤਾਵੇਜ਼ਾਂ ਤੇ ਗੁਰਮੁਖੀ ਦੇ ਮੌਜੂਦ ਤਰਜਮਿਆਂ ਨਾਲ਼ ਤਫ਼ਤੀਸ਼ ਕਰਨ ਤੋਂ ਬਾਅਦ ਤਲੱਫ਼ੁਜ਼ ਤੇ ਤਹਿਰੀਰੀ ਪਹਿਲੂ ਤੋਂ ਵਾਜਬ ਕਰਾਰ ਦਿੱਤਾ ਗਿਆ ਹੈ। ਤਹਿ ਦਿਲੋਂ ਸ਼ੁਕਰਾਨੇ"

**25 ਸਫ਼ੇ ਦੀ ਬਾਕੀ**

ਬਿਨਾਂ ਕੁਝ ਹੁੰਦਿਆਂ ਵੀ ਵੱਡੀ ਤਾਕਤ ਨਾਲ ਟਕਰਾ ਜਾਂਦਾ ਹੈ। ਇਕਬਾਲ ਨੇ ਕਿਹਾ ਸੀ :

ਕਾਫ਼ਿਰ ਹੋ ਤੋ ਤਲਵਾਰ ਪੇ ਕਰਤਾ ਹੈ ਭਰੋਸਾ
ਮੋਮਿਨ ਹੋ ਤੋ ਬੇਤੇਗ ਭੀ
ਲੜਤਾ ਹੈ ਸਿਪਾਹੀ।

ਇਹੀ ਸਦੀਵੀ ਹਕੀਕਤ ਗੁਰੂ ਸਾਹਿਬ ਦੇ ਮੂੰਹੋ ਇਸ ਪ੍ਰਕਾਰ ਅਦਾ ਹੋਈ ਹੈ :

ਕਿ ਊ ਰਾ ਗ਼ੁਰੂਰ ਅਸਤ ਬਰ ਮੁਲਕੁ ਮਾਨ
ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ

(ਉਸ ਨੂੰ ਆਪਣੇ ਮਹਾਨ ਤੇ ਮੁਲਕ ਦਾ ਘਮੰਡ ਹੈ ਤਾਂ ਸਾਨੂੰ ਇਹ ਇਤਮੀਨਾਨ ਹੈ ਕਿ ਅਸੀਂ ਆਪਣੇ ਅਕਾਲ ਪੁਰਖ ਦੀ ਸ਼ਰਨ ਵਿਚ ਹਾਂ) ਇਹ ਤੱਥ ਉਹ ਔਰੰਗਜ਼ੇਬ ਨੂੰ ਸਮਝਾਉਣ ਦਾ ਜਤਨ ਕਰਦੇ ਹਨ ਕਿ ਉਹ ਇਸ ਫ਼ਰਕ ਨੂੰ ਆਪਣੇ ਸਾਹਮਣੇ ਰਖੇ। (ਤੈਨੂੰ ਆਪਣੀਆਂ ਫ਼ੌਜਾਂ ਅਤੇ ਧਨ ਦਾ ਅਭਿਆਨ ਮਾਰੀ ਜਾਂਦਾ ਹੈ ਸਾਡਾ ਹਥਿਆਰ ਸਿਰਫ਼ ਆਪਣੇ ਵਾਹਿਗੁਰੂ ਦਾ ਸ਼ੁਕਰ ਹੈ ਜਿਸ ਦੇ ਆਸਰੇ ਦੁਨੀਆਂ ਦੀ ਵੱਡੀ ਤੋਂ ਵੱਡੀ ਫ਼ੌਜ ਅਤੇ ਮਹਾਨ ਤੋਂ ਮਹਾਨ ਉੱਤੇ ਜਿੱਤ ਪ੍ਰਾਪਤ ਕਰਨ ਦਾ ਸਮਰੱਥ ਸਾਨੂੰ ਹਾਸਲ ਹੈ)

ਵੈਰੀ ਕਿੰਨਾ ਵੀ ਜ਼ੋਰਾਵਰ ਜਾਂ ਕਹਿਰਵਾਨ ਕਿਉਂ ਨਾ ਹੋਵੇ, ਸੱਚੇ ਪਾਤਸ਼ਾਹ ਦੀ ਸ਼ਰਨ ਵਿਚ ਆਏ ਹੋਏ ਬੰਦੇ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਇਸੇ ਤੱਥ ਨੂੰ ਗੁਰੂ ਸਾਹਿਬ ਵਲੋਂ 'ਹੁਮਾ' ਅਤੇ 'ਸ਼ੇਰ-ਏ-ਨਰ' ਰੂਪਕਾਂ ਦੇ ਵਸੀਲੇ ਨਾਲ (ਜਿਹੜੇ ਰੱਬ ਲਈ ਵਰਤੇ ਗਏ ਹਨ) ਬੜੇ ਖੂਬ ਅੰਦਾਜ਼ ਵਿਚ ਬਿਆਨ ਕੀਤੇ ਗਿਆ ਹੈ :

ਹੁਮਾਂ ਰਾ ਕਸੇ ਸਾਯਹ ਆਯਦ ਬਜ਼ੇਰ।
ਬਰੋ ਦਸਤ ਦਾਰਦ ਨ ਜ਼ਾਗੇ ਦਿਲੇਰ।
ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ।
ਨ ਗੀਰਦ ਬੁਜ਼ੋ ਮੇਸ਼ ਆਹੂ ਗੁਜ਼ਰ।

(ਜਿਹੜਾ ਕੋਈ ਹੁਮਾ ਇਕ ਕਾਲਪਨਿਕ ਪੰਛੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਛਾਂ ਜਿਸ ਉੱਤੇ ਪੈ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ, ਦੀ ਛਾਂ ਥੱਲੇ ਆ ਗਿਆ, ਕਾਵਾਂ, ਇੱਲ੍ਹਾਂ ਦੀ ਕੀ ਮਜਾਲ ਕਿ ਉਸ ਨੂੰ ਹੱਥ ਪਾ ਸਕਣ ਅਤੇ ਜਿਹੜਾ ਕੋਈ ਬੱਬਰ ਸ਼ੇਰ ਦੀ ਸਰਪ੍ਰਸਤੀ ਵਿਚ ਆ ਗਿਆ ਹੋਵੇ, ਛੋਟੇ ਜਾਨਵਰ ਤਾਂ ਉਸ ਦੇ ਨੇੜਿਓਂ ਲੰਘਣ ਦੀ ਵੀ ਹਿੰਮਤ ਨਹੀਂ ਕਰ ਸਕਦੇ) ਇਸ ਲਈ ਕਿ ਸਰਬ ਸਮਰਥ ਰੱਬ ਭਲੀ ਭਾਂਤ ਜਾਣਦਾ ਹੈ ਕਿ ਆਪਣੇ ਵਫ਼ਾਦਾਰ ਨੇਕ ਬੰਦੇ ਨੂੰ ਉਸ ਦੇ ਵੈਰੀਆਂ ਤੋਂ ਕਿਵੇਂ ਸੁਰੱਖਿਅਤ ਰੱਖਣਾ ਹੈ। ਕਿਸੇ ਵੀ ਮਨੁੱਖ ਦੇ ਵੱਸ ਨਹੀਂ ਕਿ ਰੱਬ ਦੀ ਇਸ ਸਮਰਥਾ 'ਤੇ ਕਿੰਤੂ ਕਰ ਸਕੇ ਜਾਂ ਉਸ ਨੂੰ ਵੰਗਾਰ ਸਕੇ। ਵੰਗਾਰਨਾ ਤਾਂ ਇਕ ਪਾਸੇ ਰਿਹਾ ਬੰਦੇ ਲਈ ਰੱਬੀ ਸਾਧਨਾਂ ਨੂੰ ਸਮਝਣਾ ਵੀ ਅਸੰਭਵ ਹੈ, ਜਿਨ੍ਹਾਂ ਰਾਹੀਂ ਉਹ ਆਪਣੀ ਮਰਜ਼ੀ ਨੂੰ ਲਾਗੂ ਕਰਾਉਂਦਾ ਹੈ। ਮਨੁੱਖਾਂ ਦੀਆਂ ਸਾਰੀਆਂ ਜੁਗਤਾਂ ਰੱਬੀ ਫ਼ੈਸਲਿਆਂ ਸਾਹਮਣੇ ਧਰੀਆਂ ਦੀਆਂ ਧਰੀਆਂ ਹੀ ਰਹਿ ਜਾਂਦੀਆਂ ਹਨ। ਕਈ ਵਾਰੀ ਤਾਂ ਉਸ ਦੇ ਆਪਣੇ, ਉਸ ਦੇ ਸਰੀਰ ਦੇ ਅੰਗ ਵੀ ਉਸ ਦੀ ਪਾਲਣਾ ਨਹੀਂ ਕਰਦੇ।

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ।
ਨ ਯਕ ਮੂਇ-ਊ ਰਾ ਆਜ਼ਾਰ ਆਵੁਰਦ।
ਖ਼ਸਮ ਰਾ ਚੁ ਕੋਰ ਊ ਕੁਨਦ ਵਕਤਿ ਕਾਰ।
ਚਸ਼ਮ ਰਾ ਬਕੋਰ ਊ
ਕੁਨਦ ਵਕਤ-ਏ-ਕਾਰ।
ਯਤੀਮਾਂ ਬਿਰੂੰ ਬੁਰਦ ਬੇ-ਜ਼ਖ਼ਮਿ ਖ਼ਾਰ।
ਜ਼ਿ ਪੈਮਾਂਨ ਬੈਰੂ ਬੁਰਦ ਬੇ ਅਜ਼ਾਰ।

(ਦੁਸ਼ਮਨ ਕਿੰਨਾ ਵੀ ਜ਼ੋਰ ਲਾ ਲਵੇ, ਉਹ ਰੱਬ ਦੀ ਸ਼ਰਨ ਆਏ ਬੰਦੇ ਦਾ ਕੁਝ ਨਹੀਂ ਵਿਗਾੜ ਸਕਦਾ। ਰੱਬ ਜਦੋਂ ਆਪਣੇ ਬੰਦੇ ਦੀ ਸੁਰੱਖਿਆ ਕਰਨੀ ਚਾਹੁੰਦਾ ਹੈ ਤਾਂ ਉਹ ਦੁਸ਼ਮਣ ਨੂੰ ਅੰਨ੍ਹਾ ਕਰ ਦਿੰਦਾ ਹੈ ਅਤੇ ਨਿਆਸਰਿਆਂ ਨੂੰ ਉਸ ਦੇ ਘੇਰੇ ਵਿਚੋਂ ਸਾਫ਼, ਬਿਨਾਂ ਕਿਸੇ ਹਾਨੀ ਤੋਂ, ਬਚਾ ਕੇ, ਕੱਢ ਲੈ ਜਾਂਦਾ ਹੈ) ਪਰ ਸੱਚੇ ਪਾਤਸ਼ਾਹ ਦੀ ਮਦਦ ਦਾ ਪਾਤਰ ਉਹੀ ਸ਼ਖ਼ਸ ਹੋ ਸਕਦਾ ਹੈ ਜਿਹੜਾ ਉਸ ਉੱਤੇ ਕਾਮਿਲ ਇਮਾਨ ਰੱਖਦਾ ਹੀ ਹੋਵੇ, ਕਾਰ-ਵਿਹਾਰ ਵਿਚ ਵੀ ਸੱਚੇ-ਸੁੱਚੇ ਚਰਿੱਤਰ ਦਾ ਮਾਲਕ ਹੋਵੇ। ਵੱਡੀ ਤੋਂ ਵੱਡੀ ਮੁਸੀਬਤ ਦੇ ਮੁਕਾਬਲੇ ਵਿਚ ਵੀ ਉਹ ਆਪਣੇ ਆਦਰਸ਼ਾਂ 'ਤੇ ਅਡੋਲ ਤੇ ਅਹਿਲ ਚੱਟਾਨ ਬਣ ਜਾਵੇ। 'ਜ਼ਫ਼ਰਨਾਮਾ' ਭਾਵੇਂ ਧਾਰਮਿਕ ਪ੍ਰਚਾਰ ਦੇ ਉਦੇਸ਼ ਨੂੰ ਸਾਹਮਣੇ ਰਖ ਕੇ ਨਹੀਂ ਰੱਚਿਆ ਗਿਆ ਪਰ ਜੇ ਇਸ ਪਖੋਂ ਵੇਖੀਏ ਤਾਂ ਇਹ ਇਕ ਅਦੁੱਤੀ ਤੇ ਬੇਜੋੜ ਕਿਰਤ ਹੈ, ਜਿਸ ਵਿਚ ਸੱਚੀਆਂ-ਸੁਚੀਆਂ ਕੀਮਤਾਂ ਦੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ ਤੇ ਜਿਸ ਰਾਹੀਂ ਇਨ੍ਹਾਂ ਨੂੰ ਆਪਣਾ ਜੀਵਨ ਆਧਾਰ ਬਣਾਉਣ ਲਈ ਪ੍ਰੇਰਨਾ ਤੇ ਅਗਵਾਈ ਪ੍ਰਾਪਤ ਹੁੰਦੀ ਹੈ। ਇਹ ਉਹ ਆਦਰਸ਼ ਹਨ ਜਿਹੜੇ ਗੁਰੂ ਸਾਹਿਬ ਨੇ ਖੁਦ ਅਪਣਾਏ ਹਨ। ਇਹ ਉਨ੍ਹਾਂ ਦੀ ਨੇਕ ਨੀਯਤੀ ਦਾ ਸਬੂਤ ਹੈ ਕਿ ਉਹ ਔਰੰਗਜ਼ੇਬ ਜਿਹੇ ਜਾਨੀ ਦੁਸ਼ਮਣ ਨੂੰ ਵੀ ਇਨ੍ਹਾਂ 'ਤੇ ਚੱਲ ਕੇ ਆਪਣਾ ਜੀਵਨ ਸਫਲ ਤੇ ਸਾਕਾਰ ਬਣਾ ਲੈਣ ਦਾ ਮੌਕਾ ਦੇਣਾ ਚਾਹੁੰਦੇ ਹਨ :

ਕਿ ਈਂ ਕਾਰਿ ਨੇਕ ਅਸਤ ਦੀ ਪਰਵਰੀ।
ਚੁ ਯਜ਼ਦਾਂ ਸ਼ਨਾਸੀ ਬ ਜਾਂ ਬਰਤਰੀ।

(ਇਹੀ ਸਰਬ ਉੱਚ ਨੇਕੀ ਹੈ ਤੇ ਸਭ ਤੋਂ ਵੱਡਾ ਧਰਮ ਹੈ ਕਿ ਤੂੰ ਰੱਬ ਨੂੰ ਪਛਾਣ ਕੇ ਆਪਣੇ ਮਨ ਵਿਚ ਵਸਾ ਲਵੇ)

ਜਦੋਂ ਵੀ ਬੰਦਾ ਰੱਬ ਦੀ ਯਾਦ ਮਨ ਵਿਚ ਵਸਾ ਕੇ, ਉਸ ਦੇ ਆਦੇਸ਼ਾਂ ਦੀ ਪਾਲਣਾ ਨੂੰ ਆਪਣਾ ਵਤੀਰਾ ਬਣਾ ਲੈਂਦਾ ਹੈ ਤਾਂ ਪ੍ਰਭੂ ਵੀ ਉਸ ਦੀ ਬਾਂਹ ਜ਼ਰੂਰ ਫੜ੍ਹਦਾ ਹੈ, ਉਸ ਨੂੰ ਕਦੀ ਨਿਰਾਸ਼ ਨਹੀਂ ਹੋਣ ਦਿੰਦਾ, ਨਾ ਹੀ ਉਸ ਨੂੰ ਆਪਣੀ ਮਿਹਰ ਦੀ ਛਾਂ ਤੋਂ ਮਹਿਰੂਮ ਕਰਦਾ ਹੈ:

ਹਰਾਂ ਕਸ ਬ ਕਉਲਿ ਕੁਰਾ ਆਯਦਸ਼।
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼।
ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ।
ਬ ਬਖ਼ਸ਼ਦ ਖੁਦਾਬੰਦ ਬਰ ਵੈ ਅਮਾਂ।

(ਜਿਹੜਾ ਵੀ ਕੋਈ ਕੁਰਆਨ ਅਨੁਸਾਰ ਚਲਦਾ ਹੈ ਖੁਦਾ ਉਸ ਨੂੰ ਅਗਵਾਈ ਬਖ਼ਸ਼ਦਾ ਹੈ ਅਤੇ ਜਿਹੜਾ ਸੁਹਿਰਦਤਾ ਨਾਲ ਉਸ ਦੀ ਭਗਤੀ ਵਿਚ ਲੀਨ ਹੁੰਦਾ ਹੈ ਖੁਦਾ ਹਰ ਤਰ੍ਹਾਂ ਉਸ ਨੂੰ ਸਲਾਮਤੀ ਦੀ ਦਾਤ ਅਦਾ ਕਰਦਾ ਹੈ। ਇਸ ਦੇ ਉਲਟ ਜਿਹੜਾ ਕੋਈ ਰੱਬ ਨੂੰ ਵਿਸਾਰ ਦਿੰਦਾ ਹੈ ਤਾਂ ਰੱਬ ਵਲੋਂ ਵੀ ਉਹ ਵਿਸਾਰਿਆ ਜਾਂਦਾ ਹੈ :

ਵਗਰਨਹ ਤੁ ਈਂ ਰਹ ਫ਼ਰਾਮੁਸ਼ ਕੁਨਦ।
ਤੁਰਾ ਹਮ ਫਰਾਮੋਸ਼ ਯਜ਼ਦਾ ਕਰਨਦ।

(ਜੇ ਤੂੰ ਇਹ ਰਸਤਾ ਭੁੱਲ ਜਾਵੇਂ ਤਾਂ ਰੱਬ ਵੀ ਤੈਨੂੰ ਭੁੱਲ ਜਾਵੇਗਾ।

ਨੇਕ ਬੰਦੇ ਦਾ ਇਹ ਵਸਫ਼ ਹੋਣਾ ਚਾਹੀਦਾ ਹੈ ਕਿ ਉਸ ਦਾ ਜ਼ਾਹਿਰ ਅਤੇ ਬਾਤਿਨ ਇਕੋ ਹੋਵੇ, ਇਨ੍ਹਾਂ ਵਿਚ ਕੋਈ ਅੰਤਰਵਿਰੋਧ ਨਾ ਹੋਵੇ।

ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ।
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।

(ਅਸਲ ਮਰਦ ਅਖਵਾਉਣ ਦਾ ਹੱਕਦਾਰ ਉਹੀ ਹੈ, ਜਿਸ ਦੇ ਮਨ ਅਤੇ ਹੋਠਾਂ 'ਤੇ ਇਕੋ ਹੀ ਗੱਲ ਹੋਵੇ)

ਅਜਿਹਾ ਮਹਾਂ ਪੁਰਖ ਹਮੇਸ਼ਾਂ ਆਪਣੇ ਬਚਨਾਂ ਦਾ ਪਾਬੰਦ ਰਹਿੰਦਾ ਹੈ। ਪ੍ਰਾਣ ਦੇ ਕੇ ਵੀ ਉਹ ਆਪਣੇ ਵਚਨ ਦਾ ਪਾਲਣ ਕਰਦਾ ਹੈ:

ਹਰਾਂ ਕਸ ਕਿ ਈਮਾਂ ਪਰਸਤੀ ਕੁਨੰਦ।
ਨ ਪੈਮਾਂ ਖੁਦਸ਼ ਪੇਸ਼ੋ ਪਸਤੀ ਕੁਨੰਦ।

(ਜਿਹੜਾ ਵੀ ਕੋਈ ਮੋਮਿਨ ਹੈ ਉਹ ਕਦੇ ਵੀ ਆਪਣੇ ਇਕਰਾਰ ਤੋਂ ਨਹੀਂ ਫਿਰਦਾ)

ਇਹ ਇਸ ਲਈ ਕਿ ਇਹ ਸੰਸਾਰ ਤਾਂ ਇਕ ਆਰਜ਼ੀ ਟਿਕਾਣਾ ਹੈ ਅਸਲੀ ਮੰਜ਼ਿਲ ਤਾਂ ਰੱਬ ਦਾ ਘਰ ਹੈ। ਜੇ ਕੋਈ ਇੱਥੇ ਆਪਣੇ ਕੌਲ ਦਾ ਪਾਸ ਨਹੀਂ ਕਰੇਗਾ ਤਾਂ ਉਸ ਨੂੰ ਅਖੀਰ ਵਿਚ ਆਪਣੇ ਮਾਲਕ ਸਾਹਮਣੇ ਜਵਾਬਦੇਹੀ ਕਰਨੀ ਪਵੇਗੀ।

ਤੁ ਗ਼ਾਫ਼ਿਲ ਮਸ਼ਉ ਜੀ ਸਿਪੰਜੀ ਸਰਾਇ।
ਕਿ ਆੱਲਮ ਬਿਗੁਜ਼ਰਦ ਸਰੇ ਜਾ ਬਜਾਇ।

(ਤੂੰ ਇਕ ਹਕੀਕਤ ਨੂੰ ਨਾ ਭੁੱਲ, ਇਹ ਦੁਨੀਆਂ ਚਾਰ ਦਿਨਾਂ ਦੀ ਹੈ, ਤੇ ਇੱਥੇ ਸਭ ਨੂੰ ਚਲ-ਚਲਾਓ ਲੱਗ ਰਿਹਾ ਹੈ) ਗੁਰੂ ਸਾਹਿਬ ਵੱਲੋਂ 'ਜ਼ਫ਼ਰਨਾਮਾ' ਰਾਹੀਂ ਇਕ ਹੋਰ ਅਹਿਮ ਅਖ਼ਲਾਕੀ ਨੁਕਤੇ 'ਤੇ ਚਾਨਣਾ ਪਾਇਆ ਗਿਆ ਹੈ ਉਹ ਇਹ ਕਿ ਬੰਦੇ ਨੂੰ ਜੋਸ਼ ਵਿਚ ਵੀ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ। ਦੁਸ਼ਮਣੀ ਵਿਚ ਵੀ ਪਹਿਲੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਮਾਮਲਾ ਗੱਲ ਬਾਤ ਰਾਹੀਂ ਨਜਿੱਠ ਲਿਆ ਜਾਵੇ ਪਰ ਜੇ ਗੱਲਬਾਤ ਰਾਹੀਂ ਕੋਈ ਹੱਲ ਸੰਭਵ ਨਾ ਹੋਵੇ ਤਾਂ ਪੂਰੀ ਦਲੇਰੀ ਤੇ ਮਰਦਾਨਗੀ ਨਾਲ ਕੰਮ ਲੈਂਦੇ ਹੋਏ ਜੰਗ ਲਈ ਤਿਆਰ ਰਹਿਣਾ ਚਾਹੀਦਾ ਹੈ ਤੇ ਇਸ ਵਿਚ ਕੋਈ ਢਿੱਲ ਨਹੀਂ ਕਰਨੀ ਚਾਹੀਦੀ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

(ਜਦੋਂ ਗੱਲ ਬਾਤ ਤੇ ਵਾਰਤਾ ਦੇ ਸਾਰੇ ਉਪਾਅ ਅਸਫ਼ਲ ਹੋ ਜਾਣ ਤਾਂ ਫੇਰ ਕਿਰਪਾਨ ਚੁੱਕਣ ਜਾਇਜ਼ ਜ਼ਰੂਰੀ ਹੋ ਜਾਂਦਾ ਹੈ)

ਜ਼ੁਲਮ ਕਰਨਾ ਬੁਰਾ ਹੈ ਤਾਂ ਜ਼ੁਲਮ ਨੂੰ ਚੁੱਪਚਾਪ ਸਹਿੰਦੇ ਜਾਣਾ ਵੀ ਜ਼ੁਲਮ ਕਰਨ ਦੇ ਬਰਾਬਰ ਹੀ ਬੁਰਾ ਹੈ। ਇਸਲਾਮੀ ਵਿਚਾਰਧਾਰਾ ਅਨੁਸਾਰ ਤਕਵਾ (ਨੇਕੀ) ਦੇ ਤਿੰਨ ਦਰਜੇ ਹਨ। ਸਰਬ ਸ੍ਰੇਸ਼ਟ ਤਕਵਾ ਇਹ ਹੈ ਕਿ ਤੁਸੀਂ ਜੋ ਕੋਈ ਜ਼ੁਲਮ ਹੁੰਦਾ ਵੇਖੋ ਤਾਂ ਆਪਣੀ ਪੂਰੀ ਸ਼ਕਤੀ ਤੇ ਸਮਰੱਥਾ ਨਾਲ ਜ਼ਾਲਮ ਨੂੰ ਉਸ ਜ਼ੁਲਮ ਤੋਂ ਰੋਕਣ ਦਾ ਜਤਨ ਕਰੋ। ਮਧਿਅਮ ਦਰਜੇ ਦਾ ਤੱਕਵਾ ਇਹ ਹੈ ਕਿ ਮੂੰਹੋਂ ਉਸ ਜ਼ੁਲਮ ਨੂੰ ਭੈੜਾ ਆਖੋ ਅਤੇ ਜ਼ਾਲਮ ਦੀ ਨਿਖੇਧੀ ਖੁੱਲ੍ਹੇ ਆਮ ਕਰੋ, ਜੇ ਇਹ ਵੀ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਦਿਲ ਵਿਚ ਇਸ ਜ਼ੁਲਮ ਨੂੰ ਬੁਰਾ ਸਮਝੋ ਤੇ ਜ਼ਾਲਮ ਨਾਲ ਨਫ਼ਰਤ ਕਰੋ, ਪਰ ਇਹ ਸਭ ਤੋਂ ਨੀਵੇ ਦਰਜੇ ਦਾ ਤਕਵਾ ਹੈ। 'ਜ਼ਫ਼ਰਨਾਮਾ' ਦੇ ਰਚੈਤਾ ਗੁਰੂ ਸਾਹਿਬ ਨੇ ਉੱਚਤਮ ਦਰਜ਼ੇ ਦੇ ਤੱਕਵੇ ਦਾ ਸਬੂਤ ਦਿੱਤਾ ਹੈ। 'ਜ਼ਫ਼ਰਨਾਮਾ' ਇਸ ਕਰਕੇ ਵੀ ਬੇਮੀਸਾਲ ਹੈ ਕਿ ਇਹ ਅਮਲੀ ਰੂਪ ਵਿਚ ਇਸ ਹਦੀਸ ਦਾ ਪਾਤਰ ਬਣਦਾ ਹੈ ਜਿਸ ਅਨੁਸਾਰ 'ਜ਼ਾਲਮ ਹੁਕਮਰਾਨ ਸਾਹਮਣੇ ਸੱਚੀ ਗੱਲ ਆਖਣਾ ਜਿਹਾਦ ਹੈ'। 'ਜ਼ਫ਼ਰਨਾਮਾ' ਦਾ ਪ੍ਰੇਖਣ ਇਸ ਤੱਥ ਨੂੰ ਸਪਸ਼ਟ ਕਰਦਾ ਹੈ ਕਿ ਇਸ ਦੀ ਰਚਨਾ ਦਾ ਅਸਲ ਉਦੇਸ਼ ਤਾਂ ਇਹੀ ਹੈ।

ਏਨੇ ਵੱਡੇ ਤੇ ਵਿਸ਼ਾਲ ਸਾਮਰਾਜ (ਮੁਗਲ ਸਾਮਰਾਜ) ਨੂੰ ਵੰਗਾਰਨਾ, ਉਸ ਦੇ ਸਮਰਾਟ ਤੇ ਦੂਜੇ ਉੱਚ ਅਧਿਕਾਰੀਆਂ ਦੀ ਅਧਰਮੀ ਹਵਸ ਦਾ ਪਰਦਾਫਾਸ਼ ਕਰਨਾ ਬੇਮਿਸਾਲ ਮਰਦਾਨਗੀ ਅਤੇ ਉੱਚ ਕੋਟੀ ਦੀ ਅਖ਼ਲਾਕੀ ਬਰਤਰੀ ਦਾ ਪ੍ਰਤੱਖ ਸਬੂਤ ਹੈ।

ਗੁਰੂ ਸਾਹਿਬ ਨੇ 'ਜ਼ਫ਼ਰਨਾਮੇ' ਰਾਹੀਂ ਇਸ ਸਾਮਰਾਜ ਦੇ ਅਨੇਕਾਂ ਕਾਰਿੰਦਿਆਂ ਤੇ ਫੌਜੀ ਆਹੁਦੇਦਾਰਾਂ ਦੀ ਬੁਜ਼ਦਿਲੀ ਤੇ ਬਦ-ਕਿਰਦਾਰੀ ਦਾ ਵਰਨਨ ਤਾਂ ਕੀਤਾ ਹੀ ਹੈ (ਜਿਹੜਾ ਇਸ ਰਚਨਾ ਦਾ ਪੁਰਜਨਾਲ ਭਾਗ ਹੈ) ਪਰ ਸਭ ਤੋਂ ਮਹਾਨ ਦਲੇਰੀ ਇਹ ਹੈ ਕਿ ਖੁਦ ਸ਼ਹਿਨਸ਼ਾਹ, ਦੇ ਇਸਲਾਮ-ਵਿਰੋਧੀ ਕੁਕਰਮਾਂ ਵਿਰੁੱਧ ਆਵਾਜ਼ ਉਠਾਉਂਦੇ ਹੋਏ ਉਸ ਨੂੰ ਉਨ੍ਹਾਂ ਦੇ ਭੈੜੇ ਅੰਜਾਮ ਤੋਂ ਬਾਖ਼ਬਰ ਕੀਤਾ ਹੈ ਥਾਂ ਦੀ ਘਾਟ ਕਾਰਨ ਉਹ ਸਾਰੇ ਸ਼ਿਅਰਾਂ ਨੂੰ ਦਰਜ ਕਰਨਾ ਔਖਾ ਹੈ ਪਰ ਇੱਥੇ ਨਮੂਨੇ ਵਜੋਂ ਕੁਝ ਸ਼ਿਅਰ ਦਰਜ ਕੀਤੇ ਗਏ ਹਨ ਜੋ ਗੁਰੂ ਸਾਹਿਬ ਦੀ ਸ਼ੁਅਲਾ ਬਿਆਨੀ ਦਾ ਅਨੁਮਾਨ ਲਗਾਉਣ ਲਈ ਕਾਫ਼ੀ ਹਨ।

ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ।
ਬਰਾਮਦ ਜ਼ਿ ਤੂ ਕਾਰਹਾ ਪੁਰਖ਼ਰਾਸ਼।

(ਤੇਰੇ ਵਰਗੇ ਬੰਦੇ ਨੂੰ, ਜਿਸ ਦੇ ਹੱਥੋਂ ਇੰਨੇ ਜ਼ੁਲਮ ਹੋਏ ਹੋਣ ਮੈਂ ਕਿਵੇਂ ਵੀ ਖੁਦਾ ਸ਼ਨਾਸ ਨਹੀਂ ਸਮਝ ਸਕਦਾ)

ਤੂ ਮਸਨਦ ਨਸ਼ੀ ਸਰਵਰਿ ਕਾਇਨਾਤ।
ਕਿ ਅੱਜਬ ਅਸਤ ਇਨਸਾਫ਼ ਈਂ
ਹਮ ਸਿਫ਼ਾਤ।
ਕਿ ਅੱਜਬ ਅਸਤ ਇਨਸਾਫ਼ ਦੀ ਪਰਵਾਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।

(ਤੂੰ ਇੱਡਾ ਮਹਾਨ ਸ਼ਹਿਨਸ਼ਾਹ ਬਣਿਆ ਫਿਰਦਾ ਹੈ ਅਤੇ ਦੀਨਦਾਰੀ ਦਾ ਦਾਅਵਾ ਕਰਦਾ ਹੈ, ਤੇਰਾ ਇਨਸਾਫ 'ਤੇ ਤੇਰੀ ਦੀਨਦਾਰੀ ਬਸ ਇਹੀ ਹੈ। ਲਾਅਨਤ ਹੈ, ਇਸ 'ਤੇ)

ਕਿ ਅੱਜਬ ਅਸਤੁ ਅੱਜਬ ਫਤੁਵਾ ਸ਼ੁਮਾ।
ਬਜੁਜ ਰਾਸਤੀ ਸੁਖ਼ਨ ਗੁਫਤਨ ਜ਼ਯਾਂ।
ਨ ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕੰਨ।
ਕਿ ਦੌਲਤ ਪਰੱਸਤ ਅਸਤ ਈਮਾਂ ਫ਼ਿਕੰਨ।

(ਕਿ ਇਹੀ ਤੇਰੀ ਨੇਕੀ ਹੈ ਕਿ ਤੂੰ ਝੂਠਾ ਹੈ, ਮੈਂ ਨਹੀਂ ਜਾਣਦਾ ਸਾਂ ਇਹ ਵਾਅਦਾ ਫ਼ਰਾਮੋਸ਼ ਬੰਦਾ ਬੇਈਮਾਨ ਤੇ ਦੁਨੀਆਂ ਦਾ ਲੋਭੀ ਹੈ)

ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਸ਼ ਦਮਾਂ ਰਾ ਬ ਦੌਰਾਂ ਕੁਨੀ।
ਬ ਬਾਯਸ ਕਿ ਯਜ਼ਦਾਂ ਪ੍ਰਸਤੀ ਕੁਨੀ।
ਨ ਗੁਫ਼ਤਾਹ ਕਸਾਂ ਕਸ ਖ਼ਰਾਸ਼ੀ ਕੁਨੀ।

(ਇਹ ਕੀ ਮਰਦਾਨਗੀ ਹੈ ਕਿ ਸੱਚ ਬੋਲਣ ਵਾਲਿਆਂ ਨੂੰ ਚੁੱਪ ਕਰਾ ਦਿੱਤਾ ਜਾਵੇ। ਤੈਨੂੰ ਚਾਹੀਦਾ ਹੈ ਕਿ ਰੱਬ ਤੋਂ ਡਰੇਂ ਅਤੇ ਐਵੇਂ ਕਿਸੇ ਦੇ ਆਖੇ ਲੱਗ ਕੇ ਨਿਆਸਰਿਆਂ ਤੋਂ ਜ਼ੁਲਮ ਨਾ ਕਮਾਵੇ)

ਮਜ਼ਨ ਤੇਗ਼ ਬਰ ਖੂਨਿ ਕਸ ਬੇ ਦਰੇਗ।
ਤੁਰਾ ਨੀਜ਼ ਖੂੰ ਚਰਖ ਰੇਜ਼ਦ ਬ-ਤੇਗ।

(ਕਿਸੇ ਬੇਗੁਨਾਹ ਦਾ ਖੂਨ ਵਗਾਉਣ ਲਈ ਤਲਵਾਰ ਨਾ ਚਲਾ, ਨਹੀਂ ਤਾਂ ਇਕ ਦਿਨ ਸਮਾਂ ਤੈਨੂੰ ਵੀ ਇਸੇ ਤਰ੍ਹਾਂ ਮਾਰ ਕੇ ਖ਼ਤਮ ਕਰ ਦੇਵੇਗਾ।

ਗੁਰੂ ਸਾਹਿਬ ਦੀ ਅਖ਼ਲਾਕੀ ਫ਼ਤਹ, ਜਿਸ ਦਾ ਪ੍ਰਤੀਕ 'ਜ਼ਫ਼ਰਨਾਮਾ' ਹੈ, ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋਵੇਗਾ ਕਿ ਆਪਣੇ ਦੁਸ਼ਮਣ ਜਿਸ ਦੇ ਕਾਰਿੰਦਿਆਂ ਵਲੋਂ ਗੁਰੂ ਸਾਹਿਬ ਨੂੰ ਸਤਾਉਣ ਵਿਚ ਕੋਈ ਕਸਰ ਨਹੀਂ ਛੱਡੀ ਗਈ, ਜਿਸ ਦੀਆਂ ਫੌਜਾਂ ਨੇ ਗੁਰੂ ਸਾਹਿਬ ਨੂੰ ਮਾਰ ਮਕਾਉਣ ਲਈ ਆਪਣੀ ਪੂਰੀ ਵਾਹ ਲਾ ਦਿੱਤੀ, ਅਜਿਹੇ ਦੁਸ਼ਮਣ ਨੂੰ ਵੀ ਜਦੋਂ ਗੁਰੂ ਸਾਹਿਬ ਸੰਬੋਧਨ ਕਰਦੇ ਹਨ ਤਾਂ ਸ਼ਿਸ਼ਟਾਚਾਰ ਤੇ ਤਹਿਜ਼ੀਬ ਦੇ ਤਕਾਜ਼ਿਆਂ ਨੂੰ ਅੱਖੋ ਪਰੋਖੇ ਨਹੀਂ ਕਰਦੇ ਜਿਸ ਦਾ ਪ੍ਰਮਾਣ ਇਹੋ ਜਿਹੇ ਸ਼ਿਅਰ ਹਨ:

ਖੁਸ਼ਸ਼ ਸ਼ਾਹਿ ਸ਼ਾਹਾਨ 'ਅਉਰੰਗਜੇਬ'।
ਕਿ ਚਾਲਾਕ ਦਸਤ ਅਸਤੁ ਚਾਬੁਕ ਰਕੇਬ।
ਕਿ ਤਰਤੀਬ ਦਾਨਿਸ਼ ਬਤਦਬੀਰਿ ਤੇਗ।
ਖੁਦਾਵੰਦਿ ਦੇਗਉ ਖੁਦਾਵੰਦਿ ਤੇਗ਼।
ਚਿ ਹੁਸਨੁਲ ਜਮਾਲ ਅਸਤ ਰੌਸ਼ਨ ਜ਼ਮੀਰ।
ਖੁਦਾਵੰਤ ਮੁਲਕ ਅਸਤੁ ਸਾਹਿਬਿ ਅਮੀਰ।

ਉਪਰੋਕਤ ਅਧਿਐਨ ਸਮੇਂ ਸਾਡੀ ਨਜ਼ਰ 'ਜ਼ਫ਼ਰਨਾਮੇ' ਦੇ ਕੇਵਲ ਦਾਰਸ਼ਨਿਕ ਤੇ ਨੈਤਿਕ ਪੱਖਾਂ ਤੇ ਹੀ ਰਹੀ ਹੈ। ਭਾਵੇਂ ਅਜਿਹਾ ਕਰਨ ਲੱਗਿਆਂ ਅਨੇਕਾਂ ਇਤਿਹਾਸਿਕ ਤੇ ਜੰਗੀ ਘਟਨਾਵਾਂ ਤੋਂ ਜਿਨ੍ਹਾਂ ਦਾ ਜ਼ਿਕਰ ਇਸ ਅਜ਼ੀਮ ਕਿਰਤ ਵਿਚ ਮੌਜੂਦ ਹੈ, ਸਾਨੂੰ ਆਪਣੇ ਆਪ ਨੂੰ ਲਾਂਭਿਆਂ ਕਰਨਾ ਬਹੁਤ ਔਖਾ ਲੱਗਾ ਹੈ। ਪਰ ਇੱਥੇ ਇਹ ਅਰਜ਼ ਕਰਨੀ ਜ਼ਰੂਰੀ ਹੈ ਕਿ 'ਜ਼ਫ਼ਰਨਾਮਾ' ਆਪਣੇ ਆਪ ਵਿਚ ਸੱਚਾਈ, ਹੌਂਸਲਾ, ਦਲੇਰੀ, ਮਰਦਾਨਗੀ ਜਾਹੋ-ਜਲਾਲ ਦਾ ਪ੍ਰਗਟਾਵਾ ਤਾਂ ਹੈ ਹੀ ਸੀ, ਆਪਣੇ ਯੁੱਗ ਦੀ ਭਵਿਖਬਾਣੀ ਵੀ ਸਾਬਿਤ ਹੋਇਆ ਕਿਉਂ ਜੋ ਉਹ ਮੁਗ਼ਲ ਸਾਮਰਾਜ ਜਿਹੜਾ ਆਪਣੀ ਵਿਸ਼ਾਲਤਾ ਵਿਚ ਆਪਣੀ ਮਿਸਾਲ ਆਪ ਸੀ, 'ਜ਼ਫ਼ਰਨਾਮੇ' ਦੀ ਸਿਆਹੀ ਹਾਲੇ ਸੁੱਕੀ ਵੀ ਨਹੀਂ ਸੀ ਕਿ ਉਹ ਪਿੰਜੀ ਹੋਈ ਰੂੰ ਦੀ ਢੇਰੀ ਵਾਂਗ ਖੇਰੂੰ ਖੇਰੂੰ ਹੁੰਦਾ ਦੁਨੀਆਂ ਨੇ ਆਪਣੀ ਅੱਖੀ ਵੇਖ ਲਿਆ।

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



# "ਕੇਸਾਧਾਰੀ ਹਿੰਦੂ ਸੰਗਠਨ ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖ ਧਰਮ, ਸਿੱਖੀ ਸਿਧਾਂਤ ਤੇ ਗੁਰ ਇਤਿਹਾਸ-ਸਿੱਖ ਇਤਿਹਾਸ ਉੱਤੇ ਘਾਤਕ ਹਮਲੇ"

ਹਥਲਾ ਲੇਖ ਲਿਖਣ ਦੀ ਲੋੜ ਇਸ ਕਰਕੇ ਪਈ ਕਿਉਂਕਿ ਕੇਸਾਧਾਰੀ ਹਿੰਦੂਆਂ ਦੇ ਸੰਗਠਨ ਰਾਸ਼ਟਰੀ ਸਿੱਖ ਸੰਗਤ ਵੱਲੋਂ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਸਿਧਾਂਤਾਂ ਦੇ ਵਿਰੁੱਧ ਨਫ਼ਰਤ ਭਰਪੂਰ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਪੰਥ ਵਿਰੋਧੀ ਕੇਸਾਧਾਰੀ ਹਿੰਦੂ ਸੰਗਠਨ ਰਾਸ਼ਟਰੀ ਸਿੱਖ ਸੰਗਤ (ਆਰ. ਐਸ. ਐਸ.) ਦੇ ਗੁੰਮਰਾਹਕੁੰਨ ਪ੍ਰਚਾਰ ਦੀ ਵੰਨਗੀ ਇਸ ਪ੍ਰਕਾਰ ਹੈ। "ਸਭੀ ਜਾਨਤੇ ਹੈਂ ਕਿ ਸਿੱਖ ਪੰਥ ਕਾ ਜਨਮ ਹੀ ਹਿੰਦੂ ਧਰਮ ਦੀ ਰਖਸ਼ਾ ਔਰ ਦੇਸ਼ ਕੀ ਆਜ਼ਾਦੀ ਕੇ ਲਿਏ ਹੁਆ ਥਾ"। ਆਜ ਕੇ ਤੀਨ ਸੌ ਸਾਲ ਪਹਿਲੇ ਅਨੰਦਪੁਰ ਸਾਹਿਬ ਪੰਜਾਬ ਮੇਂ ਸਿੱਖੋਂ ਕੇ ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਕੀ ਸਥਾਪਨਾ ਕੀ ਗਈ ਥੀ। ਜਿਸ ਕਾ ਉਦੇਸ਼ ਥਾ ਏਕ ਐਸੇ ਮਰਜੀਵੜੇ ਸੰਗਠਨ (ਖਾਲਸਾ ਪੰਥ) ਕਾ ਨਿਰਮਾਣ ਕਰਨਾ ਜੋ ਧਰਮ, ਦੇਸ਼, ਗਊ, ਬ੍ਰਾਹਮਣ ਔਰ ਕਮਜ਼ੋਰ ਵਰਗ ਕੀ ਰਖਸ਼ਾ ਕੇ ਲੀਏ ਆਪਣੇ ਪ੍ਰਾਣੋਂ ਕਾ ਬਲੀਦਾਨ ਕਰਕੇ ਭੀ ਕਰ ਸਕੇ। (ਨੋਟ-ਇਤਿਹਾਸ ਗਵਾਹ ਹੈ ਕਿ ਬ੍ਰਾਹਮਣ ਨੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਖਾਲਸਾ ਪੰਥ ਦਾ ਅੰਗ ਬਣਨ ਤੋਂ ਸਾਫ ਨਾਂਹ ਕਰ ਦਿੱਤੀ ਸੀ, ਕਲੇ ਬ੍ਰਹਾਮਣ ਨੇ ਹੀ ਨਹੀਂ ਸਗੋਂ ਸਾਰੇ ਉੱਚ ਜਾਤੀ ਹਿੰਦੂ ਪਹਾੜੀ ਰਾਜਿਆਂ ਨੇ ਵੀ ਖਾਲਸਾ ਪੰਥ ਦਾ ਅੰਗ ਬਣਨ ਤੋਂ ਹੀ ਇਨਕਾਰ ਨਹੀਂ ਕੀਤਾ- ਸਗੋਂ ਖਾਲਸਾ ਪੰਥ ਦਾ ਡੱਟਵਾਂ ਵਿਰੋਧ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਨਾਲ ਲਹੂ ਡੋਲਵੀਆਂ ਲੜਾਈਆਂ ਲੜ ਕੇ ਹਾਰਦੇ ਰਹੇ) ਰਾਸ਼ਟਰੀ ਸਿੱਖ ਸੰਗਤ (ਰਜਿ:) ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਸ: ਸੇਵਾ ਸਿੰਘ ਚਾਵਲਾ (ਫਰੀਦਕੋਟ), ਮੁੱਖ ਸਕੱਤਰ ਸ: ਰਘਬੀਰ ਸਿੰਘ ਛੇਹਰਟਾ (ਅੰਮ੍ਰਿਤਸਰ) ਤੇ ਸੁਦਰਸ਼ਨ ਚੌਹਾਨ ਸੰਗਠਨ ਸਕੱਤਰ (ਜਲੰਧਰ) ਨੇ ਸਾਂਝਾ ਬਿਆਨ ਦਿੱਤਾ ਸੀ, ਜਿਸ ਦਾ ਸਾਰ ਅੰਸ਼ ਹੈ ਕਿ 'ਗੁਰੂ ਉਪਦੇਸ਼ ਚਾਰੇ ਵਰਨਾਂ ਲਈ ਸਾਂਝਾ ਹੈ। ਆਮ ਤੌਰ 'ਤੇ ਹਰ ਗੁਰਦੁਆਰੇ ਦੇ ਦਰਵਾਜ਼ੇ ਵੀ ਚਾਰ ਬਣਾਏ ਜਾਂਦੇ ਹਨ - ਹਰ ਵਰਨ ਲਈ ਇਕ ਦਰਵਾਜ਼ਾ। ਚਾਰ ਵਰਨ ਹਨ ਚਾਰ ਦਰਵਾਜ਼ੇ। ਸਾਰੇ ਜਾਣਦੇ ਹਨ ਇਹ ਵਿਵਸਥਾ ਹਿੰਦੂ ਸਮਾਜ ਦੀ ਹੀ ਪਹਿਚਾਨ ਹੈ, ਜਿਸ ਵਿੱਚ ਚਾਰ ਵਰਣ ਭਾਵ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਮੰਦਿਰ ਹੋਵੇ ਜਾਂ ਗੁਰਦੁਆਰਾ ਦੋਨਾਂ ਦਾ ਅਧਿਆਤਮਕ ਦਰਸ਼ਨ ਇਕ ਹੀ ਹੈ, ਚਿੰਤਨ ਇਕ ਹੈ (ਨੋਟ-ਮੰਦਿਰ ਤੇ ਗੁਰਦੁਆਰੇ ਦਾ ਅਧਿਆਤਮਕ ਦਰਸ਼ਨ ਇਕ ਨਹੀਂ ਹੈ ਤੇ ਨਾ ਹੀ ਚਿੰਤਨ ਇਕ ਹੈ, ਗੁਰਦੁਆਰੇ ਵਿੱਚ ਜੁਗੋ ਜੁਗ ਅਟਲ ਚਵਰ ਛਤਰ ਦੇ ਮਾਲਕ ਹਾਜਰਾ ਹਜ਼ੂਰ, ਜਾਹਿਰ ਜਹੂਰ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਮੰਦਿਰ ਵਿੱਚ ਬੇ-ਜਾਨ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕੀਤੀ ਜਾਂਦੀ ਹੈ। ਗੁਰਦੁਆਰੇ ਦਾ ਸੰਕਲਪ 'ਦੇਗ ਤੇਗ ਫਤਹਿ' ਦਾ ਹੈ। ਮੰਦਿਰ ਵਿੱਚ ਸ਼ੂਦਰ ਅਤੇ 'ਸ਼ਸ਼ਤਰਧਾਰੀ ਸਿੱਖ ਨੂੰ ਜਾਣ ਦੀ ਆਗਿਆ ਨਹੀਂ ਹੈ, ਫਿਰ ਮੰਦਿਰ ਤੇ ਗੁਰਦੁਆਰੇ ਦਾ ਅਧਿਆਤਮਕ ਦਰਸ਼ਨ ਤੇ ਚਿੰਤਨ ਇਕ ਕਿਵੇਂ ਹੋ ਗਿਆ?) ਉਕਤ ਰਾਸ਼ਟਰੀ ਸਿੱਖ ਸੰਗਤ ਦੇ ਅਹੁਦੇਦਾਰਾਂ ਨੇ ਇਹ ਵੀ ਕਿਹਾ ਕਿ ਨਾ ਤਾਂ ਹਿੰਦੂਆਂ ਦੇ ਲਈ ਗੁਰੂ ਸਾਹਿਬਾਨ ਅਤੇ ਗੁਰਪੁਰਬ ਬੇਗਾਨੇ ਹਨ ਅਤੇ ਨਾ ਹੀ ਸਿੱਖਾਂ ਦੇ ਲਈ ਭਗਵਾਨ ਕ੍ਰਿਸ਼ਨ ਤੇ ਰਾਮ ਬੇਗਾਨੇ ਹਨ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਆਤਮ ਕਥਾ ਸ੍ਰੀ ਵਚਿੱਤਰ ਨਾਟਕ ਵਿੱਚ ਆਪ ਆਪਣੀ ਲੇਖਣੀ ਤੇ ਸ਼ਬਦਾਂ ਦੁਆਰਾ ਸਿੱਧ ਕੀਤਾ ਹੈ ਕਿ ਸਾਰੇ ਗੁਰੂ ਸਾਹਿਬਾਨ ਬੇਦੀ ਅਤੇ ਸੋਢੀ ਵੰਸ਼ਾਂ ਵਿੱਚੋਂ ਪ੍ਰਗਟ ਹੋਏ। ਬੇਦੀ ਅਤੇ ਸੋਢੀ ਵੰਸ਼ ਲਵ ਅਤੇ ਕੁਸ਼ ਦੀ ਔਲਾਦ ਸਨ। ਲਵ ਅਤੇ ਕੁਸ਼ ਰਾਮ ਦੇ ਪੁੱਤਰ ਸਨ। ਇਸ ਰਿਸ਼ਤੇ ਨਾਲ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਚੇਲੇ ਸੂਰਜ ਵੰਸ਼ੀ ਹਨ ਰਘੂਵੰਸ਼ੀ ਹਨ"। (ਹਵਾਲਾ ਤੇ ਸਿੱਖ ਵੀ ਨਿਗਲਿਆ ਗਿਆ ਪੰਨਾ 310) (ਨੋਟ- ਅਨੰਦਪੁਰ ਸਾਹਿਬ ਵਿਖੇ 1699 ਦੀ ਵੈਸਾਖੀ ਨੂੰ ਜਦੋਂ ਦੱਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੀਸ ਭੇਟ ਕੌਤਕ ਵਰਤਾਕੇ ਖਾਲਸੇ ਦੀ ਸਿਰਜਣਾ ਕੀਤੀ ਤਾਂ ਖਾਲਸੇ ਨੂੰ ਇਕ ਸਿਧਾਂਤ ਦਿੱਤਾ ਜਿਸ ਨੂੰ ਇਤਿਹਾਸ ਵਿੱਚ 'ਨਾਸ਼ ਸਿਧਾਂਤ' (Nash Doctrine) ਨਾਲ ਜਾਣਿਆ ਜਾਂਦਾ ਹੈ। ਹਰ ਵਿਅਕਤੀ ਨੂੰ 'ਖਾਲਸਾ ਪੰਥ' ਦਾ ਅੰਗ ਬਣਨ ਲਈ ਚਾਰ ਗੱਲਾਂ ਦਾ ਤਿਆਗ ਜਰੂਰੀ ਹੈ, ਭਾਵ, ਧਰਮ ਨਾਸ਼, ਕੁਲ ਨਾਸ਼, ਕਿਰਤ ਨਾਸ਼ ਅਤੇ ਕਰਮ ਨਾਸ਼। ਦੱਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਤ 'ਨਾਸ਼ ਸਿਧਾਂਤ' ਦੇ ਤਹਿਤ ਉਨ੍ਹਾਂ ਦਾ ਪਿਛਲੇ ਜਨਮ ਜਾਂ ਕਿਸੇ ਵੰਸ਼ਜ ਨਾਲ ਕੋਈ ਰਿਸ਼ਤਾ ਨਹੀਂ ਰਹਿ ਜਾਂਦਾ। ਖੰਡੇ-ਬਾਟੇ ਦੀ ਪਹੁਲ ਛਕਣ ਤੋਂ ਬਾਅਦ ਖਾਲਸਾ ਅਕਾਲ ਪੁਰਖ ਦੀ ਨਾਦੀ ਸੰਤਾਨ ਹੋ ਜਾਂਦਾ ਹੈ, "ਖਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ" ਦਸ਼ਮੇਸ਼ ਪਿਤਾ ਨੇ ਪੰਜਾਂ ਪਿਆਰਿਆਂ ਕੋਲੋਂ ਸੀਸ ਭੇਟਾਂ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਪੰਜਾਂ ਪਿਅਰਿਆਂ ਪਾਸੋਂ ਆਪ ਅੰਮ੍ਰਿਤ ਛਕਕੇ ਗੁਰੂ ਚੇਲੇ ਦਾ ਭੇਦ ਹੀ ਖਤਮ ਕਰ ਦਿੱਤਾ। ਅਰਥਾਤ -

"ਆਪੇ ਗੁਰੂ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ"॥ (ਗੁਰੂ ਗ੍ਰੰਥ ਸਾਹਿਬ ਪੰਨਾ 669)

"ਗੁਰ ਚੇਲਾ ਚੇਲਾ ਗੁਰੂ ਗੁਰੂ ਸਿੱਖ ਸੁਣਿ ਗੁਰ ਸਿਖੁ ਸਦਾਵੈ (ਭਾਈ ਗੁਰਦਾਸ ਵਾਰ 28 ਪਾਉੜੀ 916)

ਸ੍ਰੀ ਦਰਬਾਰ ਸਾਹਿਬ ਦੇ ਚਹੁੰ ਦਿਸ਼ਾਵੀਂ ਚਾਰ ਦਰਵਾਜਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਇਹ ਅਧੂਰੀ ਪੰਗਤੀ "ਉਪਦੇਸੁ ਚਹੁੰ ਵਰਨਾ ਕਉ ਸਾਝਾ" ਦੀ ਵਿਆਖਿਆ ਵੀ ਅਕਸਰ ਭੁਲੇਖਾ ਪਾਊ ਹੀ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 747 ਉੱਤੇ ਦਰਜ ਹੈ 'ਖਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸੁ ਚਹੁੰ ਵਰਨਾ ਕਉ ਸਾਝਾ, ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ"। ਮਨੂੰ ਸਿਮਰਤੀ ਅਨੁਸਾਰ ਸ਼ੂਦਰ ਨੂੰ ਨਾਮ ਜਪਣ ਦਾ ਅਧਿਕਾਰ ਨਹੀਂ ਹੈ ਪਰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਜਪਣ ਦਾ ਅਧਿਕਾਰ ਚਹੁੰ-ਵਰਣਾਂ ਨੂੰ ਬਰਾਬਰ ਦਾ ਹੈ। ਜੇ ਦਰਬਾਰ ਸਾਹਿਬ ਦੇ ਅੰਦਰ ਆਉਣ ਲਈ ਚਾਰ ਦਰਵਾਜ਼ੇ ਤਾਂ ਬਾਹਰ ਜਾਣ ਲਈ ਵੀ ਚਾਰ ਦਰਵਾਜ਼ੇ ਹਨ। ਅੰਦਰ ਕਿਸੇ ਦਰਵਾਜ਼ੇ ਰਾਹੀਂ ਵੀ ਆ ਸਕੀਦਾ ਹੈ ਪਰ ਦਰਬਾਰ ਸਾਹਿਬ ਦੇ ਅੰਦਰ ਆ ਕੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਲਈ ਕੇਵਲ ਇਕੋ ਦਰਵਾਜ਼ਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਤੋਂ ਬਾਅਦ ਬਾਹਰ ਜਾਣ ਲਈ ਫਿਰ ਚਾਰ ਦਰਵਾਜੇ ਹਨ। ਫੈਸਲਾ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਨੇ ਕਰਨਾ ਹੈ ਕਿ ਉਨ੍ਹਾਂ ਨੇ ਚਹੁੰ ਵਰਨਾਂ ਨੂੰ ਇਕ ਕਰਨ ਲਈ ਗੁਰੂ ਨਾਨਕ ਦੀ ਸਿੱਖੀ ਧਾਰਨ ਕਰਨੀ ਹੈ ਜਾਂ ਚਹੁੰ ਦਰਵਾਜਿਆਂ ਰਾਹੀਂ ਫਿਰ ਆਪਣੇ ਆਪਣੇ ਵਰਨਾਂ ਵਿੱਚ ਵਾਪਿਸ ਜਾਣਾ ਹੈ। 'ਗੁਰੂ ਗ੍ਰੰਥ ਸਾਹਿਬ' ਫੁਰਮਾਉਂਦੇ ਹਨ ਕਿ ਹੇ ਭਾਈ ਪੰਚ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ, ਕੋਈ ਇਹ ਨਹੀਂ ਆਖ ਸਕਦਾ ਕਿ ਕਿਸੇ ਵਿਸ਼ੇਸ਼ ਵਰਨ ਵਾਲੇ ਵਿੱਚ ਬਹੁਤੇ ਤੱਤ ਹਨ ਤੇ ਕਿਸੇ ਵਰਨ ਵਾਲੇ ਵਿਚ ਥੋੜ੍ਹੇ ਤੱਤ ਹਨ। ਜਿਵੇਂ ਕੋਈ ਘੁਮਿਆਰ ਇਕੋ ਮਿੱਟੀ ਤੋਂ ਕਈ ਕਿਸਮਾਂ ਦੇ ਭਾਂਡੇ ਘੜ ਲੈਂਦਾ ਹੈ ਤਿਵੇਂ ਇਹ ਸਾਰਾ ਸੰਸਾਰ ਪ੍ਰਮਾਤਮਾ ਨੇ ਆਪਣੀ ਹੀ ਜੋਤਿ ਤੋਂ ਬਣਾਇਆ ਹੈ। ਭਾਵੇਂ ਕੋਈ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਹੋਵੇ ਗੁਰੂ ਨਾਨਕ ਦੀ ਸਿੱਖੀ ਧਾਰਨ ਕੀਤੇ ਤੋਂ ਬਿਨਾਂ ਵਰਨ-ਵੰਡ ਦਾ ਭੇਦ ਭਾਵ ਖਤਮ ਨਹੀਂ ਹੁੰਦਾ ਤੇ ਨਾ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ਅਰਥਾਤ:

"ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥ ਮਾਟੀ ਏਕ ਸਗਲ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੇ ਕੁਮਾਰਾ॥ ਪੰਚ ਤਤੁ ਮਿਲਿ ਦੇਹੀ ਕਾ ਅਕਾਰਾ॥ ਘਟਿ ਵਧਿ ਕੋ ਕਰੈ ਬੀਚਾਰਾ॥ ਕਹਤੁ ਨਾਨਕ ਇਹੁ ਜੀਉ ਕਰਮ ਬੰਧ ਹੋਈ॥ ਬਿਨ ਸਤਿਗੁਰ ਭੇਟੇ ਮੁਕਤਿ ਨ ਹੋਈ॥ (ਗੁ: ਗ੍ਰੰ: ਸਾ: ਪੰਨਾ-1127)

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 23ਵੀਂ ਪੌੜੀ ਵਿੱਚ ਵਰਣ-ਵੰਡ ਦਾ ਭੇਦ ਭਾਵ ਖਤਮ ਕਰਕੇ ਚਹੁੰ ਵਰਣਾ ਨੂੰ ਇਕ ਕਰਨ ਵਾਲਾ ਗੁਰੂ ਨਾਨਕ ਦਾ ਸਿੱਖੀ ਸਿਧਾਂਤ ਸਪੱਸ਼ਟ ਕੀਤਾ ਹੈ ਅਰਥਾਤ:

"ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ। ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪੀਲਾਇਆ। ਪਾਰ- ਬ੍ਰਹਮ ਪੂਰਨ ਬ੍ਰਹਮ ਕਲਿਯੁਗ ਅੰਦਰਿ ਇਕ ਦਿਖਾਇਆ। ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨ ਕਰਾਇਆ। ਰਾਣਾ ਰੰਗ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ। ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸ ਨਿਵਾਇਆ। ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ। ਕਲਿ ਤਾਰਣਿ ਗੁਰੂ ਨਾਨਕ ਆਇਆ।

ਅੱਗੇ ਚੱਲ ਕੇ 28ਵੀਂ ਵਾਰ ਦੀ 29ਵੀਂ ਪੌੜੀ ਵਿੱਚ ਭਾਈ ਗੁਰਦਾਸ ਜੀ ਹੋਰ ਵੀ ਸਪੱਸ਼ਟ ਕਰਦੇ ਹਨ ਕਿ -

"ਆਦਿ ਪੁਰਖ ਆਦੇਸ ਹੈ ਸਤਿਗੁਰ ਸਚੁ ਨਾਉ ਸਦਵਾਇਆ। ਚਾਰਿ ਵਰਨ ਗੁਰ ਸਿੱਖ ਕਰ ਗੁਰਮੁਖਿ ਸਚਾ ਪੰਥ ਚਲਾਇਆ। ਅਤੇ ਮਾਰਿ- ਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ। ਥਾਪਿਆ ਲਹਿਣਾ ਜੀਵਦੇ ਗੁਰਆਈ ਸਿਰਿ ਛਤ੍ਰ ਫਿਰਾਇਆ। ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ। ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ। ਕਾਇਆ ਪਲਟਿ ਸਰੂਪ ਬਣਾਇਆ।

'ਰਾਸ਼ਟਰੀ ਸਿੱਖ ਸੰਗਤ (ਆਰ. ਐਸ. ਐਸ.) ਦੇ ਬਿਆਨ ਬਾਰੇ ਤਿੰਨ ਨੁਕਤੇ ਵਿਚਾਰਨਯੋਗ ਹਨ - ਪਹਿਲਾ ਇਹ ਕਿ ਰਾਮ ਤੇ ਲਵਕੁਸ਼ ਕੇਵਲ ਮਿਥਿਹਾਸਕ ਪਾਤਰ ਹਨ, ਗੁਰੂ ਸਾ- ਹਬਾਨ ਦੀ ਅੰਸ਼-ਵੰਸ਼ ਨਾਲ ਇਨ੍ਹਾਂ ਦਾ ਉਕਾ ਹੀ ਕੋਈ ਸੰਬੰਧ ਨਹੀਂ ਜੁੜਦਾ। ਦੂਸਰਾ ਜਿਹੜੇ ਮੇਰੇ ਵੀਰ ਇਸ ਗੱਲ ਦੀ ਜ਼ਿੱਦ ਕਰਦੇ ਹਨ ਕਿ 'ਬਚਿੱਤਰ ਨਾਟਕ' ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ ਉਨ੍ਹਾਂ ਨੂੰ ਵੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਿਰਧਾਰਤ ਕੀਤੇ ਗਏ ਸਿੱਖੀ ਸਿਧਾਂਤਾਂ ਨੂੰ ਮਾਪ ਦੰਡ ਬਣਾ ਕੇ ਤੇ ਪੁਨਰ ਵਿਚਾਰ ਕਰਕੇ ਪੰਥ ਵਿੱਚੋਂ ਦੁਬਿਧਾ ਖਤਮ ਕਰਨੀ ਚਾਹੀਦੀ ਹੈ। ਤੀਸਰਾ 8 ਸਾਵਣ ਨਾਨਕਸ਼ਾਹੀ 536, ਮਿਤੀ 23-7-2004 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਰਾਸ਼ਟਰੀ ਸਿੱਖ ਸੰਗਤ ਵਿਰੁੱਧ ਜਾਰੀ ਹੋਇਆ ਹੁਕਮਨਾਮਾ ਨੰਬਰ, ਅ: 3-04-3207 ਹੈ (ਹੁਕਮਨਾਮੇ ਦੀ ਕਾਪੀ ਨਾਲ ਭੇਜ ਰਿਹਾ ਹਾਂ) ਇਸ ਹੁਕਮਨਾਮੇ ਦਾ ਸਾਰ ਅੰਸ਼ ਹੇਠ ਲਿਖੇ ਅਨੁਸਾਰ ਹੈ।

"ਪੰਥ ਵਿਰੋਧੀ ਆਰਐਸਐਸ ਰਾਸ਼ਟਰੀ ਸਿੱਖ ਸੰਗਤ ਜਥੇਦਾਰੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਸਿੱਖ ਪੰਥ ਵਿਰੋਧੀ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਇਸ ਵੱਲੋਂ ਆਪਣੀ ਇਸ ਕੋਝੀ ਹਰਕਤ ਨੂੰ ਅਮਲੀਜਾਮਾ ਪਹਿਨਾਉਣ ਅਤੇ ਸਿੱਖ ਸੰਗਤਾਂ ਤੇ ਸਿੱਖ ਜਥੇਬੰਦੀਆਂ ਦਾ ਸਹਿਯੋਗ ਹਾਸਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸਾਹਿਬਾਨਾਂ ਦੇ ਸਹਿਯੋਗ ਪ੍ਰਾਪਤ ਹੋਣ ਦਾ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਸਿੱਖ ਪੰਥ ਦੀ ਆਨ-ਸ਼ਾਨ ਸ੍ਰੀ ਅਕਾਲ ਤਖ਼ਤ ਵੱਲੋਂ ਪੰਥ ਵਿਰੋਧੀ ਕਿਸੇ ਜਥੇਬੰਦੀ ਨੂੰ ਕਦਾਚਿਤ ਵੀ ਕਿਸੇ ਕਿਸਮ ਦਾ ਸਹਿਯੋਗ ਨਹੀਂ ਦਿੱਤਾ ਗਿਆ ਤੇ ਨਾ ਹੀ ਦਿੱਤਾ ਜਾਵੇਗਾ। ਸਮੂਹ ਸਿੱਖ ਸੰਗਤਾਂ, ਸਿੰਘ ਸਭਾਵਾਂ, ਸਿੱਖ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ ਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਇਸ ਅਖੌਤੀ ਪੰਥ ਵਿਰੋਧੀ ਰਾਸ਼ਟਰੀ ਸਿੱਖ ਸੰਗਤ ਜਥੇਬੰਦੀ ਦੇ ਪ੍ਰਚਾਰ ਤੋਂ ਸੁਚੇਤ ਰਹਿਣ ਅਤੇ ਇਸ ਜਥੇਬੰਦੀ ਨੂੰ ਕਿਸੇ ਕਿਸਮ ਦਾ ਸਹਿਯੋਗ ਨਾ ਦੇਣ" ਅਫਸੋਸ ਇਸ ਗੱਲ ਦਾ ਹੈ ਕਿ ਪੰਥ ਵਿਰੋਧੀ ਰਾਸ਼ਟਰੀ ਸਿੱਖ ਸੰਗਤ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੇ ਬਾਵਜੂਦ ਸਿੱਖ ਧਰਮ ਦੀ ਸੁਤੰਤਰ ਵਿਲੱਖਣ ਤੇ ਨਿਆਰੀ ਹੋਂਦ ਹਸਤੀ ਉਤੇ ਰਾਸ਼ਟਰੀ ਸਿੱਖ ਸੰਗਤ ਨਿਰੰਤਰ ਘਾਤਕ ਸਿਧਾਂਤਕ ਹਮਲੇ ਕਰ ਰਹੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ ਅਤੇ ਨਾ ਹੀ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ, ਸਿੰਘ ਸਭਾਵਾਂ ਅਤੇ ਪੰਥਕ ਜਥੇਬੰਦੀਆਂ ਇਸ ਅਹਿਮ ਮੁੱਦੇ ਬਾਰੇ ਵਿਚਾਰ ਵਟਾਂਦਰਾ ਕਰਨ ਵਾਸਤੇ ਕੋਈ ਪੰਥਕ ਇਕੱਠ ਬੁਲਾਉਣ ਜਾਂ ਸੈਮੀਨਾਰ ਕਰਾਉਣ ਲਈ ਕੋਈ ਉਪਰਾਲਾ ਕਰ ਰਹੀਆਂ ਹਨ। ਜੇ ਕਿਸੇ ਦਰੱਖਤ ਦੇ ਪੱਤੇ ਸੁੱਕ ਜਾਣ ਤਾਂ ਉਹ ਦੁਬਾਰਾ ਹਰੇ ਹੋ ਜਾਂਦੇ ਹਨ, ਪਰ ਜੇ ਦਰੱਖਤ ਦੀ ਜੜ੍ਹ ਹੀ ਸੁੱਕ ਜਾਵੇ ਤਾਂ ਪੱਤੇ ਵੀ ਦੁਬਾਰਾ ਹਰੇ ਹੋਣ ਦੀ ਕੋਈ ਆਸ ਨਹੀਂ ਰਹਿੰਦੀ। ਸਿੱਖ ਧਰਮ, ਸਿੱਖ ਕੌਮ ਦੀ ਜੜ੍ਹ ਹੈ। ਸਿੱਖਾਂ ਨੂੰ ਹਿੰਦੂ ਸਿੱਧ ਕਰਨ ਲਈ ਰਾਸ਼ਟਰੀ ਸਿੱਖ ਸੰਗਤ (ਆਰ.ਐਸ.ਐਸ.) ਨੇ ਬੜੇ ਯੋਜਨਾਬੱਧ ਤਰੀਕੇ ਨਾਲ ਸਿੱਖ ਪੰਥ ਵਿੱਚ ਘੁਸਪੈਠ ਕੀਤੀ ਹੈ। ਪੰਜਾਬ ਟਾਈਮਜ਼ ਆਫ ਇੰਡੀਆ' 22 ਦਸੰਬਰ 2015 ਦੇ ਅੰਕ ਵਿੱਚ ਛਪੀ ਖਬਰ ਅਨੁਸਾਰ ਆਰ.ਐਸ.ਐਸ. ਦੇ ਚੀਫ ਪੈਟਰਨ ਮੋਹਨ ਭਾਗਵਤ ਨੇ ਚਿਰੰਜੀਵ ਸਿੰਘ ਨੂੰ ਜੋ ਰਾਸ਼ਟਰੀ ਸਿੱਖ ਸੰਗਤ ਦੇ ਬਾਨੀਆਂ ਵਿੱਚੋਂ ਇਕ ਹੈ ਨੂੰ 85 ਲੱਖ ਰੁਪਏ ਦੀ ਰਾਸ਼ੀ ਇਸ ਕਰਕੇ ਭੇਟ ਕੀਤੀ ਤਾਂ ਕਿ ਉਹ ਸਿੱਖਾਂ ਦੇ ਇਤਿਹਾਸਕ ਦਸਤਾਵੇਜ਼ਾਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੀ ਨਵੇਂ ਸਿਰਿਉਂ ਵਿਆਖਿਆ ਕਰਵਾ ਸਕੇ। ਚਿਰੰਜੀਵ ਸਿੰਘ ਨੇ ਸੰਨ 1999 ਨੂੰ ਖਾਲਸਾ ਦੇ ਤਿੰਨ ਸੌ ਸਾਲਾ ਸਾਜਨਾ ਨੂੰ ਸਮਰਪਿਤ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਤੱਕ 'ਸੰਤ ਯਾਤਰਾ' ਆਯੋਜਿਤ ਕੀਤੀ ਤੇ ਉਸ ਸਮੇਂ ਆਪਣੀ ਪੁਸਤਕ 'ਇਹ ਜਨਮ ਤੁਮਾਰੇ ਲੇਖੇ' ਵੀ ਰਿਲੀਜ਼ ਕੀਤੀ। ਬੇਸ਼ੱਕ ਬਾਬਰੀ ਮਸਜਿਦ 6 ਦਸੰਬਰ 1992 ਨੂੰ ਢਾਈ ਗਈ ਪ੍ਰੰਤੂ ਇਸ ਪ੍ਰਕਿਰਿਆ ਵਿੱਚ ਸਿੱਖਾਂ ਦੀ ਸ਼ਮੂਲੀਅਤ ਦੀ ਨੀਤੀ ਬਹੁਤ ਸਮਾਂ ਪਹਿਲਾ ਤਿਆਰ ਕੀਤੀ ਜਾ ਚੁੱਕੀ ਸੀ। ਰਾਸ਼ਟਰੀ ਸਿੱਖ ਸੰਗਤ ਅਯੁੱਧਿਆ ਨੂੰ ਗੁਰ-ਇਤਿਹਾਸ ਨਾਲ ਜੋੜ ਕੇ ਸਿੱਖ ਗੁਰੂ ਸਾਹਿਬਾਨ ਨੂੰ 'ਮਰਿਯਾਦਾ ਪੁਰਸ਼ੋਤਮ ਰਾਮ ਚੰਦਰ ਦੇ ਵੰਸ਼ਜ਼ ਸਿੱਧ ਕਰਨਾ ਚਾਹੁੰਦੀ ਹੈ। ਇਸੇ ਸਾਜਿਸ਼ੀ ਨੀਤੀ ਤਹਿਤ ਰਾਸ਼ਟਰੀ ਸਿੱਖ ਸੰਗਤ ਦੇ ਸਰਗਰਮ ਮੈਂਬਰ ਰਜਿੰਦਰ ਸਿਹੁੰ ਨਿਰਾਲਾ ਨੇ 1991 ਵਿੱਚ, 'ਸਿੱਖ ਇਤਿਹਾਸ ਮੇਂ ਸ੍ਰੀ ਰਾਮ ਜਨਮ ਭੂਮੀ' ਦੇ ਸਿਰਲੇਖ ਹੇਠ

ਬਾਕੀ ਹਿੱਸਾ ਸਫਾ 28 'ਤੇ ਪੜ੍ਹੋ

### 17 ਮਈ ਨੂੰ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼

# ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ



ਸ੍ਰ. ਭਗਵਾਨ ਸਿੰਘ ਜੌਹਲ

ਸਿੱਖ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿੱਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਕ 1745 ਈ: ਦੇ ਜੁਲਾਈ ਮਹੀਨੇ ਵਿੱਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵੱਧ ਕੇ ਜ਼ੁਲਮੀ ਸ਼ਾਸਕ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸੈਦਪੁਰ) ਹੁਣ ਲਹਿੰਦਾ ਪੰਜਾਬ (ਪਾਕਿਸਤਾਨ) ਦੇ ਨੇੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਛੋਹ ਪ੍ਰਾਪਤ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨਾਂ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿੱਚ ਇਕ ਫੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਬਦੋਲੀ ਗੁਸਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭ ਦੀ ਹੈ, ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਦਰਸ਼ਨਾਂ ਲਈ ਹੀ ਪੁੱਜਣਾ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇਕ ਵੀ ਨਾ ਸੁਣੀ। ਸ਼ਰਧਾਲੂ ਸਿੱਖ ਜਥੇ ਉੱਪਰ ਹਮਲਾ ਕਰ ਦਿੱਤਾ ਗਿਆ। ਇਸ ਝੜਪ ਵਿੱਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਥੀ ਦੀ ਪੂਛ ਫੜ ਕੇ ਹੌਦੇ ਵਿੱਚ ਬੈਠੇ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਹੀ ਇਸ ਘੱਲੂਘਾਰੇ ਦਾ ਮੁੱਢ ਬੱਝਦਾ ਹੈ। ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖਬਰ ਮਿਲੀ ਤਾਂ ਉਸ ਨੇ ਕ੍ਰੋਧ ਵਿੱਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿੱਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਮੇਰੀ ਹਕੂਮਤ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗੀ।

ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਦੀ ਫੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੂਚਿਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਕੀਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ, ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਡੌਂਡੀ ਪਿਟਵਾਈ ਅਤੇ ਐਲਾਨ ਕੀਤਾ, ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, 'ਗੁੜ' ਸ਼ਬਦ ਦਾ ਉਚਾਰਨ ਨਹੀਂ ਕਰੇਗਾ, ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ। ਗੁੜ ਦੀ ਥਾਂ ਰੋੜੀ ਕਿਹਾ ਜਾਵੇ। ਸਾਰੇ ਸਿੰਘਾਂ ਨੇ ਗੁਰਮਤਾ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿੱਚ ਡੇਰੇ ਲਾ ਲਏ। ਇਸ ਛੰਭ ਦਾ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਇਸ ਕੰਡਿਆਂ, ਝਾੜੀਆਂ ਦੇ ਜੰਗਲ ਵਿੱਚ ਸਿੱਖ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਹਥਿਆਰ। ਸਿੰਘਾਂ ਨੂੰ ਜੰਗਲ ਵਿੱਚ ਰਹਿਣ ਦੀ ਜਾਚ ਸੀ।

ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿੱਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ। ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿੱਚ ਮੁਖੀ ਜਰਨੈਲਾਂ ਵਿੱਚ ਬੁੱਢਾ ਦਲ ਦੇ ਮੁਖੀ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਲੀ, ਸ. ਗੁਰਦਿਆਲ ਸਿੰਘ ਡੱਲੇਵਾ ਆਦਿ ਅਗਵਾਈ ਕਰ ਰਹੇ ਸਨ। ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿੱਚ ਮਾਰੇ ਗਏ। ਕੁਝ ਸਿੰਘਾਂ ਨੇ ਬਚ-ਬਚਾ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੋਂ ਘਸੌਲੀ ਵੱਲ ਮੂੰਹ ਕੀਤਾ। ਪਰ ਅੱਗੋਂ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ। ਇਸ ਲੜਾਈ ਵਿੱਚ ਸੱਤ ਹਜ਼ਾਰ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਕ ਵਿੱਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਸਿੰਘ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ, ਪਰ ਇਸ ਤੋਂ 16 ਸਾਲ ਤੋਂ ਪਿੱਛੋਂ 1762 ਈ: ਵਿੱਚ ਕੁੱਪ-ਰੋਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਨੂੰ ਵੀ ਸਾੜਿਆ ਅਤੇ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਘੱਲੂਘਾਰਾ ਦੇ ਅਸਥਾਨ ਉੱਪਰ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਗਈ ਹੈ। ਪ੍ਰਬੰਧਕ ਕਮੇਟੀ ਸੁਚਾਰੂ ਢੰਗ ਨਾਲ ਪ੍ਰਬੰਧ ਚਲਾ ਰਹੀ ਹੈ। ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

Email: bhagwansinghjohal@gmail.com

## ਲੋਕ ਸੱਚ ਜਾਨਣਾ ਚਾਹੁੰਦੇ ਹਨ !! ਸਿੱਖ ਮੰਗਦੇ ਹਨ ਇੰਨਸਾਫ !!

### ਸੱਚ ਕੀ ਬੇਲਾ !!

ਸ਼੍ਰੀ ਸੁਮੇਧ ਸਿੰਘ ਸੈਣੀ ਵਿਰੁੱਧ ਆਈ ਏ ਐਸ ਅਫਸਰ ਦੇ ਪੁੱਤਰ ਨੂੰ ਅਗਵਾ ਕਰਨ ਤੇ ਜੁਰਮ ਦੇ ਸਬੂਤ ਨਸ਼ਟ ਕਰਨ ਦਾ ਮਾਮਲਾ ਚਰਚਾ ਦਾ ਵਿਸ਼ਾ ਹੈ !!

ਪੰਜਾਬ ਕਾਡਰ ਦਾ ਇਕ ਆਈ ਏ ਐਸ ਦਾ ਪੁੱਤਰ ਅਖੌਤੀ ਰੂਪ ਵਿੱਚ ਚੰਡੀਗੜ੍ਹ ਦੇ ਐਸ ਐਸ ਪੀ ਹੁੰਦਿਆਂ ਸੁਮੇਧ ਸੈਣੀ ਜੀ ਤੇ 1991 ਵਿੱਚ ਹੋਏ ਹਮਲੇ ਦੇ ਸੰਬੰਧ ਵਿੱਚ ਅਖੌਤੀ ਦੋਸ਼ੀਆਂ ਨੂੰ ਪਨਾਹ ਦੇਣ ਦਾ ਦੋਸ਼ੀ ਦਸਿਆ ਗਿਆ ਹੈ !!

ਸਰਕਾਰ ਆਈ ਏ ਐਸ ਅਫਸਰ ਦੇ ਪੁੱਤਰ ਨੂੰ ਨਾ ਲੱਭ ਸਕੀ ਨਾ ਇਨਸਾਫ ਦਿੰਦੇ ਹੋਏ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕੀਤੀ !! ਅਦਾਲਤਾਂ ਵੀ 16 ਸਾਲ ਤੱਕ ਦਰਖ਼ਾਸਤ ਲਮਕਾਈ ਗਇਆਂ , ਭਲਾ ਹੋਵੈ ਜੱਜ ਮਹਿਤਾਬ ਸਿੰਘ ਗਿੱਲ ਦਾ ਭਾਵੇਂ ਟੈਲੀਫੂਨ ਟੇਪਿੰਗ ਤੋਂ ਦੁਖੀ ਉਸਨੇ ਸੀ ਬੀ ਆਈ ਇੰਕੁਆਰੀ ਦੇ ਹੁਕਮ ਦੇ ਕੇ ਸਬੂਤ ਕਲਮਬੰਦ ਕਰਵਾ ਦਿੱਤੇ !! ਉਪਰਲੀ ਅਦਾਲਤ ਨੂੰ ਜੱਜ ਮਹਿਤਾਬ ਸਿੰਘ ਗਿੱਲ ਦਾ ਹੁਕਮ ਚੰਗਾ ਨਾ ਲਗਾ , ਤੇ ਗੱਲ ਫੇਰ ਜੀਰੋ ਤੇ ਪਹੁੰਚ ਗਈ !!

ਸੁਮੇਧ ਸਿੰਘ ਸੈਣੀ 2002 ਤੋਂ 2007 ਤੱਕ ਕੈਪਟਨ ਅਮਰ੍ਰਿੰਦਰ ਸਿੰਘ ਦੀ ਮੁੱਛ ਦਾ ਵਾਲ ਸੀ ! ਬਾਦਲ ਪਰਿਵਾਰ ਤੇ ਪਰਚਾ ਦੇ ਕੇ ਤੇ ਰਵਿੰਦਰ ਸਿਧੂ ਨੂੰ ਫੜਨ ਵਾਲਿ਼ਆਂ ਦਾ ਮੋਹਰੀ ਸੀ !! ਕਾਂਗਰਸ ਸਰਕਾਰ ਗਈ ਤਾਂ ਇਹ ਪੁੱਠੀ ਛਾਲ ਮਾਰ ਅਕਾਲੀ ਬਣ ਗਿਆ ਤੇ ਬਾਦਲ ਪਰਿਵਾਰ ਬਰੀ ਕਰਾਉਣ ਦੇ ਕੰਮ ਲੱਗ ਗਿਆ ਤੇ ਕੈਪਟਨ ਤੇ ਪਰਚੇ ਦੇ ਦਿੱਤੇ!!

ਸੈਣੀ ਹਮਾਇਤੀ ਬਾਦਲ ਸਰਕਾਰ ਸੁਪਰੀਮ ਕੋਰਟ ਜਾ ਪੁੱਜੀ ਤੇ ਜੱਜ ਮਹਿਤਾਬ ਸਿੰਘ ਦਾ ਹੁਕਮ ਰੱਦ ਕਰਵਾ ਦਿੱਤਾ !!

ਦੁੱਖ ਹੈ ਕਿ ਭਾਰਤੀ ਅਦਾਲਤਾਂ ਨੇ ਵੀ ਪੰਜਾਬ ਵਿੱਚ ਅਤਿਵਾਦ ਕਿਵੇਂ ਪੈਦਾ ਹੋਇਆ ਤੇ ਆਮ ਆਦਮੀ ਤੇ ਜ਼ੁਲਮ ਕਿਸ ਨੇ ਤੇ ਕਿਉ ਕੀਤੇ ਵਾਰੇ ਪੜਤਾਲ ਦੇ ਹੁਕਮ ਨਹੀ ਦਿੱਤੇ , ਪਰ ਜਿੱਥੇ ਸਿੱਖ ਮੁਦਈ ,ਪੁਲਿਸ ਵਿਰੁੱਧ ਸਕਾਇਤਾ ਕਰਤਾ ਬਣਿਆ ਭਾਵੇਂ ਉਹ ਆਈ ਏ ਐਸ ਔਰਤ ਸੀ ਜਾ ਮਰਦ ਇਨਸਾਫ ਦ ਪਲੜਾ ਪੁਲਿਸ ਵੱਲ ਹ ਰਿਹਾ !!

ਸ਼੍ਰੋਮਣੀ ਅਕਾਲੀ ਦਲ ਜੋ ਧਰਮ ਯੁੱਧ ਮੋਰਚ ਸ਼ੁਰੂ ਕਰਨ ਵਾਲਾ ਸੀ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 4 ਅਗਸਤ 1982 ਨੂੰ ਗ੍ਰਿਫਤਾਰੀ ਦੇ ਕੇ ਸ਼ੁਰੂ ਕੀਤਾ ਸੀ , ਬਾਦ ਵਿੱਚ ਤਿੰਨ ਵਾਰ ਮੁੱਖ ਮੰਤਰੀ ਰਹੇ ਨੇ ਰਾਜਸੀ ਮੰਗਾ ਤਾ ਕੀ ਮਨਵਾਉਣੀਆਂ ਸਨ , ਜ਼ਿਆਦਤੀ ਕਰਨ ਵਾਲੇ ਪੁਲਿਸ ਅਫਸਰਾ ਨੂੰ ਇੰਕੁਆਰੀ ਦੀ ਥ ਤਰੱਕੀਆਂ ਦੇ ਕੇ ਨਿਵਾਜਿਆ !! ਕਾਂਗਰਸ ਤੋਂ ਤ ਆਸ ਹੀ ਕਰਨੀ ਸੀ !!

ਸੈਣੀ ਦੇ ਬਚਾਉ ਲਈ ਗੁਰਦਵਾਰ ਜੁਡੀਸ਼ਲ ਕਮਿਸ਼ਨ ਦਾ ਚੇਅਰਮੈਨ ਵਕੀਲ ਬ ਅਦਾਲਤ ਵਿੱਚ ਪੇਸ਼ ਹੋ , ਸੈਣੀ ਤੇ ਅਕਾਲੀ ਦਲ ਦੀ ਸਾਂਝ ਨੰਗੀ ਕਰ ਗਿਆ , ਬਾਦ ਵਿੱਚ ਭਾਵੇ ਉਹ ਅੰਤਰ ਰਾਸ਼ਟਰੀ ਦਬਾਉ ਕਾਰਣ ਪਿੱਛੇ ਹੱਟ ਗਿਆ !!

ਇੰਨਸਾਫ ਹਰ ਇਕ ਦੀ ਲੋੜ ਤੇ ਹੱਕ ਹੈ ਟੈਲੀਵੀਜ਼ਨ ਚੈਨਲਾ ਤੇ ਸੈਣੀ ਦੀ ਹਮਾਇਤ ਕਰਨ ਵਾਲੇ ਦੱਸਣ ਦੀ ਖੇਚਲ ਕਰਨ ਕਿ ਉਹ ਇਸ ਨੂੰ ਕਿਵੇਂ ਬੇਗੁਨਾਹ ਸਾਬਤ ਕਰਦੇ ਹਨ?

ਸੈਣੀ ਦੀ ਗਿਰਫਤਾਰੀ ਤੇ ਚਲਾਨ , ਪੰਜਾਬ ਦੇ ਦਰਦ ਦੀ ਇਕ ਛੋਟੀ ਕਹਾਣੀ ਹੈ , ਪੂਰਨ ਇੰਸਾਫ ਤਾ ਜੇਲ ਵਿੱਚ ਲੰਮੇ ਸਮੇਂ ਤੇ ਬੰਦ ਸਿੱਖ ਦੀ ਰਿਹਾਈ , ਝੂਠੇ ਮੁਕਾਬਲੇ ਕਰਨ ਵਾਲਿ਼ਆ ਵਿਰੁੱਧ ਕਾਰਵਾਈ ਤੇ ਰਾਜਸੀ ਮੰਗਾ ਦੀ ਪੂਰਤੀ ਨਾਲ ਹੀ ਹੋ ਸਕਦਾ ਹੈ !!

ਸਿੱਖ ਇਕ ਮਨੁੱਖਤਾ ਨੂੰ ਪਿਆਰ , ਸਤਿਕ-ਾਰ ਤੇ ਸੇਵਾ ਕਰਨ ਵਾਲੀ ਕੌਮ ਹੈ !! ਦੂਜਿਆ ਦੀ ਰਾਖੀ ਤੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦਿਤਿਆ ਹਨ , ਇਹ ਵੀ ਇਨਸਾਫ ਤੇ ਸਤਿਕਾਰ ਮੰਗਦੇ ਹਨ !!

ਇਹ ਸੰਬੰਧਤ ਰਾਜਸੀ ਆਗੂਆ ਨੂੰ ਮੇਰੀ ਬੇਨਤੀ ਹੈ !!

ਵਾਹਿਗੁਰੂ ਜੀ ਕੀ ਫ਼ਤਿਹ !!

ਇਕਬਾਲ ਸਿੰਘ ਲਾਲਪੁਰਾ

## ਸਿੱਖ ਇਤਿਹਾਸ ਉੱਤੇ ਘਾਤਕ ਹਮਲੇ" -27 ਸਫ਼ੇ ਦੀ ਬਾਕੀ

ਕਿਤਾਬ ਲਿਖੀ ਜਿਸ ਨੂੰ ਸੰਘ ਦੇ ਪ੍ਰਕਾਸ਼ਨ ਵਿਭਾਗ 'ਭਾਰਤ ਭਾਰਤੀ' ਨੇ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸੇ ਹੀ ਰਜਿੰਦਰ ਸਿਹੁੰ ਨਿਰਾਲਾ ਨੇ ਇਕ ਪੁਸਤਕ, 'ਹਮ ਹਿੰਦੂ ਹੈਂ', ਪੁਸਤਕ ਵੀ ਛਪਵਾਈ ਸੀ। ਇਸ ਪੁਸਤਕ ਵਿੱਚ ਵੀ 'ਨਿਰਾਲੇ' ਨੇ ਸਿੱਖ ਇਤਿਹਾਸ ਦੇ ਤਥਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਅਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਵਾਲੇ ਵਿਦਵਾਨਾ ਉੱਤੇ ਵੀ ਗੰਭੀਰ ਇਲਜ਼ਾਮ ਲਾਏ ਸਨ, ਇਸ ਦਾ ਜੁਆਬ ਨਿਰਾਲੇ ਨੂੰ ਪ੍ਰਿੰਸੀਪਲ ਲਾਭ ਸਿੰਘ ਨੇ 'ਹਮ ਹਿੰਦੂ ਨਹੀਂ' ਭਾਵ 'ਸਿੱਖ ਹਿੰਦੂ ਨਹੀ" ਲਿਖ ਕੇ ਦਿੱਤਾ ਸੀ। ਨਵੰਬਰ 2019 ਨੂੰ ਭਾਰਤ ਦੀ ਸੁਪਰੀਮ ਕੋਰਟ ਵਿੱਚ ਅਯੁੱਧਿਆ ਬਾਰੇ ਹੋਈ ਸੁਣਵਾਈ ਵਿੱਚ ਇਸੇ ਹੀ ਰਾਸ਼ਟਰੀ ਸਿੱਖ ਸੰਗਤ ਦੇ ਰਜਿੰਦਰ ਸਿਹੁੰ ਨੇ ਆਪਣੀ ਸਟੇਟਮੈਂਟ ਵਿੱਚ ਸਿੱਖ ਨੂੰ ਹਿੰਦੂਆਂ ਦੇ ਕਲਟ ਵਜੋਂ ਪੇਸ਼ ਕੀਤਾ ਅਤੇ ਗੁਰੂ ਨਾਨਕ ਨੂੰ ਰਾਮ ਚੰਦਰ ਦਾ ਭਗਤ ਦਰਸਾਇਆ। ਰਾਸ਼ਟਰੀ ਸਿੱਖ ਸੰਗਤ ਦੇ ਰਜਿੰਦਰ ਸਿਹੁੰ ਨਿਰਾਲੇ ਦੀ ਗਵਾਹੀ ਦੇ ਆਧਾਰ 'ਤੇ ਭਾਰਤੀ ਸੁਪਰੀਮ ਕੋਰਟ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਕਲਟ ਵਜੋਂ ਪ੍ਰਵਾਨ ਕੀਤਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਸਿੱਖ ਧਰਮ ਦੀ ਮੁੱਢੋਂ ਹੀ ਖਤਮ ਹੋ ਜਾਂਦੀ ਹੈ ਅਤੇ ਸਿੱਖ ਧਰਮ ਉੱਤੇ ਸਭ ਤੋਂ ਵੱਡਾ ਤੇ ਘਾਤਕ ਹਮਲਾ ਹੈ ਤੇ ਗੁਰੂ ਨਾਨਕ ਦੇ ਸਿੱਖ ਕੁੰਭ ਕਰਨੀ ਨੀਂਦ ਸੁੱਤੇ ਪਏ ਹਨ। ਰਾਸ਼ਟਰੀ ਸਿੱਖ ਸੰਗਤ ਇਹ ਸ਼ਰੇਆਮ ਪ੍ਰਚਾਰ ਕਰ ਰਹੀ ਹੈ ਕਿ (1) ਸਿੱਖਾਂ ਦਾ ਹਿੰਦੂਆਂ ਨੂੰ ਬਚਾਉਣ ਵਾਸਤੇ ਇਕ ਫੌਜੀ ਦਸਤਾ ਤਿਆਰ ਕੀਤਾ ਗਿਆ ਸੀ। (2) ਸਿੱਖ ਗੁਰੂ ਸਾਹਿਬਾਨ ਹਿੰਦੁਸਤਾਨ ਦੇ ਰਾਸ਼ਟਰੀ ਆਗੂ ਹਨ। (3) ਬਚਿੱਤਰ ਨਾਟਕ ਵਿੱਚ ਸਿੱਖਾਂ ਦੀ ਵੱਖਰੀ ਹੋਂਦ ਨਹੀਂ ਮੰਨੀ ਗਈ। (4) ਜਿਹੜੇ ਸਿੱਖ, ਸਿੱਖਾਂ ਨੂੰ ਵੱਖਰੀ ਕੌਮ ਦੱਸਦੇ ਹਨ ਉਹ ਵੱਖਵਾਦੀ ਹਨ। (5) ਗੁਰਬਾਣੀ ਐਸੀ ਗਿਆਨ ਗੰਗਾ ਹੈ ਜੋ ਵੇਦਾਂ ਦੀ ਗੰਗੋਤਰੀ ਵਿੱਚੋਂ ਫੁੱਟਦੀ ਹੈ। (ਗੁਰੂ ਗ੍ਰੰਥ ਸਾਹਿਬ ਵਿੱਚ ਵੇਦਾਂ ਦਾ ਕੀ ਸਥਾਨ ਹੈ ਇਹ ਵਿਸ਼ਾ ਵੱਖਰੇ ਲੇਖ ਦੀ ਮੰਗ ਕਰਦਾ ਹੈ)

"ਸੰਨ 2002 ਨੂੰ ਯੂ.ਪੀ. ਵਿਖੇ ਰਾਸ਼ਟਰੀ ਸਿੱਖ ਸੰਗਤ ਵੱਲੋਂ ਵੱਡੀ ਪੱਧਰ 'ਤੇ ਹਿੰਦੀ ਵਿੱਚ ਨਿਯਮਾਂਵਲੀ (ਮਰਿਯਾਦਾ) ਛਪਵਾ ਕੇ ਵੰਡੀ ਗਈ, ਇਸ ਵਿੱਚ ਸਾਫ ਲਿਖਿਆ ਹੈ ਕਿ ਜੇ ਅਰਦਾਸ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਰਨ ਦਾ ਸਮਾਂ ਨਾ ਮਿਲੇ ਤਾਂ ਸਿੱਖ ਸੰਗਤ ਅਰਦਾਸ ਤੋਂ ਪਹਿਲਾਂ ਵੰਦੇ ਮਾਤਰਮ ਦਾ ਪਾਠ ਕਰੇ, ਤੇ ਰਾਮਚੰਦਰ ਤੇ ਕ੍ਰਿਸ਼ਨ ਦੀ ਮੂਰਤੀ ਰੱਖ ਕੇ ਉਸ ਉੱਤੇ ਫੁੱਲਮਾਲਾ ਚੜ੍ਹਾਈ ਜਾਵੇ ਆਦਿਕ (ਹਵਾਲਾ – ਇੰਡੀਆ ਅਵੇਅਰਨੈਸ ਅੰਕ ਜੂਨ 2011 ਕਾਲਮ ਬ੍ਰਾਹਮਣਵਾਦ ਅਵੇਅਰਨੈਸ) ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਮੂਹ ਗੁਰਦੁਆਰਾ ਸਾਹਿਬਾਨ, ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ, ਸਿੰਘ ਸਭਾਵਾਂ ਤੇ ਸਿੱਖ ਸੰਗਤਾਂ ਨੂੰ ਪੰਥ ਵਿਰੋਧੀ ਰਾਸ਼ਟਰੀ ਸਿੱਖ ਸੰਗਤ (ਆਰ.ਐਸ.ਐਸ.) ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਮਨਾਉਂਦਿਆਂ 12 ਨਵੰਬਰ 2019 ਨੂੰ ਸੁਲਤਾਨਪੁਰ ਲੋਧੀ ਵਿਖੇ ਸਤਿਕਾਰ ਯੋਗ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਸਾਰ ਭਰ ਵਿੱਚ ਵੱਸਦੇ ਨਾਨਕ ਨਾਮ-ਲੇਵਾ ਅਤੇ ਨਿਰਮਲ ਬੁੱਧ ਖਾਲਸਾ ਜੀ ਦੇ ਨਾਂ ਚਾਰ ਪੰਨਿਆਂ ਦਾ 'ਸੰਦੇਸ਼' ਦਿੱਤਾ, ਗੁਰਦੁਆਰਿਆਂ ਦੇ ਹਫ਼ਤਾਵਾਰੀ ਦੀਵਾਨਾਂ ਵਿੱਚ ਉਸ ਦੀ ਵਿਆਖਿਆ ਹੋਣੀ ਚਾਹੀਦੀ ਹੈ।

## ਹਾਸ ਵਿਅੰਗ

ਕੇ ਐੱਲ ਗਰਗ

# ਨੇਤਾ ਜੀ ਦੇ ਬਚਨ

ਨੇਤਾ ਜੀ ਜ਼ੁਬਾਨ ਦੇ ਸੋਲ੍ਹਾਂ ਆਨੇ ਪੱਕੇ ਹਨ। ਜੋ ਕਹਿੰਦੇ ਹਨ, ਕਰਕੇ ਦਿਖਾਉਂਦੇ ਹਨ; ਹੱਥ 'ਤੇ ਸਰ੍ਹੋਂ ਜਮਾਉਂਦੇ ਹਨ। ਹਿੰਦੀ ਕਵੀ ਦੀਆਂ ਲਿਖਤਾਂ ਨੂੰ ਜਾਨ ਦੇ ਕੇ ਵੀ ਪੁਗਾਉਂਦੇ ਹਨ।

ਨੇਤਾ ਗੀਤ ਸਦਾ ਚਲੀ ਆਈ,
ਪ੍ਰਾਣ ਜਾਈ ਪਰ ਬਚਨ ਨਾ ਜਾਈ।

ਜਨਤਾ ਵੀ ਜਾਣਦੀ ਹੈ ਕਿ ਨੇਤਾ ਜੀ ਮਰ ਸਕਦੇ ਹਨ, ਪਰ ਆਪਣੇ ਬਚਨਾਂ ਤੋਂ ਫਿਰ ਨਹੀਂ ਸਕਦੇ। ਨੇਤਾ ਜੀ ਜਾਣਦੇ ਹਨ ਕਿ 'ਸਭ ਦਾ ਸਾਥ, ਸਭ ਦਾ ਵਿਕਾਸ'। ਜਨਤਾ ਸਾਥ ਦੇਵੇਗੀ, ਤਦ ਹੀ ਵਿਕਾਸ ਦਾ ਮਾਰਗ ਖੁੱਲ੍ਹੇਗਾ। ਨੇਤਾ ਜੀ ਨੂੰ ਪਤਾ ਹੈ, "ਬੜੀ ਮੁਸ਼ਕਲ ਹੈ ਡਗਰ ਪਨਘਟ ਕੀ", "ਕੈਸੇ ਆਊਂ ਮੈਂ ਜਮਨਾ ਕੇ ਤੀਰ, ਸ਼ਿਆਮਾ ਕੈਸੇ ਆਊਂ ਮੈਂ ਜਮਨਾ ਕੇ ਤੀਰ।" ਨੇਤਾ ਜੀ ਇਹ ਵੀ ਜਾਣਦੇ ਹਨ ਕਿ ਜਮਨਾ ਦੇ ਤੀਰ ਆ ਕੇ ਹੀ ਖੀਰ ਮਿਲਣੀ ਹੈ, ਨਹੀਂ ਤਾਂ ਫੋਕੇ ਨੀਰ ਨਾਲ ਖੀਰ ਕਿਵੇਂ ਬਣੇਗੀ।

ਅਸੀਂ ਤਾਂ ਹੋਰ ਹੀ ਪਾਸੇ ਤੁਰ ਪਏ ਹਾਂ। ਗੱਲ ਤਾਂ ਨੇਤਾ ਜੀ ਦੇ ਬਚਨ ਪੁਗਾਉਣ ਦੀ ਚੱਲ ਰਹੀ ਸੀ। ਨੇਤਾ ਜੀ ਜਾਣਦੇ ਹਨ ਕਿ ਜਨਤਾ ਦਾ ਗੁੱਸਾ ਬਹੁਤ ਭੈੜਾ ਹੁੰਦਾ ਹੈ। ਉਹ ਤਾਂ ਘੜੀ-ਪਲ ਵਿੱਚ ਹੀ ਰਾਜਾ ਨੂੰ ਰੰਕ ਬਣਾ ਸੁੱਟਦੀ ਹੈ; ਸ਼ਾਹ ਤੋਂ ਫੱਕ ਬਣਾ ਸਕਦੀ ਹੈ। ਇਸ ਤੋਂ ਪਹਿਲਾਂ ਕਿ ਜਨਤਾ ਇਹ ਗੀਤ ਗਾਉਣ ਲੱਗ ਪਵੇ, "ਵਾਅਦਾ ਤੇਰਾ ਵਾਅਦਾ ਕਿਆ ਹੂਆ, ਕਿਆ ਹੂਆ... ਯੇ ਹੂਆ, ਵੋਹ ਹੂਆ...।" ਨੇਤਾ ਜੀ ਆਪਣੇ ਬਚਨਾਂ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ। ਨੇਤਾ ਜੀ ਨੇ ਜੋ ਕਿਹਾ, ਕਰ ਕੇ ਦਿਖਾਇਆ, ਭਰਮ ਦਾ ਪੂਰਾ ਜਾਲ ਵਿਛਾਇਆ, ਪੂਰਾ ਮੁਲਕ ਤਪਾਇਆ।

ਬਚਨ ਨੰਬਰ 1 : ਜਨਤਾ ਦੇ ਬੈਂਕ ਖਾਤਿਆਂ ਵਿੱਚ ਪੰਦਰਾਂ-ਪੰਦਰਾਂ ਲੱਖ ਜਮ੍ਹਾਂ ਹੋ ਗਿਆ ਹੈ। ਜਨਤਾ ਨੂੰ ਹੁਣ ਸਮਝ ਨਹੀਂ ਪੈ ਰਹੀ ਕਿ ਉਸ ਧਨ ਨੂੰ ਕਿਵੇਂ ਖ਼ਰਚ ਕਰੇ? ਜਨਤਾ ਖ਼ੁਸ਼ੀ ਵਿੱਚ ਪਾਗਲ ਹੋ ਰਹੀ ਹੈ। ਨੱਚ-ਨੱਚ ਖੀਵੀ ਹੋ ਰਹੀ ਹੈ। ਟੱਪ-ਟੱਪ ਚਿਰੰਜੀਵੀ ਹੋ ਰਹੀ ਹੈ। ਨੋਟਬੰਦੀ ਵੇਲੇ ਖੇਰੂ, ਟੀਟੂ, ਝੰਡੂ ਤੇ ਨਰਾਤੀ ਦੇ ਖਾਤਿਆਂ ਵਿੱਚ ਪਤਾ ਨਹੀਂ ਲੱਖਾਂ ਰੁਪਏ ਕੌਣ ਜਮ੍ਹਾਂ ਕਰਵਾ ਗਿਆ ਹੈ।

ਨੇਤਾ ਜੀ ਨੇ ਆਪਣਾ ਬਚਨ ਪੁਗਾ ਦਿੱਤਾ ਸੀ। ਨੇਤਾ ਜੀ ਨੇ ਜਨਤਾ ਨੂੰ ਨੇਕ ਸਲਾਹ ਦਿੱਤੀ ਹੈ ਕਿ ਜਿਸ ਦੇ ਵੀ ਖਾਤੇ ਵਿੱਚ ਜੋ ਪੈਸਾ ਆਇਆ ਹੈ, ਉਹ ਉਸੇ ਦਾ ਹੀ ਹੈ। ਦੱਬ-ਘੁੱਟ ਲਵੋ। ਜਨਤਾ ਨੂੰ ਇਹ ਪੈਸਾ ਹਜ਼ਮ ਕਰਨਾ ਔਖਾ ਹੋਇਆ ਪਿਆ ਹੈ। ਪੈਸੇ ਦੇ ਮਾਮਲੇ ਵਿੱਚ ਗ਼ਰੀਬ ਜਨਤਾ ਦਾ ਹਾਜ਼ਮਾ ਹਮੇਸ਼ਾਂ ਕਮਜ਼ੋਰ ਹੀ ਹੁੰਦਾ ਹੈ।

ਬਚਨ ਨੰਬਰ 2 : ਦੇਸ-ਵਿਦੇਸ਼ ਦਾ ਕਾਲਾ ਧਨ ਵਾਪਸ ਆ ਗਿਆ ਹੈ। ਸਰਕਾਰ ਨੂੰ ਸਮਝ ਨਹੀਂ ਆ ਰਹੀ ਹੈ ਕਿ ਉਸ ਨੂੰ ਕਿਵੇਂ ਤੇ ਕਿੱਥੇ ਵਰਤੇ। ਸਵਿਸ ਸਰਕਾਰ ਨੇ ਦੇਸੀ ਖਾਤਾਧਾਰਕਾਂ ਦੇ ਖਾਤੇ ਜ਼ਾਹਿਰ ਕਰ ਦਿੱਤੇ ਹਨ। ਮੁਲਕ ਵਿੱਚ ਲਹਿਰਾਂ-ਬਹਿਰਾਂ ਹੋ ਗਈਆਂ ਹਨ। ਏਨਾ ਪੈਸਾ ਆ ਗਿਆ ਹੈ ਕਿ ਨੇਤਾ ਜੀ ਤੋਂ ਸਾਂਭਿਆ ਨਹੀਂ ਜਾ ਰਿਹਾ। ਨੇਤਾ ਜੀ ਨੇ ਬਚਨ ਦਿੱਤਾ ਸੀ ਕਿ ਉਹ ਬਾਹਰ ਪਿਆ ਸਾਰਾ ਕਾਲਾ ਧਨ ਵਾਪਸ ਲੈ ਕੇ ਆਉਣਗੇ, ਸੋ ਆ ਗਿਆ ਹੈ।

ਬਚਨ ਨੰਬਰ 3 : ਮਹਿੰਗਾਈ 'ਤੇ ਪੂਰੀ ਤਰ੍ਹਾਂ ਕੰਟਰੋਲ ਹੋ ਗਿਆ ਹੈ। ਦਾਲਾਂ, ਸਬਜ਼ੀਆਂ ਸਸਤੀਆਂ ਹੋ ਗਈਆਂ ਹਨ। ਗੱਡੀਆਂ, ਬੱਸਾਂ ਦੇ ਕਿਰਾਏ ਘੱਟ ਗਏ ਹਨ। ਪੈਟਰੋਲ, ਡੀਜ਼ਲ ਸਸਤਾ ਹੋ ਗਿਆ ਹੈ। ਮਕਾਨ ਸਸਤੇ ਹੋ ਗਏ ਹਨ। ਜਨਤਾ ਸੌਖੀ ਹੋ ਗਈ ਹੈ। ਦਿਨ-ਰਾਤ ਨੇਤਾ ਜੀ ਦੇ ਗੁਣ ਗਾ ਰਹੀ ਹੈ।



ਬਚਨ ਨੰਬਰ 4 : ਕਿਸਾਨਾਂ ਦੀ ਆਮਦਨ ਦੁੱਗਣੀ ਹੋ ਗਈ ਹੈ। ਨੇਤਾ ਜੀ ਨੇ ਸਭ ਦੇ ਕਰਜ਼ੇ ਮੁਆਫ ਕਰ ਦਿੱਤੇ ਹਨ। ਫ਼ਸਲਾਂ ਦੇ ਰੇਟ ਵਧਾ ਦਿੱਤੇ ਹਨ। ਦੇਸ ਦਾ ਕਿਸਾਨ ਧੰਨ-ਧੰਨ ਹੋ ਗਿਆ ਹੈ। ਈਦ ਦਾ ਚੰਨ ਹੋ ਗਿਆ ਹੈ। ਮਰਨਾ ਉਸ ਲਈ ਫੰਨ ਹੋ ਗਿਆ ਹੈ। ਕਿਸਾਨ ਨੂੰ ਏਨੀ ਖ਼ੁਸ਼ੀ ਚੜ੍ਹੀ ਹੋਈ ਹੈ ਕਿ ਉਸ ਤੋਂ ਖ਼ੁਸ਼ੀ ਸਾਂਭੀ ਨਹੀਂ ਜਾਂਦੀ।

ਬਚਨ ਨੰਬਰ 5 : ਕਸ਼ਮੀਰ ਦੀ ਧਾਰਾ-370 ਖ਼ਤਮ ਹੋ ਗਈ ਹੈ। ਕਸ਼ਮੀਰ ਆਮ ਰਾਜਾਂ ਵਰਗਾ ਰਾਜ ਹੋ ਗਿਆ ਹੈ। ਨੇਤਾ ਜੀ ਵੱਲੋਂ ਵਾਗਡੋਰ ਸੰਭਾਲਣ 'ਤੇ ਕਸ਼ਮੀਰ ਦੇ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਉਹ ਆਪਣੀ ਖ਼ੁਸ਼ੀ ਜ਼ਾਹਿਰ ਕਰਨ ਲਈ ਫ਼ੌਜ 'ਤੇ ਪੱਥਰ ਮਾਰਨ ਲੱਗ ਪਏ ਹਨ। ਪੱਥਰਬਾਜ਼ਾਂ ਦੀ ਇੱਕ ਨਵੀਂ ਸੰਸਥਾ ਹੋਂਦ ਵਿੱਚ ਆ ਗਈ ਹੈ। ਖ਼ੁਸ਼ੀ ਵਿੱਚ ਕਸ਼ਮੀਰੀ ਲੋਕ ਰੋਜ਼ ਜਲੂਸ ਕੱਢ ਰਹੇ ਹਨ। 'ਮੁਰਦਾਬਾਦ' ਦੇ ਨਾਅਰੇ ਲਗਾ ਰਹੇ ਹਨ। ਕਸ਼ਮੀਰ ਧਰਤੀ ਦਾ ਸਵਰਗ ਬਣ ਰਿਹਾ ਹੈ। ਨੇਤਾ ਜੀ ਦੀ ਅਗਵਾਈ ਵਿੱਚ ਕਸ਼ਮੀਰ ਵਿਕਾਸ ਕਰ ਰਿਹਾ ਹੈ।

ਬਚਨ ਨੰਬਰ 6 : ਨੇਤਾ ਜੀ ਨੇ ਸਾਰੀ ਦੁਨੀਆਂ ਦੇ ਮੁਲਕਾਂ ਦੀ ਯਾਤਰਾ ਕੀਤੀ। ਉਨ੍ਹਾਂ ਨੂੰ ਸਾਡੇ ਮੁਲਕ ਵਿੱਚ ਧਨ ਲਾਉਣ ਲਈ ਸੱਦਾ ਦਿੱਤਾ। ਨੇਤਾ ਜੀ ਦੇ ਯਤਨਾਂ ਕਾਰਨ ਸਾਰੀ ਦੁਨੀਆਂ ਦੇ ਮੁਲਕ ਸਾਡੇ ਮੁਲਕ ਵਿੱਚ ਪੈਸਾ ਲਾਉਣ ਲਈ ਤਰਲੋਮੱਛੀ ਹੋ ਰਹੇ ਹਨ। ਵਿਦੇਸ਼ੀ ਧਨ ਆ ਗਿਆ ਹੈ। ਮੁਲਕ ਵਿੱਚ ਲਹਿਰਾਂ-ਬਹਿਰਾਂ ਹੋ ਗਈਆਂ ਹਨ। ਪ੍ਰਤੀ ਜੀਅ ਆਮਦਨੀ ਵਿੱਚ ਏਨਾ ਵਾਧਾ ਹੋ ਗਿਆ ਹੈ ਕਿ ਜਨਤਾ ਤੋਂ ਪੈਸਾ ਸਾਂਭਿਆ ਨਹੀਂ ਜਾ ਰਿਹਾ। ਨੇਤਾ ਜੀ ਦੀ ਪਰਸਨੈਲਿਟੀ ਹੀ ਏਨੀ ਹੈ ਕਿ ਦੂਜੇ ਮੁਲਕ ਲੋਹੇ ਨੂੰ ਚੁੰਬਕ ਵਾਂਗ ਚਿਪਕ ਰਹੇ ਹਨ।

ਬਚਨ ਨੰਬਰ 7 : ਵੱਡੇ-ਵੱਡੇ ਏ. ਸੀ. ਮਾਲ ਖੁੱਲ੍ਹ ਗਏ ਹਨ। ਧੰਨਾ-ਮਨਾ ਵੀ ਹੁਣ ਆਪਣਾ ਸਾਮਾਨ ਲੈਣ ਉੱਥੇ ਜਾਣ ਲੱਗ ਪਏ ਹਨ। ਮਾਲ ਫੈਲ ਰਹੇ ਹਨ, ਛੋਟੇ ਦੁਕਾਨਦਾਰ ਸੁੰਗੜਨ ਲੱਗ ਪਏ ਹਨ। ਐਡੇ ਵਿਕਾਸਸ਼ੀਲ ਦੇਸ ਵਿੱਚ ਛੋਟੇ-ਮੋਟੇ ਟੁੱਟਪੁੰਜੀਆਂ ਦੀ ਕੀ ਲੋੜ? 'ਸਾਧਨ-ਸੰਪੰਨ' ਦੇਸ ਵਿੱਚ ਟੁੱਟਣ ਜਿਹੇ ਹਟਵਾਣੀਏ ਜਚਦੇ ਹੀ ਨਹੀਂ ਹਨ। ਇੱਥੇ ਤਾਂ ਜਗਮਗ-ਜਗਮਗ ਕਰਦੇ ਮਾਲ ਹੀ ਚੰਗੇ ਲੱਗਦੇ ਹਨ। ਨੇਤਾ ਜੀ ਦੀ ਅਗਵਾਈ ਵਿੱਚ ਮੁਲਕ ਤਰੱਕੀ ਕਰ ਰਿਹਾ ਹੈ। ਅਮੀਰ ਹੋ ਰਿਹਾ ਹੈ। ਦੁਨੀਆਂ ਦੇ 'ਸਵੱਛ' ਮੁਲਕਾਂ ਵਿੱਚ ਆ ਗਿਆ ਹੈ। ਨੇਤਾ ਜੀ ਨੇ ਆਪਣੇ ਬਚਨ ਪੁਗਾ ਦਿੱਤੇ ਹਨ। ਜਨਤਾ 5 ਵਰ੍ਹੇ ਹੋਰ ਦੇ ਦੇਵੇ ਤਾਂ ਅਗਲੇ ਬਚਨ ਵੀ ਪੂਰੇ ਕਰਨ ਲਈ ਨੇਤਾ ਜੀ ਸੋਚ ਸਕਦੇ ਹਨ। ਹਰ-ਹਰ ਲੋਧੀ, ਘਰ-ਘਰ ਲੋਧੀ।

# ਖਿੜ ਖਿੜ ਹੱਸੋ

ਪਤੀ ਨੇ ਪਤਨੀ ਨੂੰ ਮੈਸੇਜ ਭੇਜਿਆ, "ਮੇਰੀ ਜ਼ਿੰਦਗੀ ਏਨੀ ਪਿਆਰੀ ਏਨੀ ਪਿਆਰੀ ਏਨੀ ਖ਼ੂਬਸੂਰਤ ਬਣਾਉਣ ਲਈ ਤੁਹਾਡਾ ਸ਼ੁਕਰੀਆ ਹੈ। ਮੈਂ ਅੱਜ ਜੋ ਵੀ ਹਾਂ, ਸਿਰਫ਼ ਤੁਹਾਡੀ ਵਜ੍ਹਾ ਨਾਲ ਹਾਂ। ਤੂੰ ਮੇਰੇ ਜੀਵਨ ਵਿੱਚ ਇੱਕ ਫਰਿਸ਼ਤਾ ਬਣ ਕੇ ਆਈ ਹੈਂ ਅਤੇ ਤੂੰ ਹੀ ਮੈਨੂੰ ਜਿਊਣ ਦਾ ਮਕਸਦ ਦਿੱਤਾ ਹੈ। ਲਵ ਯੂ...।"

ਪਤਨੀ ਨੇ ਜਵਾਬ ਦਿੱਤਾ, "ਮਾਰ ਲਿਆ ਚੌਥਾ ਪੈੱਗ??? ਆ ਜਾਓ ਘਰ ਕੁਝ ਨਹੀਂ ਕਰਾਂਗੀ।"

ਪਤੀ, "ਬਾਹਰ ਖੜ੍ਹਾ ਹਾਂ, ਦਰਵਾਜ਼ਾ ਖੋਲ੍ਹ ਦੇ।"

* * *

ਗੁੱਲੂ ਨੇ ਗੰਨੇ ਦੇ ਖੇਤ ਵਿੱਚ ਇੱਕ ਕਿਸਾਨ ਤੋਂ ਪੁੱਛਿਆ, "ਏਨੀ ਮੋਟੀ ਘਾਹ? ਕੀ ਬੀਜ ਬਾਹਰ ਤੋਂ ਮੰਗਵਾਇਆ ਹੈ?"

ਕਿਸਾਨ, "ਘਾਹ ਨਹੀਂ ਗੰਨੇ ਦੀ ਫ਼ਸਲ ਹੈ।"

ਗੁੱਲੂ, "ਚੰਗਾ! ਗੁੜ ਵਾਲਾ ਗੰਨਾ?"

ਕਿਸਾਨ, "ਹਾਂ"।

ਗੁੱਲੂ "ਹੁਣ ਇਸ ਵਿੱਚ ਗੁੜ ਲੱਗਣਾ ਸ਼ੁਰੂ ਨਹੀਂ ਹੋਇਆ, ਕਦੋਂ ਤੱਕ ਲੱਗੇਗਾ?"

* * *

ਇੱਕ ਔਰਤ ਦੂਜੀ ਔਰਤ ਨੂੰ ਬੋਲੀ, "ਭੈਣ, ਜਦੋਂ ਮੈਂ ਬੋਲਦੀ-ਬੋਲਦੀ ਥੱਕ ਜਾਂਦੀ ਹਾਂ ਤਾਂ ਪਤੀ ਨੂੰ ਰੇਡੀਓ ਸੁਣਨ ਬੈਠਾ ਦਿੰਦੀ ਹਾਂ।"

ਦੂਜੀ ਔਰਤ, "ਇੰਵ ਕਿਉਂ?"

ਪਹਿਲੀ ਔਰਤ, "ਤਾਂ ਕਿ ਉਨ੍ਹਾਂ ਦੀ ਸੁਣਨ ਦੀ ਆਦਤ ਬਣੀ ਰਹੇ।"

* * *

ਇੱਕ ਸ਼ਿਕਾਰੀ ਨੇ ਉੱਚਾਈ 'ਤੇ ਉੱਡਦੇ ਹੋਏ ਬਗਲੇ ਨੂੰ ਗੋਲੀ ਨਾਲ ਮਾਰ ਡੇਗਿਆ। ਘਰ ਜਾ ਕੇ ਜਦੋਂ ਸ਼ਿਕਾਰੀ ਨੇ ਇਹ ਗੱਲ ਆਪਣੀ ਪਤਨੀ ਨੂੰ ਦੱਸੀ ਤਾਂ ਪਤਨੀ ਬੋਲੀ, "ਤੂੰ ਤਾਂ ਬਗਲੇ ਨੂੰ ਗੋਲੀ ਮਾਰ ਕੇ ਇੱਕ ਗੋਲੀ ਉਂਵ ਹੀ ਬੇਕਾਰ ਕਰ ਦਿੱਤੀ।'

ਸ਼ਿਕਾਰੀ, "ਉਹ ਕਿਵੇਂ?"

ਪਤਨੀ, "ਏਨੀ ਉੱਚਾਈ ਤੋਂ ਡਿੱਗ ਕੇ ਉਹ ਬਗਲਾ ਆਪਣੇ ਆਪ ਹੀ ਮਰ ਜਾਂਦਾ।"

* * *

ਗੁੱਲੂ, "ਅੱਜ ਮੈਂ 'ਪਾਣੀ' ਨੂੰ ਮੂਰਖ ਬਣਾਇਆ।"

ਦੋਸਤ, "ਪਾਣੀ ਨੂੰ ਮੂਰਖ? ਉਹ ਕਿਵੇਂ?"

ਗੁੱਲੂ, "ਸਵੇਰੇ ਮੈਂ ਪਾਣੀ ਗਰਮ ਕੀਤਾ ਅਤੇ ਫਿਰ ਨਹਾਇਆ ਹੀ ਨਹੀਂ।"

* * *

ਇੱਕ ਰਾਤ ਇੱਕ ਚੋਰ ਇੱਕ ਆਦਮੀ ਦੇ ਘਰ ਵੜ ਗਿਆ। ਪਿਸਤੌਲ ਦਿਖਾ ਕੇ ਬੋਲਿਆ, "ਦੱਸ ਸੋਨਾ (ਸੌਣਾ) ਕਿੱਥੇ ਹੈ?"

ਆਦਮੀ, "ਓਏ ਗਧੇ.... ਏਨੀ ਗੱਲ ਲਈ ਪਿਸਤੌਲ ਦਿਖਾਉਣ ਦੀ ਕੀ ਲੋੜ ਸੀ। ਪੂਰਾ ਘਰ ਖ਼ਾਲੀ ਪਿਆ ਹੈ, ਜਿੱਥੇ ਮਰਜ਼ੀ ਸੌਂ ਜਾ।"

* * *

ਗੁੱਲੂ ਸਕੂਲ ਵਿੱਚ ਗਧਾ ਲੈ ਕੇ ਆਇਆ ਤਾਂ ਅਧਿਆਪਕਾ ਨੇ ਪੁੱਛਿਆ, "ਇਹ ਗਧਾ ਕਿਉਂ ਲੈ ਕੇ ਆਇਆ ਹੈਂ?"

ਗੁੱਲੂ, "ਮਿਸ... ਤੁਸੀਂ ਹੀ ਤਾਂ ਕਹਿੰਦੇ ਹੋ ਕਿ ਮੈਂ ਵੱਡੇ-ਵੱਡੇ ਗਧਿਆਂ ਨੂੰ ਇਨਸਾਨ ਬਣਾਇਆ ਹੈ, ਤਾਂ ਮੈਂ ਸੋਚਿਆ ਕਿ ਇਸ ਦਾ ਵੀ ਭਲਾ ਹੋ ਜਾਵੇ।"

* * *

# ਮੱਛਰ ਨੂੰ ਖ਼ਤਮ ਕਰਨ ਲਈ ਬੂਟਿਆਂ ਦੀ ਵਰਤੋਂ ਕਰੋ



ਕੀ ਤੁਸੀਂ ਜਾਣਦੇ ਹੋ ਕਿ ਕੁੱਝ ਪੌਦਿਆਂ ਦੀ ਮਦਦ ਨਾਲ ਮੱਛਰ ਆਪਣੇ ਘਰਾਂ ਛੱਡ ਕੇ ਭੱਜ ਜਾਂਦੇ ਹਨ। ਤੁਲਸੀ ਦੇ ਪੌਦੇ ਦੀ ਮਹਿਕ ਨਾਲ ਮੱਛਰ ਵੀ ਦੂਰ ਹੋ ਜਾਣਗੇ। ਗੇਂਦਾ-ਘਰ ਵਿਚ ਗੇਂਦਾ ਦਾ ਬੂਟਾ ਲਗਾਉਣ ਨਾਲ ਇੱਕ ਵੀ ਮੱਛਰ ਨਹੀਂ ਆਉਂਦਾ ਹੈ। ਸਿਟ੍ਰਾਨੇਲਾ ਦਾ ਪੌਦੇ ਦੀ ਖ਼ੁਸ਼ਬੂ ਨਾਲ ਮੱਛਰ ਘਰ ਤੋਂ ਦੂਰ ਰਹਿੰਦੇ ਹਨ। ਮਾਂਸਿਕਟੋ ਰੈਪਲੇਂਟ ਕਰੀਮ ਵਿਚ ਸਿਟਰਾਨੇਲਾ ਦਾ ਇਸਤੇਮਾਲ ਹੁੰਦਾ ਹੈ। ਲੈਮਨ ਬਾਮ ਦੇ ਫੁੱਲਾਂ ਦੀ ਗੰਧ ਬਹੁਤ ਤੇਜ਼ ਹੁੰਦੀ ਹੈ। ਜਿਸ ਦੀ ਵਜਾ ਨਾਲ ਮੱਛਰ ਦੂਰ ਭੱਜਦੇ ਹਨ। ਏਗਰੇਟਮ ਪਲਾਂਟ ਵੀ ਇੱਕ ਚੰਗਾ ਮਾਸਕਿਟੋ ਰਿਪਲੀਇੰਟ ਹੈ। ਇਸ ਦੀ ਗੰਧ ਇਹਨੀਂ ਤੇਜ ਹੁੰਦੀ ਹੈ ਕਿ ਮੱਛਰ ਇਸ ਤੋਂ ਦੂਰ ਭੱਜਦੇ ਹਨ।

## ਵਿਟਾਮਿਨ-ਡੀ ਦੀ ਘਾਟ ਵਾਲਿਆਂ 'ਤੇ ਹੋ ਸਕਦਾ ਹੈ ਕੋਰੋਨਾ ਦਾ ਵੱਧ ਹਮਲਾ

ਨਵੀਂ ਦਿੱਲੀ-ਕੋਰੋਨਾ ਵਾਇਰਸ ਤੋਂ ਉਨ੍ਹਾਂ ਲੋਕਾਂ ਨੂੰ ਵੀ ਖ਼ਤਰਾ ਹੋ ਸਕਦਾ ਹੈ, ਜਿਨ੍ਹਾਂ ਵਿੱਚ ਵਿਟਾਮਿਨ-ਡੀ ਦੀ ਘਾਟ ਹੈ। ਸਭ ਤੋਂ ਹੈਰਾਨਕੁੰਨ ਗੱਲ ਇਹ ਵੀ ਹੈ ਕਿ ਅਜਿਹੇ ਜ਼ਿਆਦਾਤਰ ਲੋਕਾਂ ਦੀ ਮੌਤ ਵੀ ਹੋ ਸਕਦੀ ਹੈ। ਇਹ ਹੈਰਾਨ ਕਰਨ ਵਾਲਾ ਖੁਲਾਸਾ 20 ਯੂਰੋਪੀਅਨ ਦੇਸ਼ਾਂ ਵਿੱਚ ਵਿਟਾਮਿਨ-ਡੀ ਦੇ ਔਸਤ ਪੱਧਰ ਨੂੰ ਪਾਜ਼ਿਟਿਵ ਮਰੀਜ਼ਾਂ ਦੀ ਦਰ ਤੇ ਉਨ੍ਹਾਂ ਦੀ ਮੌਤ ਦਰ ਦੀ ਤੁਲਨਾ ਕਰ ਕੇ ਤਿਆਰ ਕੀਤਾ ਅਗਾ ਹੈ। ਚਮੜੀ ਦੇ ਕੈਂਸਰ ਰੋਗਾਂ ਦੇ ਮਾਹਿਰ ਡਾ. ਰਾਚੇਲ ਨਈਏਲ ਦਾ ਕਹਿਣਾ ਹੈ ਕਿ ਵਾਇਰਸ ਦੀ ਲਪੇਟ ਵਿੱਚ ਆਉਣ ਵਾਲੇ ਵਿਅਕਤੀ ਵਿੱਚ ਜੇ ਵਿਟਾਮਿਨ-ਡੀ ਦਾ ਪੱਧਰ ਘੱਟ ਹੈ, ਤਾਂ ਉਸ ਨੂੰ ਖ਼ਤਰਾ ਵੱਧ ਹੈ। ਵਿਟਾਮਿਨ-ਡੀ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਸੰਤੁਲਿਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਕੁਈਨ ਐਲਿਜ਼ਾਬੈਥ ਹਸਪਤਾਲ ਫ਼ਾਊਂਡੇਸ਼ਨ ਟ੍ਰੱਸਟ ਅਤੇ ਯੂਨੀਵਰਸਿਟੀ ਆਫ਼ ਈਸਟ ਐਂਗਲਾ ਦੇ ਵਿਗਿਆਨੀਆਂ ਅਨੁਸਾਰ ਕੋਰੋਨਾ ਦੀ ਲਾਗ ਤੋਂ ਬਚਣ ਲਈ ਵਿਟਾਮਿਨ-ਡੀ ਦੀ ਡੋਜ਼ ਲੈਣ ਬਾਰੇ ਵਿਚਾਰ ਕਰਨਾ ਹੋਵੇਗਾ। ਵਿਗਿਆਨੀਆਂ ਨੂੰ ਆਸ ਹੈ ਕਿ ਵਿਟਾਮਿਨ-ਡੀ ਦੀ ਲਾਗ ਤੋਂ ਗ੍ਰਸਿਤ ਵਿਅਕਤੀ ਦੇ ਠੀਕ ਹੋਣ ਦੀ ਵੀ ਸੰਭਾਵਨਾ ਵਧ ਸਕਦੀ ਹੈ। ਟ੍ਰਿਨਿਟੀ ਕਾਲਜ ਆਫ਼ ਡਬਲਿਨ ਵਿੱਚ ਇੱਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਵਿਟਾਮਿਨ-ਡੀ ਦੀ ਡੋਜ਼ ਨਾਲ ਇੱਕ ਵਿਅਕਤੀ ਵਿੱਚ ਕੋਰੋਨਾ ਦੀ ਲਾਗ ਲੱਗਣ ਦੀ ਸੰਭਾਵਨਾ 50 ਫ਼ੀਸਦੀ ਘਟ ਗਈ।

ਅਧਿਐਨ ਮੁਤਾਬਕ ਇਟਲੀ ਵਿਚ 70 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਵਿਟਾਮਿਨ-ਡੀ ਦਾ ਪੱਧਰ 30 ਐਨਐਮਓਐੱਲ/ਐੱਲ ਸੀ, ਜੋ ਔਸਤ ਤੋਂ 26 ਐਨਐੱਮਓਐੱਲ/ਐੱਲ ਘੱਟ ਸੀ। ਇਟਲੀ ਵਿੱਚ ਵੱਡੇ ਪੱਧਰ ਉੱਤੇ ਮੌਤਾਂ ਹੋਈਆਂ ਹਨ। ਇਹੋ ਹਾਲ ਸਵਿਟਜ਼ਰਲੈਂਡ ਦਾ ਹੈ, ਜਿੱਥੇ ਵਿਟਾਮਿਨ-ਡੀ ਦਾ ਪੱਧਰ 26, ਸਪੇਨ ਵਿੱਚ 28 ਅਤੇ ਇਟਲੀ ਵਿੱਚ ਔਸਤਨ ਹਰੇਕ ਵਿਅਕਤੀ ਵਿੱਚ ਇਹ 45 ਐਨਐੱਮਓਐੱਲ ਹੈ, ਜੋ ਆਮ ਨਾਲੋਂ ਘੱਟ ਹੈ। ਇਹ ਸਾਰੇ ਦੇਸ਼ ਕੋਰੋਨਾ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਜੇ ਰੋਜ਼ਾਨਾ ਧੁੱਪ ਵਿੱਚ ਪੰਜ ਤੋਂ 10 ਮਿੰਟਾਂ ਤੱਕ ਬੈਠਿਆ ਜਾਵੇ, ਤਾਂ ਵਿਟਾਮਿਨ-ਡੀ ਦੀ ਘਾਟ ਪੂਰੀ ਹੋ ਸਕਦੀ ਹੈ।

ਗੁਰਮੁਖ ਜਨਮੁ ਸਵਾਰਿ ਦਰਗਹ ਚਲਿਆ ॥ ਸਚੀ ਦਰਗਹਿ ਜਾਇ ਸਚਾ ਪਿੜ ਮਲਿਆ ॥

# ਮਾਤਾ ਗਿਆਨ ਕੌਰ ਜੀ ਅਕਾਲ ਚਲਾਣਾ ਕਰ ਗਏ-ਅੰਤਿਮ ਸੰਸਕਾਰ 19 ਮਈ ਨੂੰ

**ਡਰਬੀ-(ਪੰਜਾਬ ਟਾਈਮਜ਼)-ਪਿਛਲੇ ਹਫਤੇ ਸਾਡੇ ਬਹੁਤ ਹੀ ਸਤਿਕਾਰਯੋਗ ਮਾਤਾ ਗਿਆਨ ਕੌਰ ਜੀ ਅਕਾਲ ਚਲਾਣਾ ਕਰ ਗਏ। ਮਾਤਾ ਜੀ 84 ਸਾਲਾਂ ਦੇ ਸਨ ਤੇ ਪਿਛਲੇ ਛੇ ਮਹੀਨਿਆਂ ਤੋਂ ਉਹਨਾਂ ਦੀ ਸਿਹਤ ਕਾਫ਼ੀ ਕਮਜ਼ੋਰ ਹੋ ਗਈ ਸੀ। ਸ: ਚਰਨ ਸਿੰਘ ਚੀਮਾ 1961 ਵਿੱਚ ਇੰਗਲੈਂਡ ਆਏ ਸਨ ਤੇ ਬਾਅਦ 1964 ਵਿੱਚ ਮਾਤਾ ਗਿਆਨ ਕੌਰ ਸਮੇਤ ਪਰਿਵਾਰ ਇਥੇ ਆਏ ਸਨ।**



ਮਾਤਾ ਗਿਆਨ ਕੌਰ ਨੇ ਲਗਾਤਾਰ ਸਾਰੀ ਉਮਰ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਤੇ ਪਿਛਲੇ 20 ਸਾਲਾਂ ਤੋਂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਲੰਗਰ ਦੀਆਂ ਸੇਵਾਵਾਂ ਨਿਭਾਈਆਂ। ਸਿੰਘ ਸਭਾ ਗੁਰੂ ਘਰ ਵਲੋਂ ਸਦਾ ਹੀ ਉਨ੍ਹਾਂ ਵਲੋਂ ਨਿਭਾਈਆਂ ਸੇਵਾਵਾਂ ਯਾਦ ਰਹਿਣਗੀਆਂ। ਸ: ਚਰਨ ਸਿੰਘ ਚੀਮਾ, ਉਨ੍ਹਾਂ ਦੇ ਭਰਾ ਸ: ਮਹਿੰਦਰ ਸਿੰਘ ਚੀਮਾ ਤੇ ਸ: ਤਰਸੇਮ ਸਿੰਘ ਚੀਮਾ ਸਮੇਤ ਪਰਿਵਾਰ ਸਿੰਘ ਸਭਾ ਗੁਰਦੁਆਰਾ, ਸਿੱਖ ਮਿਊਜ਼ੀਅਮ, ਅਕਾਲ ਪ੍ਰਾਇਮਰੀ ਸਕੂਲ ਤੇ ਖਾਸ ਕਰਕੇ ਪਾਕਿਸਤਾਨ ਦੇ ਇਤਿਹਾਸਕ ਗੁਰੂ ਘਰਾਂ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਇਆ। ਮਾਤਾ ਸਮੇਤ ਸਮੂਹ ਪਰਿਵਾਰ ਵੱਲੋਂ ਡਰਬੀ ਦੇ ਹਰੇਕ ਪਰਿਵਾਰ ਦੀ ਖੁਸ਼ੀ ਗਮੀ ਸਮੇਂ ਲੰਗਰ ਦੇ ਪ੍ਰਬੰਧ ਦੀ ਸੇਵਾ ਕੀਤੀ ਜਾਂਦੀ ਸੀ। ਮਾਤਾ ਜੀ ਨੂੰ ਘਰ ਵਾਲਿਆਂ ਨਾਲੋਂ ਜ਼ਿਆਦਾ ਫਿਕਰ ਹੁੰਦਾ ਸੀ ਕਿ ਕਿਸੇ ਤਰ੍ਹਾਂ ਦੀ ਵੀ ਘਾਟ ਨਾ ਰਹੇ। ਸਮੂਹ ਡਰਬੀ ਦੇ ਪਰਿਵਾਰਾਂ ਨਾਲ ਉਨ੍ਹਾਂ ਦਾ ਪਿਆਰ ਸੀ। ਗੁਰਦੁਆਰਾ ਸਿੰਘ ਸਭਾ, ਸਿੱਖ ਮਿਊਜ਼ੀਅਮ ਡਰਬੀ, ਪੰਜਾਬ ਟਾਈਮਜ਼ ਤੇ ਅਕਾਲ ਪ੍ਰਾਇਮਰੀ ਸਕੂਲ ਡਰਬੀ ਦੇ ਸੇਵਾਦਾਰਾਂ ਸ: ਰਘਬੀਰ ਸਿੰਘ, ਸ: ਅਜੀਤ ਸਿੰਘ, ਰਾਜਿੰਦਰ ਸਿੰਘ ਪੁਰੇਵਾਲ, ਸ: ਮਹਿੰਦਰ ਸਿੰਘ ਚੀਮਾ, ਸ: ਬਹਾਦਰ ਸਿੰਘ, ਡਾ: ਦਲਜੀਤ ਸਿੰਘ ਵਿਰਕ, ਗੁਰਪਾਲ ਸਿੰਘ, ਗਿਆਨੀ ਦਰਬਾਰਾ ਸਿੰਘ, ਭਾਈ ਪਿਆਰਾ ਸਿੰਘ ਵੱਲੋਂ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਸਮੂਹ ਚੀਮਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਤੇ ਸਮੂਹ ਪਰਿਵਾਰ ਨੂੰ ਭਾਣਾ ਮੰਨਣ ਤੇ ਮਾਤਾ ਜੀ ਵਾਂਗ ਸਮੂਹ ਪਰਿਵਾਰ ਸੇਵਾ ਕਰਦਾ ਰਹੇ। ਜੇ ਪੰਥ ਵਿੱਚ 10 ਤੋਂ 20 ਫੀਸਦੀ ਮਾਤਾਵਾਂ ਵਿੱਚ ਮਾਤਾ ਜੀ ਵਾਂਗ ਨਿਮਰਤਾ, ਪਿਆਰ, ਸਾਰੇ ਪੰਥ ਨੂੰ ਇਕੱਠੇ ਰੱਖਣ ਵਰਗੇ ਗੁਣ ਹੋਣ ਤਾਂ ਖਾਲਸਾ ਪੰਥ ਦੀਆਂ ਬਹੁਤੀਆਂ ਸਮੱਸਿਆਵਾਂ ਪੈਦਾ ਹੀ ਨਾ ਹੋਣ। ਮਾਤਾ ਜੀ ਪਿੱਛੇ ਆਪਣਾ ਵੱਡਾ ਪਰਿਵਾਰ ਛੱਡ ਕੇ ਗਏ ਹਨ। ਭਾਈ ਚਰਨ ਸਿੰਘ ਚੀਮਾ, ਭਾਈ ਤਰਸੇਮ ਸਿੰਘ ਚੀਮਾ, ਭਾਈ ਮਹਿੰਦਰ ਸਿੰਘ ਚੀਮਾ, ਪੁੱਤਰ ਭਾਈ ਬਲਿਹਾਰ ਸਿੰਘ ਤੇ ਭਾਈ ਨਰਿੰਦਰਜੀਤ ਸਿੰਘ, ਪੁੱਤਰੀ ਜਲਜਿੰਦਰ ਕੌਰ ਤੇ ਭਤੀਜੇ ਭਾਈ ਬਲਬੀਰ ਸਿੰਘ, ਭਾਈ ਨਾਨਕ ਸਿੰਘ ਤੇ ਸਮੂਹ ਪਰਿਵਾਰ ਹੀ ਪੰਥ ਨੂੰ ਸਮਰਪਿਤ ਹੈ।

ਮਾਤਾ ਗਿਆਨ ਕੌਰ ਦਾ 19 ਮਈ ਦਿਨ ਮੰਗਲਵਾਰ ਨੂੰ ਅੰਤਿਮ ਸੰਸਕਾਰ ਕੀਤਾ ਜਾਵੇਗਾ। ਉਹਨਾਂ ਦਾ ਸਰੀਰ ਸੰਗਤਾਂ ਦੇ ਦਰਸ਼ਨਾਂ ਲਈ 11.30 ਵਜੇ ਸਿੰਘ ਸਭਾ ਗੁਰ-ਦੁਆਰਾ ਸਾਹਿਬ ਡਰਬੀ ਬੰਦਾ ਸਿੰਘ ਬਹਾਦਰ ਹਾਲ ਤੇ 12.30 ਵਜੇ Trent Valley Crematorium Derby Rd, Aston-on-Trent, Derby DE72 2AF ਵਿਖੇ ਉਨ੍ਹਾਂ ਦਾ ਸੰਸਕਾਰ ਹੋਵੇਗਾ। 1.30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਗੁਰੂ ਘਰ ਵੱਲੋਂ ਸ਼੍ਰੋਮਣੀ ਮਾਤਾ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੇ ਪਰਿਵਾਰ ਮੈਂਬਰ ਮਾਸਕ ਨਾਲ ਲਿਆਉਣ, ਨਾ ਹੋਣ 'ਤੇ ਗੁਰੂ ਘਰ ਵੱਲੋਂ ਦਿੱਤੇ ਜਾਣਗੇ। ਦੂਰੀ ਬਣਾਈ ਰੱਖਣ ਲਈ ਸੇਵਾਦਾਰ ਹੋਣਗੇ। ਵਨ ਵੇ ਸਿਸਟਮ ਹੋਵੇਗਾ, ਲੋੜ ਪੈਣ 'ਤੇ ਸੈਨੇਟਾਈਜ਼ਰ ਦੀ ਵਰਤੋਂ ਸੇਵਾਦਾਰ ਕਰਨਗੇ।

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਮੌੜ ਨਹੀਂ ਰਹੇ



ਮਹਿੰਦਰ ਸਿੰਘ ਮੌੜ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਮੌੜ ਅੱਜ ਅਚਾਨਕ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ, ਉਹ ਕਾਫੀ ਸਮੇਂ ਤੋਂ ਬਿਮਾਰ ਸਨ। ਉਹ 88 ਵਰ੍ਹਿਆਂ ਦੇ ਸਨ ਅਤੇ 1958 ਤੋਂ ਯੂ ਕੇ ਵਿੱਚ ਰਹਿ ਰਹੇ ਸਨ, ਉਹ ਆਪਣੇ ਪਿੱਛੇ ਇੱਕ ਬੇਟਾ ਅਤੇ ਤਿੰਨ ਬੇਟੀਆਂ ਸਮੇਤ ਵੱਡਾ ਪ੍ਰੀਵਾਰ ਛੱਡ ਗਏ ਹਨ। ਸ: ਮੌੜ ਕਬੱਡੀ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਨ, ਜਿਹਨਾਂ ਨੇ ਬਹੁਤ ਵਧੀਆ ਕਬੱਡੀ ਖੇਡੀ ਅਤੇ ਖਿਡਾਈ। ਉਹਨਾਂ ਸਾਰੀ ਉਮਰ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਲੇਖੇ ਲਾਈ ਹੈ। ਕਾਲੇ ਸੰਘਿਆਂ ਦੇ ਜੰਮਪਲ ਮੌੜ ਨੇ ਕਈ ਦਹਾਕੇ ਯੂ ਕੇ ਵਿੱਚ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਅਹਿਮ ਯੋਗਦਾਨ ਪਾਇਆ।**

ਸ: ਮੌੜ ਨੇ ਕਈ ਨਾਮਵਰ ਕਬੱਡੀ ਖਿਡਾਰੀਆਂ ਨੂੰ ਯੂ ਕੇ ਵਿੱਚ ਪੱਕੇ ਤੌਰ 'ਤੇ ਵਸਾਉਣ ਲਈ ਵੀ ਅਹਿਮ ਭੂਮਿਕਾ ਨਿਭਾਈ। ਯੂ ਕੇ ਦੇ ਸ਼ਹਿਰ ਵੁਲਵਰਹੈਂਪਟਨ ਦੇ ਵਾਸੀ ਮਹਿੰਦਰ ਸਿੰਘ ਮੌੜ ਦੇ ਅਕਾਲ ਅਚਲਾਣੇ 'ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਵੱਲੋਂ ਸੁਰਿੰਦਰ ਸਿੰਘ ਮਾਣਕ, ਰਣਜੀਤ ਸਿੰਘ ਢੰਡਾ, ਕੁਲਵੰਤ ਸਿੰਘ ਸੰਘਾ, ਹਰਨੇਕ ਸਿੰਘ ਨੇਕਾ ਮੈਰੀਪੁਰ, ਰਸ਼ਪਾਲ ਸਿੰਘ ਸਹੋਤਾ, ਪਿੰਕੀ ਢਿਲੋਂ, ਕੁਲਵੰਤ ਸਿੰਘ ਚੱਠਾ, ਸੱਤਾ ਮੁਠੱਡਾ, ਸਤਿੰਦਰ ਗੋਲਡੀ, ਸ਼ੀਰਾ ਸੰਮੀਪੁਰ, ਪ੍ਰਤਾਪ ਸਿੰਘ, ਪੰਮੀ ਰੰਧਾਵਾ, ਬਿੰਦਾ ਮੁਠੱਡਾ, ਬਹਾਦਰ ਸਿੰਘ ਸ਼ੇਰਗਿੱਲ, ਸ਼ੀਰਾ ਔਲਖ, ਰਾਜਾ ਕੰਗ, ਮੋਹਣਾ ਕਾਲੇ ਸੰਘਾਂ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਬੱਡੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ ਹੈ।

ਜ਼ਿਕਰਯੋਗ ਹੈ ਕਿ ਮਹਿੰਦਰ ਸਿੰਘ ਮੌੜ ਨੇ 70 ਸਾਲ ਦੇ ਲੱਗਭਗ ਕਬੱਡੀ ਦੇ ਖੇਤਰ ਵਿੱਚ ਸਰਗਰਮੀ ਵਿਖਾਈ, ਬਿਮਾਰੀ ਦੀ ਹਾਲਤ ਵਿੱਚ ਵੀ ਉਹ ਡਿਗਦੇ ਢਹਿੰਦੇ ਮੈਦਾਨ ਵਿੱਚ ਪਹੁੰਚਦੇ ਰਹੇ। ਕਬੱਡੀ ਜਗਤ ਨਾਲ ਜੁੜੇ ਹਰ ਖਿਡਾਰੀ, ਪ੍ਰਮੋਟਰ ਅਤੇ ਦਰਸ਼ਕ ਨੇ ਮਹਿੰਦਰ ਸਿੰਘ ਮੌੜ ਨੂੰ ਸਨਮਾਨ ਦਿੱਤਾ। ਉਹਨਾਂ ਦੀ ਕਬੱਡੀ ਪ੍ਰਤੀ ਲਗਨ ਅਤੇ ਦੇਣ ਨੂੰ ਸਿਜਦਾ ਕੀਤਾ। ਪ੍ਰੀਵਾਰ ਦੀ ਪਾਲਣਾ ਪੋਸ਼ਣਾ ਕਰਨ ਲਈ ਰੱਜ ਕੇ ਮੇਹਨਤ ਕੀਤੀ ਅਤੇ ਨਾਲ ਹੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਵਾਲਾ ਸ਼ੌਂਕ ਵੀ ਪਾਲਿਆ। ਵਿਸ਼ਵ ਦੀ ਜਿਸ ਨੁਕਰੇ ਵੀ ਕਬੱਡੀ ਨੂੰ ਪਿਆਰ ਕਰਨ ਵਾਲਾ ਬੈਠਾ ਹੈ ਉਸ ਦੇ ਬੁੱਲਾਂ 'ਤੇ ਮਹਿੰਦਰ ਸਿੰਘ ਮੌੜ ਦਾ ਨਾਮ ਜਰੂਰ ਹੋਵੇਗਾ। ਇੰਗਲੈਂਡ ਦੇ ਪੁਰਾਣੇ ਕਬੱਡੀ ਖਿਡਾਰੀਆਂ ਦੇ ਘਰ ਵਸਾਉਣ ਵਾਲਾ ਸਰਕਾਰ ਮਹਿੰਦਰ ਸਿੰਘ ਮੌੜ ਹੀ ਹੈ, ਜਦੋਂ ਕਿਸੇ ਖਿਡਾਰੀ 'ਤੇ ਮੌੜ ਦੀ ਨਿਗ੍ਹਾ ਵੱਜ ਜਾਂਦੀ ਸੀ ਤਾਂ ਉਹ ਉਹਨਾਂ ਦੇ ਘਰ ਵਸਾਉਣ ਲਈ ਵਿਚੋਲਾ ਬਣਦਾ ਅਤੇ ਉਹਨਾਂ ਦੇ ਵਿਆਹਾਂ 'ਤੇ ਵੀ ਖੁਦ ਖਰਚਦਾ। ਸ: ਮੌੜ ਦੀ ਕਮਾਈ ਇਹੀ ਹੈ ਕਿ ਅੱਜ ਹਰ ਕੋਈ ਅੱਖ ਨਮ ਹੈ। ਇਸ ਜਹਾਨ 'ਚੋਂ ਹਰ ਕਿਸੇ ਨੇ ਜਾਣਾ ਹੈ, ਪਰ ਕਬੱਡੀ ਪ੍ਰੇਮੀਆਂ ਦੇ ਦਿਲ ਵਿੱਚ ਹਮੇਸ਼ਾਂ ਵੈਰਾਗ ਰਹੇਗਾ ਕਿ ਉਹ ਆਪਣੇ ਬਹੁਤ ਹੀ ਪਿਆਰੇ ਮਹਿੰਦਰ ਸਿੰਘ ਮੌੜ ਨੂੰ ਕੋਰੋਨਾ ਵਾਇਰਸ ਕਰਕੇ ਆਖਰੀ ਸਮੇਂ ਹੱਥੀਂ ਨਹੀਂ ਤੋਰ ਸਕੇ। ਅਸੀਂ ਅਦਾਰਾ ਪੰਜਾਬ ਟਾਈਮਜ਼ ਵੱਲੋਂ ਸ: ਮਹਿੰਦਰ ਸਿੰਘ ਮੌੜ ਨੂੰ ਹਾਰਦਿਕ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

## ਮਹਿੰਦਰ ਸਿੰਘ ਮੌੜ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਕਬੱਡੀ ਦੇ ਬਾਬਾ ਬੋਹੜ ਮਹਿੰਦਰ ਸਿੰਘ ਮੌੜ ਦੇ ਅਕਾਲ ਚਲਾਣੇ 'ਤੇ ਯੂ ਕੇ ਵਿੱਚ ਸੋਗ ਦੀ ਲਹਿਰ ਫੈਲੀ ਹੋਈ ਹੈ। ਯੂ ਕੇਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਾਂਗਰਸੀ ਆਗੂਆਂ ਕਰਨੈਲ ਸਿੰਘ ਚੀਮਾ, ਬਲਬੀਰ ਸਿੰਘ ਮੰਡੇਰ, ਅਮੋਲਕ ਸਿੰਘ ਢਿੱਲੋਂ, ਸਰਵਣ ਸਿੰਘ, ਜੋਗਾ ਸਿੰਘ ਢੱਡਵਾੜ, ਸੁਖਦੇਵ ਚਾਨੀਆ, ਕੁਲਵੰਤ ਸਿੰਘ ਸੈਣੀ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ: ਮੌੜ ਦੀ ਯੂ ਕੇ ਕਬੱਡੀ ਨੂੰ ਵੱਡੀ ਦੇਣਸੀ ਅਤੇ ਉਹਨਾ ਦੇ ਵਿਛੋੜੇ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਤੋਂ ਇਲਾਵਾ ਸਾਊਥਾਲ ਤੋਂ ਐਮ ਪੀ ਵਰਿੰਦਰ ਸ਼ਰਮਾਂ, ਐਨ ਆਰ ਆਈ ਕਮਿਸ਼ਨ ਦੇਆਨਰੇਰੀ ਮੈਂਬਰ ਦਲਜੀਤ ਸਿੰਘ ਸਹੋਤਾ, ਰਸ਼ਪਾਲ ਸਿੰਘ ਸਹੋਤਾ, ਪਿੰਕੀ ਢਿਲੋਂ, ਕੁਲਵੰਤ ਸਿੰਘ ਚੱਠਾ, ਸੱਤਾ ਮੁਠੱਡਾ, ਲਹਿੰਬਰ ਸਿੰਘ ਲੱਦੜ, ਮੇਜਰ ਸਿੰਘ ਬਾਸੀ, ਬਲਵਿੰਦਰ ਸਿੰਘ ਗਿੱਲ ਦੀਨੇਵਾਲੀਆ, ਬਲਜੀਤ ਸਿੰਘ ਮੱਲੀ, ਪੰਮੀ ਰੰਧਾਵਾ, ਪ੍ਰਤਾਪ ਸਿੰਘ ਸੀ ਪੀ ਐਮ, ਪਿਆਰਾ ਸਿੰਘ ਰੰਧਾਵਾ, ਹਰਵਿੰਦਰ ਸਿੰਘ ਭਲਵਾਨ, ਕੰਮਾ ਔਜਲਾ, ਜਸਪਾਲ ਬਿੰਦ, ਕੇਵਲਰਣਦੇਵਾ ਆਦਿ ਨੇ ਦੁੱਖ ਪ੍ਰਗਟ ਕੀਤਾ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 14 ਮਈ ਤੋਂ ਬੁੱਧਵਾਰ 20 ਮਈ 2020 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਵਪਾਰ ਦੇ ਖੇਤਰ 'ਚ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਨਗੇ। ਆਰਾਮ ਘੱਟ ਅਤੇ ਭੱਜ-ਦੌੜ ਜ਼ਿਆਦਾ ਰਹੇਗੀ। ਫਜ਼ੂਲ ਦੇ ਕੰਮਾਂ 'ਤੇ ਖਰਚ ਵੀ ਜ਼ਿਆਦਾ ਹੋਵੇਗਾ। ਪਰ ਹਾਲਾਤਾਂ ਨੂੰ ਵੇਖਦਿਆਂ ਹੋਇਆਂ ਜਿਵੇਂ ਕਿ ਵਿਸ਼ਵ ਭਰ 'ਚ ਕੋਰੋਨਾ ਮਹਾਂਮਾਰੀ ਫੈਲੀ ਹੋਈ ਹੈ, ਅਜਿਹੇ 'ਚ ਖਰਚਿਆਂ ਨੂੰ ਕਾਬੂ ਹੇਠ ਰੱਖਣਾ ਹੀ ਸਮਝਦਾਰੀ ਹੋਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਛੋਟੇ-ਛੋਟੇ ਕੰਮ ਨਿਪਟਾਉਣ ਨਾਲ ਲਾਭ ਮਿਲੇਗਾ, ਕਾਰੋਬਾਰੀ ਹਾਲਾਤ ਵੀ ਮਾਮੂਲੀ ਸੁਧਰਨਗੇ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਫਜ਼ੂਲ ਖਰਚ, ਭੱਜ-ਦੌੜ ਤੇ ਦਿਮਾਗੀ ਤਣਾਉ ਰਹੇਗਾ। ਕਿਸੇ ਵੀ ਬਿਮਾਰੀ ਤੋਂ ਬਚਣ ਲਈ ਸਾਫ-ਸਫਾਈ ਬਹੁਤ ਜ਼ਰੂਰੀ ਹੈ, ਇਸ ਲਈ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਸ਼ੁਰੂ 'ਚ ਆਮਦਨ ਘੱਟ ਅਤੇ ਖਰਚੇ ਜ਼ਿਆਦਾ ਰਹਿਣਗੇ। ਧਨ ਦਾ ਨੁਕਸਾਨ ਅਤੇ ਕਿਸੇ ਉੱਚ ਅਧਿਕਾਰੀ ਨਾਲ ਵਿਰੋਧ ਪੈਦਾ ਹੋਣਗੇ। ਸਰੀਰਕ ਕਸ਼ਟ, ਦਿਮਾਗੀ ਤਣਾਉ ਅਤੇ ਬਣਦੇ ਕੰਮਾਂ 'ਚ ਰੁਕਾਵਟਾਂ ਪੈਦਾ ਹੋਣਗੀਆਂ। ਆਪਣੇ ਘਰ 'ਚ ਹੀ ਬੈਠ ਕੇ ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਭ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਹਫਤੇ ਦੇ ਸ਼ੁਰੂ 'ਚ ਭੱਜ-ਦੌੜ ਜ਼ਿਆਦਾ ਰਹੇਗੀ। ਉਲਝਣਾਂ ਤੇ ਮੁਸ਼ਕਿਲਾਂ ਉੱਭਰਦੀਆਂ-ਸਿਮਟਦੀਆਂ ਰਹਿਣਗੀਆਂ। ਕਿਸੇ ਨਾਲ ਵੀ ਫਜ਼ੂਲ ਦਾ ਵਾਦ-ਵਿਵਾਦ ਨਾ ਕਰੋ। ਧਨ ਦਾ ਨੁਕਸਾਨ ਹੋ ਸਕਦਾ ਹੈ। ਵਿਸ਼ਵ ਭਰ 'ਚ ਕੋਰੋਨਾ ਮਹਾਂਮਾਰੀ ਫੈਲੀ ਹੋਈ ਹੈ ਅਜਿਹੇ 'ਚ ਸਿਹਤ ਸੰਗਠਨਾਂ ਦੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਨਾ ਜਰੂਰੀ ਹੋਵੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਕਾਰੋਬਾਰ 'ਚ ਵਾਧਾ ਕਰਨ ਦੀ ਯੋਜਨਾ ਬਣੇਗੀ। ਕਿਸੇ ਸ਼ੁਭ ਕੰਮ ਲਈ ਮਿੱਤਰਾਂ ਅਤੇ ਸਬੰਧੀਆਂ ਦਾ ਪੂਰਾ ਸਹਿਯੋਗ ਮਿਲੇਗਾ। ਧਰਮ-ਕਰਮ ਵੱਲ ਰੁਝਾਨ ਅਤੇ ਸ਼ੁਭ ਕੰਮਾਂ 'ਤੇ ਧਨ ਖਰਚ ਹੋਵੇਗਾ। ਪੂਰਾ ਸੰਸਾਰ ਮਹਾਂਮਾਰੀ ਦੀ ਗ੍ਰਿਫਤ ਵਿੱਚ ਹੈ, ਇਸ ਔਖੀ ਘੜੀ 'ਚ ਕਿਸੇ ਦੀ ਮਦਦ ਕਰਨਾ ਸਭ ਤੋਂ ਵੱਡਾ ਚੰਗਾ ਕੰਮ ਹੈ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਦਿਮਾਗੀ ਤਣਾਉ, ਬਣਦੇ ਕੰਮਾਂ 'ਚ ਰੁਕਾਵਟਾਂ, ਕਾਰੋਬਾਰੀ ਉਲਝਣਾਂ ਅਤੇ ਫਜ਼ੂਲ ਦੇ ਖਰਚ ਵੀ ਵੱਧਣਗੇ। ਫਿਰ ਵੀ ਰੁਕਾਵਟਾਂ ਦੇ ਰਹਿੰਦੇ ਵੀ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਉੱਚ-ਪੱਧਰੀ ਲੋਕਾਂ ਨਾਲ ਮੇਲ ਵੱਧਣਗੇ। ਘਰ ਵਿੱਚ ਬੈਠ ਕੇ ਪਰਿਵਾਰ ਸਮੇਤ ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਇਸ ਹਫਤੇ ਸਰੀਰਕ ਪੀੜਾ, ਧਨ ਦਾ ਨੁਕ-ਸਾਨ, ਬਣਦੇ ਕੰਮਾਂ 'ਚ ਰੁਕਾਵਟਾਂ, ਮਾਨਸਿਕ ਤਣਾਉ ਅਤੇ ਸਰਕਾਰੀ ਖੇਤਰਾਂ 'ਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਕਾਰੋਬਾਰੀ ਉਲਝਣਾਂ ਕਾਰਨ ਮਨ ਅਸ਼ਾਂਤ ਰਹੇਗਾ। ਕੋਰੋਨਾ ਮਹਾਂਮਾਰੀ ਕਾਰਨ ਘਰ 'ਚ ਰਹਿੰਦੇ ਆਪਣੇ ਬਜ਼ੁਰਗਾਂ ਦੀ ਸਿਹਤ ਜਾਂ ਖਾਣ-ਪੀਣ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਧਨ ਲਾਭ ਸਾਧਾਰਨ ਹੋਵੇਗਾ। ਕਾਰਜ-ਖੇਤਰ 'ਚ ਦੌੜ-ਭੱਜ ਜ਼ਿਆਦਾ ਰਹੇਗੀ। ਨੌਕਰੀ 'ਚ ਕਿਸੇ ਸਹਿਯੋਗੀ ਨਾਲ ਕੁਝ ਮਨ-ਮੁਟਾਵ ਰਹੇਗਾ। ਕਾਰਜ ਖੇਤਰ 'ਚ ਮਾਣ-ਇੱਜ਼ਤ ਵਧੇਗਾ। ਵਿਸ਼ਵ ਭਰ 'ਚ ਫੈਲੀ ਮਹਾਂਮਾਰੀ ਦਾ ਜਦ ਤੱਕ ਕੋਈ ਇਲਾਜ ਸਾਹਮਣੇ ਨਹੀਂ ਆਉਂਦਾ, ਆਪਣੇ ਆਪ ਨੂੰ ਜਿਨ੍ਹਾਂ ਹੋ ਸਕੇ ਬਚਾ ਕੇ ਰੱਖੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਜ਼ਿਆਦਾ ਸਮਾਂ ਫਜ਼ੂਲ ਦੇ ਕੰਮਾਂ 'ਚ ਬੀਤੇਗਾ। ਗੁੱਸਾ ਅਤੇ ਉਤੇਜਨਾ ਜ਼ਿਆਦਾ ਰਹੇਗੀ। ਬੇਵਜ੍ਹਾ ਦੌੜ-ਭੱਜ ਜ਼ਿਆਦਾ, ਫਜ਼ੂਲ ਦੀ ਚਿੰਤਾ ਅਤੇ ਦੁਸ਼ਮਣ ਨੁਕਸਾਨ ਦੇਣ ਦੀ ਤਾਕ 'ਚ ਰਹਿਣਗੇ। ਕੋਰੋਨਾ ਮਹਾਂਮਾਰੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਸਮਾਜਿਕ ਦੂਰੀ ਨੂੰ ਬਣਾਏ ਰੱਖਣਾ ਵੀ ਇਕ ਕਾਰਗਰ ਕਦਮ ਹੈ। ਇਸ ਦੀ ਪਾਲਣਾ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਾਰੋਬਾਰੀ ਖੇਤਰਾਂ 'ਚ ਸੰਘਰਸ਼ ਭਰੇ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਆਮਦਨ ਘੱਟ ਅਤੇ ਖਰਚ ਜ਼ਿਆਦਾ, ਵਪਾਰ 'ਚ ਰੁਕਾਵਟਾਂ ਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਵਿਸ਼ਵ ਪੱਧਰ 'ਤੇ ਮਹਾਂਮਾਰੀ ਦੇ ਚੱਲਦਿਆਂ ਕਾਰੋਬਾਰ 'ਚ ਗਿਰਾਵਟ ਆਉਣਾ ਸੁਭਾਵਿਕ ਹੈ, ਅਜਿਹੇ 'ਚ ਆਪਣੇ ਖਰਚਿਆਂ 'ਤੇ ਕਾਬੂ ਰੱਖੋ ਤਾਂ ਜੋ ਆਰਥਿਕ ਪੱਖੋਂ ਮਜ਼ਬੂਤੀ ਬਣੀ ਰਹੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਕਾਰਜ ਖੇਤਰ 'ਚ ਰੁਝੇਵੇਂ ਜ਼ਿਆਦਾ ਰਹਿਣਗੇ। ਬੇਸ਼ੱਕ ਆਰਥਿਕ ਹਾਲਾਤ ਪਹਿਲੇ ਨਾਲੋਂ ਬਿਹਤਰ ਹੋਣਗੇ, ਪਰ ਆਰਥਿਕ ਪ੍ਰੇਸ਼ਾਨੀਆਂ ਬਣੀਆਂ ਰਹਿਣਗੀਆਂ। ਸਿਹਤ ਕੁਝ ਢਿੱਲੀ ਰਹੇਗੀ। ਸੰਸਾਰ 'ਚ ਫੈਲੀ ਕੋਰੋਨਾ ਮਹਾਂਮਾਰੀ ਇਕ-ਦੂਜੇ ਦੇ ਸੰਪਰਕ 'ਚ ਆਉਣ ਨਾਲ ਹੋਰ ਵੱਧਦੀ ਹੈ, ਇਸ ਲਈ ਕਿਸੇ ਵੀ ਤਰ੍ਹਾਂ ਦੇ ਇਕੱਠ ਕਰਨ ਤੋਂ ਗੁਰੇਜ਼ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਮਿਹਨਤ ਅਤੇ ਭੱਜ-ਦੌੜ ਜ਼ਿਆਦਾ ਰਹੇਗੀ। ਗੁਜ਼ਾਰੇ ਲਈ ਆਮਦਨ ਦੇ ਯੋਗ ਬਣਦੇ ਰਹਿਣਗੇ। ਕਾਰੋਬਾਰ 'ਚ ਉਤਾਰ-ਚੜ੍ਹਾਵ ਅਤੇ ਕੁਝ ਪ੍ਰੇਸ਼ਾਨੀਆਂ ਰਹਿਣਗੀਆਂ। ਇਸ ਕੋਰੋਨਾ ਮਹਾਂਮਾਰੀ ਦੇ ਚੱਲਦਿਆਂ ਹਰ ਸਮੇਂ ਸਰਬੱਤ ਦਾ ਭਲਾ ਮੰਗੋ, ਨਾਲ ਹੀ ਰੱਬ ਅੱਗੇ ਅਰਦਾਸ ਕਰੀਏ ਤਾਂ ਜੋ ਇਸ ਮਹਾਂਮਾਰੀ ਤੋਂ ਸੰਸਾਰ ਜਲਦੀ ਮੁਕਤ ਹੋ ਸਕੇ।

# ਸਿਹਤ ਲਈ ਖਤਰਨਾਕ ਹੈ ਲੰਬੇ ਸਮੇਂ ਤੱਕ ਬੈਠੇ ਰਹਿਣਾ



ਬਹੁਤ ਲੰਬੇ ਸਮੇਂ ਤੱਕ ਬੈਠੇ ਰਹਿਣ ਕਾਰਨ ਤੁਹਾਡੀ ਸਿਹਤ ਖਤਰੇ 'ਚ ਪੈ ਸਕਦੀ ਹੈ। ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਬਿਨਾਂ ਬਰੇਕ ਲਏ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਸਿਹਤ ਨੂੰ ਕਈ ਤਰ੍ਹਾਂ ਦਾ ਖਤਰਾ ਹੋ ਸਕਦਾ ਹੈ। ਅਮਰੀਕਾ ਦੀ ਟੈਕਸਾਸ ਯੂਨੀਵਰਸਿਟੀ ਦੀ ਖੋਜਕਰਤਾ ਲਿੰਡਾ ਈਨੇਸ ਅਨੁਸਾਰ ਇਹ ਪਤਾ ਲਗਾਉਣ ਲਈ ਹੋਰ ਅਧਿਐਨ ਦੀ ਜ਼ਰੂਰਤ ਹੈ ਕਿ ਸਭ ਤੋਂ ਪ੍ਰਭਾਵੀ ਤੇ ਵਿਵਹਾਰਿਕ ਦਖਲ ਨਾਲ ਬੈਠਣ ਦੀ ਆਦਤ 'ਚ ਕੁਝ ਬਦਲਾਅ ਲਿਆਈ ਜਾ ਸਕਦੀ ਹੈ। ਲੰਬੇ ਸਮੇਂ ਤੱਕ ਬੈਠਣ ਦੇ ਉਲਟੇ ਪ੍ਰਭਾਵਾਂ ਪ੍ਰਤੀ ਜਨਜਾਗਰੂਕਤਾ 'ਚ ਨਰਸ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਹਾਲ ਦੇ ਵਰ੍ਹਿਆਂ 'ਚ ਕੀਤੇ ਗਏ ਕਈ ਅਧਿਐਨ 'ਚ ਲੰਬੇ ਸਮੇਂ ਤੱਕ ਬੈਠਣ ਤੇ ਦਿਲ ਰੋਗ ਤੇ ਸ਼ੂਗਰ ਸਮੇਤ ਕਈ ਬਿਮਾਰੀਆਂ ਨਾਲ ਜੁੜਨ ਦੇ ਸੰਕੇਤ ਮਿਲ ਚੁੱਕੇ ਹਨ। ਨਵੇਂ ਅਧਿਐਨ 'ਚ ਪਾਇਆ ਗਿਆ ਹੈ ਕਿ ਰੋਜ਼ਾਨਾ ਲਗਾਤਾਰ ਸੱਤ ਜਾਂ ਜ਼ਿਆਦਾ ਘੰਟੇ ਬੈਠਣ ਨਾਲ ਇਸ ਤਰ੍ਹਾਂ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਸਕਦਾ ਹੈ। ਬੈਠਣ ਦੌਰਾਨ ਥੋੜ੍ਹੇ-ਥੋੜ੍ਹੇ ਫਰਕ 'ਤੇ ਉੱਠਣ ਤੇ ਚੱਲਣ-ਫਿਰਨ ਨਾਲ ਇਸ ਤਰ੍ਹਾਂ ਦੇ ਖਤਰਿਆਂ ਤੋਂ ਬਚਿਆ ਜਾ ਸਕਦਾ ਹੈ।


## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਦੁਆਰਾ ਮਾਨਚੈਸਟਰ ਵਿਖੇ
# ਧਾਰਮਿਕ ਸੇਵਾਦਾਰ ਦੀ ਲੋੜ

**ਮੁੱਖ ਕੰਮ :-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ।
**ਸਥਾਨ :-** ਮਾਨਚੈਸਟਰ ਵਿਖੇ
**ਸਮਾਂ :-** ਛੇ ਮਹੀਨੇ ਲਈ ਕੰਮ, ਵਧੀਆ ਤਨਖਾਹ, ਥੋੜ੍ਹੇ ਘੰਟੇ, ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ :-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ ਜੋ ਮੁੱਖ ਡਿਊਟੀਆਂ ਵਿਚ ਸ਼ਾਮਿਲ ਹਨ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਸੋਹਣਾ ਤਜਰਬਾ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ :-** ਖੁੱਲ੍ਹੀ ਹੈ, (ਅਸੀਂ ਲਗਾਤਾਰ ਵਧੀਆ ਗਿਆਨਵਾਨ ਅਤੇ ਤਜਰਬੇਕਾਰ ਸੇਵਾਦਾਰ ਦੀ ਭਾਲ ਵਿਚ ਹਾਂ। ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਅਰਜ਼ੀਆਂ ਭੇਜ ਸਕਦੇ ਹਨ।

## VACANCIES Job Title: Religious Worker with additional duties

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.
**Location:** Manchester.
**Duration & Remuneration:** Six Month. Attractive Salary and short hours and Salary will be according to UK employment Law. Boarding and Lodging will be provided.
**Requirements:** Should be able to perform Kirtan and carry out other religious activities as listed in main duties. Must read and speak Punjabi. Must have sufficient experience.
**Closing Date:** Open (we are constatly looking for people with knowledge and experience and on rolling employment basis.)
**Please apply in writing with Ref. June 2020**
**Gurdwara Sri Guru Harkrishan Sahib**
12 SHERBORNE STREET, MANCHESTER, M3 1FE.
Email:info@gsghks.org.uk



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

# ਕਿੰਗਜ਼ਵੇਅ ਬੈਂਕਿਊਟ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ 200 ਮਹਿਮਾਨਾਂ ਤੱਕ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉੱਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ!



ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

# KINGSWAY BANQUETING SUITE

270-272 BATH ROAD, HOUNSLOW, MIDDLESE, TW4 7DF.
(OPP. HOUNSLOW WEST TUBE STATION)
TEL: 020 8570 8351 M: 07956 322 808
Email: enquiries@kingswaybanqueting.com, www.kingswaybanqueting.com

# ਪ੍ਰਵਾਸੀ ਮਜ਼ਦੂਰਾਂ ਦਾ ਨਾ ਮੀਡੀਆ, ਨਾ ਸਰਕਾਰ ਨਾ ਅਸੀਂ ਲੋਕ

## ✪ ਰੇਲ ਗੱਡੀ ਹੇਠਾਂ ਆ ਕੇ ਮਾਰੇ ਗਏ 16 ਮਜ਼ਦੂਰ ✪ ਟੈਲੀ ਮੀਡੀਆ ਵੀ ਹਾਟ ਖਬਰ ਨਾ ਬਣੇ ਇਹ ਗੁਲਾਮ ਲੋਕ ✪ ਰੇਲਵੇ ਵਿਭਾਗ ਨੇ ਕਿਹਾ ਕਿ ਪਟੜੀਆਂ 'ਤੇ ਤੁਰ ਕੇ ਤੇ ਸੋ ਕੇ ਮਜ਼ਦੂਰਾਂ ਨੇ ਅਪਰਾਧ ਕੀਤਾ, ਕੋਈ ਮੁਆਵਜ਼ਾ ਨਹੀਂ ਮਿਲੇਗਾ

ਵਿਸ਼ੇਸ਼ ਰਿਪੋਰਟ
ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916





ਬੀਤੇ ਸ਼ੁਕਰਵਾਰ ਮਹਾਂਰਾਸ਼ਟਰ ਤੋਂ ਮੱਧ ਪ੍ਰਦੇਸ਼ ਆਪਣੇ ਘਰਾਂ ਨੂੰ ਪੈਦਲ ਜਾ ਰਹੇ 20 ਮਜ਼ਦੂਰਾਂ ਵਿੱਚੋਂ 16 ਮਜ਼ਦੂਰ ਇੱਕ ਮਾਲ ਗੱਡੀ ਹੇਠਾਂ ਸੁੱਤੇ ਹੋਏ ਕੱਟ ਕੇ ਮਾਰੇ ਗਏ। ਇਸ ਹਾਦਸੇ ਦੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਰੇਲਵੇ ਲਾਈਨ ਵਿੱਚ ਮ੍ਰਿਤ ਸਰੀਰਾਂ ਦੇ ਲੋਥੜੇ ਤੇ ਭੁੱਖ ਮਿਟਾਉਣ ਲਈ ਲਿਆਂਦੀਆਂ ਰੋਟੀਆਂ ਖਿਲਰੀਆਂ ਪਈਆਂ ਹਨ।

ਦੱਸਿਆ ਜਾਂਦਾ ਹੈ ਕਿ 36 ਕਿਲੋਮੀਟਰ ਤੁਰਨ ਤੋਂ ਬਾਅਦ, ਉਨ੍ਹਾਂ ਨੂੰ ਨੀਂਦ ਮਹਿਸੂਸ ਹੋਣ ਲੱਗੀ, ਥੱਕ ਟੁੱਟ ਕੇ ਉਹ ਰੇਲ ਗੱਡੀ ਦੇ ਟਰੈਕ 'ਤੇ ਸੌਂ ਗਏ। ਉਹ ਇੰਨੀ ਡੂੰਘੀ ਨੀਂਦ ਵਿਚ ਚਲੇ ਗਏ ਕਿ ਉਹ ਹੋਸ਼ ਵਿੱਚ ਨਹੀਂ ਸਨ ਕਿ ਉਹ ਮੌਤ ਦੀ ਗੋਦ ਵਿਚ ਸੋ ਰਹੇ ਹਨ। ਰੇਲਗੱਡੀ ਉਨ੍ਹਾਂ ਉਪਰੋਂ ਗੁਜਰ ਗਈ। ਮਜ਼ਦੂਰ ਮੱਧ ਪ੍ਰਦੇਸ਼ ਦੇ ਸ਼ਾਹਦੋਲ ਅਤੇ ਉਮਰਿਆ ਦੇ ਰਹਿਣ ਵਾਲੇ ਹਨ। ਲੰਬੀਆਂ ਵਾਟਾਂ ਤੈਅ ਕਰਨ ਕਾਰਨ ਉਨ੍ਹਾਂ ਦੇ ਪੈਰਾਂ 'ਤੇ ਛਾਲੇ ਹਨ। ਉਹ ਰੇਲਵੇ ਟ੍ਰੈਕਾਂ ਦੇ ਨਾਲ-ਨਾਲ ਤੁਰ ਰਹੇ ਹਨ ਤਾਂ ਜੋ ਆਪਣੇ ਘਰਾਂ ਤੱਕ ਪਹੁੰਚ ਸਕਣ। ਇਸ ਹਾਦਸੇ ਸੰਬੰਧੀ ਅੰਗਰੇਜ਼ੀ ਅਖ਼ਬਾਰ ਟੈਲੀਗਰਾਫ ਦੀ ਮੁੱਖ ਸੁਰਖੀ ਹੈ, "ਇਹ ਹਾਦਸਾ ਬਿਲਕੁੱਲ ਨਹੀਂ...।"

ਇਹ ਅਧੂਰਾ ਵਾਕ ਇਸ ਤਰ੍ਹਾਂ ਪੂਰਾ ਹੋ ਸਕਦਾ ਹੈ। "ਇਹ ਹਾਦਸਾ ਬਿਲਕੁੱਲ ਨਹੀਂ, ਇੱਕ ਹੱਤਿਆ ਹੈ।"

ਇਸ ਹਾਦਸੇ ਬਾਰੇ ਸਵਰਾਜ ਇੰਡੀਆ ਦੇ ਯੋਗਿੰਦਰ ਯਾਦਵ ਨੇ ਬਹੁਤ ਗੰਭੀਰ ਟਿੱਪਣੀ ਕੀਤੀ ਹੈ ਕਿ, "ਜਿਨ੍ਹਾਂ ਨੂੰ ਰੇਲ ਗੱਡੀ 'ਤੇ ਸਵਾਰ ਹੋਣਾ ਚਾਹੀਦਾ ਸੀ, ਜਦੋਂ ਉਹ ਰੇਲ ਗੱਡੀ ਹੇਠਾਂ ਆ ਕੇ ਮਾਰੇ ਜਾਂਦੇ ਹਨ ਤਾਂ ਇਹ ਸਿਰਫ਼ ਉਨ੍ਹਾਂ ਬੇਚਾਰਿਆਂ ਦੀ ਹੀ ਮੌਤ ਨਹੀਂ ਸਾਡੀ ਸਭ ਦੀ ਮੌਤ ਹੈ।"

ਪਰ ਕਿਸੇ ਨੇ ਇਹ ਸੋਚਣ ਦੀ ਲੋੜ ਨਹੀਂ ਸਮਝੀ ਕਿ ਆਖਰ ਕਿਉਂ ਇਹ ਮਜ਼ਦੂਰ ਰੇਲ ਪਟੜੀ ਉੱਤੇ ਤੁਰਨ ਨੂੰ ਮਜਬੂਰ ਹੋਏ। ਆਮ ਕੱਚੇ ਰਾਹ ਜਾਂ ਸੜਕ 'ਤੇ ਤੁਰਨ ਨਾਲੋਂ ਰੇਲ ਪਟੜੀ 'ਤੇ ਜਾਂ ਨਾਲ-ਨਾਲ ਤੁਰਨਾ ਮੁਸ਼ਕਲ ਹੁੰਦਾ ਹੈ ਕਿਉਂਕਿ ਉੱਥੇ ਛੋਟੇ-ਛੋਟੇ ਪੱਥਰ ਦੇ ਟੁਕੜੇ ਖਿਲਰੇ ਹੁੰਦੇ ਹਨ। ਉਨ੍ਹਾਂ ਦੀ ਮਜਬੂਰੀ ਇਹ ਸੀ ਕਿ ਸਰਕਾਰ ਨੇ ਉਨ੍ਹਾਂ ਲਈ ਬਾਕੀ ਸਾਰੇ ਰਾਹ ਬੰਦ ਕਰ ਦਿੱਤੇ ਸਨ। ਪਹਿਲਾਂ ਰੇਲ ਗੱਡੀਆਂ ਬੰਦ ਕਰ ਦਿੱਤੀਆਂ, ਫਿਰ ਬੱਸਾਂ ਬੰਦ ਕਰ ਦਿੱਤੀਆਂ ਤੇ ਫਿਰ ਪੁਲਸ ਦੇ ਨਾਕੇ ਲਾ ਕੇ ਸੜਕਾਂ ਵੀ ਬੰਦ ਕਰ ਦਿੱਤੀਆਂ, ਘਰਾਂ ਨੂੰ ਇਨ੍ਹਾਂ ਮਜ਼ਦੂਰਾਂ ਲਈ ਸਿਰਫ਼ ਰੇਲ ਪਟੜੀਆਂ ਤੇ ਜੰਗਲਾਂ ਵਿੱਚੋਂ ਲੰਘਣ ਵਾਲੇ ਰਾਹ ਹੀ ਰਹਿ ਗਏ ਸਨ।

ਮੀਡੀਆ ਇਨ੍ਹਾਂ ਦੀ ਹੋਣੀ ਬਾਰੇ ਚੁੱਪ ਹੈ, ਕਿਉਂਕਿ ਇਹ ਸ਼ੋਸ਼ਲ ਮੀਡੀਆ 'ਤੇ ਨਹੀਂ ਹਨ। ਚੈਨਲਾਂ 'ਤੇ ਵੀ ਉਨ੍ਹਾਂ ਦੀ ਖਬਰ ਕਿਸੇ ਨੂੰ ਬਹੁਤਾ ਭਾਵੁਕ ਨਹੀਂ ਕਰੇਗੀ, ਕਿਉਂਕਿ ਇਹ ਅਮੀਰ ਲੋਕਾਂ ਵਾਂਗ ਇਨ੍ਹਾਂ ਨੂੰ ਇਸ਼ਤਿਹਾਰ ਨਹੀਂ ਦਿੰਦੇ ਤੇ ਨਾ ਹੀ ਰਾਖੀ ਸਾਵੰਤ ਵਾਂਗ ਇਨ੍ਹਾਂ ਦੀ ਟੀਆਰਪੀ ਵਧਾਉਂਦੇ ਹਨ। ਵੱਡੀ ਗੱਲ ਇਹ ਹੈ ਕਿ ਉਹ ਮਨੁੱਖ ਹੀ ਨਹੀਂ ਹਨ। ਉਨ੍ਹਾਂ ਨੂੰ ਸਿਰਫ ਸਰਕਾਰ ਸਮੇਤ ਸਾਡੇ ਵੱਲੋਂ ਗੁਲਾਮ ਸਮਝਿਆ ਗਿਆ ਹੈ ਮਨੁੱਖ ਸਮਝਿਆ ਹੀ ਨਹੀਂ ਗਿਆ। ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰ ਤੇ ਸਮਾਜ ਉਨ੍ਹਾਂ ਪ੍ਰਤੀ ਕਿੰਨਾ ਅਸੰਵੇਦਨਸ਼ੀਲ ਹੋ ਗਿਆ ਹੈ। ਮਜ਼ਦੂਰਾਂ ਦੀ ਮੌਤ ਇਕ ਮਾਮੂਲੀ ਘਟਨਾ ਬਣ ਗਈ ਹੈ। ਜੇ ਖਾਸ ਘਟਨਾ ਹੁੰਦੀ ਤਾਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਬਾਰੇ ਆਵਾਜ਼ ਉਠਾਉਂਦੀਆਂ। ਟੈਲੀ ਮੀਡੀਆ ਘੰਟਿਆਂ ਬੱਧੀ ਉਨ੍ਹਾਂ ਦੀਆਂ ਖ਼ਬਰਾਂ ਬਾਰੇ ਆਵਾਜ਼ ਉਠਾਉਂਦਾ।

ਕਾਰਲ ਮਾਰਕਸ ਨੇ 175 ਸਾਲ ਪਹਿਲਾਂ ਲਿਖਿਆ ਸੀ ਕਿ ਮਜ਼ਦੂਰ ਜਿੰਨੀ ਮਿਹਨਤ ਕਰਦਾ ਹੈ, ਓਨਾ ਹੀ ਵਿਸ਼ਾਲ ਜਾਂ ਸ਼ਕਤੀਸ਼ਾਲੀ ਪੂੰਜੀਵਾਦੀ ਜਗਤ ਬਣਦਾ ਹੈ। ਜਿਉਂ ਜਿਉਂ ਸ਼ਕਤੀਸ਼ਾਲੀ ਪੂੰਜੀਵਾਦੀ ਜਗਤ ਬਣਦਾ ਹੈ ਮਜ਼ਦੂਰ ਸ਼ਕਤੀ ਦਾ ਉਹੀ ਅਨੁਪਾਤ ਹੌਲੀ ਹੌਲੀ ਘਟਦਾ ਜਾਂਦਾ ਹੈ। ਜੇ ਰੇਲਵੇ ਟਰੈਕਾਂ 'ਤੇ ਮਰਨ ਵਾਲੇ ਇਹ ਕਾਮੇ ਰਾਸ਼ਟਰ ਨਿਰਮਾਤਾ ਹਨ ਤਾਂ ਰਾਸ਼ਟਰ ਤਾਂ ਹੋਰ ਮਜ਼ਬੂਤ ਹੋ ਗਿਆ, ਪਰ ਰਾਸ਼ਟਰ ਦੀ ਸਿਰਜਣਾ ਕਰਨ ਵਾਲੇ ਏਨੇ ਕਮਜ਼ੋਰ ਕਿਉਂ ਪੈ ਗਏ?

ਅਸਲੀਅਤ ਇਹ ਹੈ ਕਿ 'ਇਹ ਦੁਖਾਂਤਕ ਘਟਨਾ ਜਾਂ ਕੁਦਰਤੀ ਘਟਨਾ ਬਿਲਕੁਲ ਨਹੀਂ, ਇਹ ਕਤਲ ਹੈ ਗੁਲਾਮ ਲੋਕਾਂ ਦਾ'। ਇਹ ਕਤਲ ਕਿਸ ਨੇ ਕੀਤਾ? ਕਾਤਲ ਨਿਸ਼ਚਤ ਤੌਰ 'ਤੇ ਉਹ ਡਰਾਈਵਰ ਨਹੀਂ ਹੈ ਜੋ ਮਾਲ ਗੱਡੀ ਚਲਾ ਰਿਹਾ ਹੈ। ਇਹ ਸਾਡਾ ਸਿਸਟਮ ਹੈ ਜੋ ਜਾਤੀਵਾਦ ਦੀ ਵੰਡ ਕਰਦਾ ਹੈ, ਗਰੀਬ ਅਮੀਰ ਦਾ ਵੰਡ ਕਰਦਾ ਹੈ। ਇਹੀ ਲੋਕ ਸਰਕਾਰਾਂ ਚਲਾਉਂਦੇ ਹਨ। ਸਿੱਚ ਇਹ ਵੀ ਹੈ ਕਿ ਡਰਾਈਵਰ ਜ਼ਿੰਮੇਵਾਰ ਨਹੀਂ ਹੈ। ਉਹ ਰੇਲ ਦੀ ਰਫਤਾਰ ਨੂੰ ਕਾਬੂ ਨਹੀਂ ਕਰ ਸਕਦਾ ਸੀ। ਦੱਸਿਆ ਜਾਂਦਾ ਹੈ ਕਿ ਡਰਾਈਵਰ ਨੇ ਆਪਣੀ ਪੂਰੀ ਕੋਸ਼ਿਸ਼ ਕੀਤੀ, ਪੂਰੇ ਜ਼ੋਰ ਨਾਲ ਰੇਲ ਦੇ ਹੂਟਰ ਵਜਾਇਆ ਐਮਰਜੈਂਸੀ ਬ੍ਰੇਕ ਨੂੰ ਪੂਰੇ ਜ਼ੋਰ ਨਾਲ ਦਬਾਇਆ, ਪਰ ਰੁਕਦਿਆਂ ਰੁਕਦਿਆਂ ਮਾਲ ਗੱਡੀ 16 ਪ੍ਰਵਾਸੀ ਮਜ਼ਦੂਰਾਂ ਨੂੰ ਕੁਚਲ ਗਈ। ਨਾਲ ਲੱਗਦੇ ਪਿੰਡ ਦੇ ਲੋਕ ਹੂਟਰ ਦੀ ਅਵਾਜ਼ ਨਾਲ ਜਾਗ ਪਏ, ਭੱਜ ਕੇ ਰੇਲਵੇ ਲਾਈਨ ਕੋਲ ਇਕੱਠੇ ਹੋ ਗਏ। ਇਨ੍ਹਾਂ ਸੋਲਾਂ ਮਜ਼ਦੂਰਾਂ ਦੀਆਂ ਲਾਸ਼ਾਂ ਦੇ ਨੁਕਸਾਨੇ ਗਏ ਹਿੱਸੇ ਪੱਟੜੀ 'ਤੇ ਆਲੇ-ਦੁਆਲੇ ਖਿੰਡੇ ਪਏ ਸਨ। ਕੁਝ ਸੁੱਕੀਆਂ ਰੋਟੀਆਂ ਆਲੇ-ਦੁਆਲੇ ਡਿੱਗੀਆਂ ਹੋਈਆਂ ਸਨ।

ਰੇਲਵੇ ਵਿਭਾਗ ਵੱਲੋਂ ਕੋਈ ਅਫ਼ਸੋਸ ਜ਼ਾਹਰ ਨਹੀਂ ਕੀਤਾ ਗਿਆ ਹੈ, ਕਿਉਂਕਿ ਇਹ ਲੋਕ ਮਨੁੱਖੀ ਹੀ ਨਹੀਂ ਸਨ। ਉਸ ਦੇ ਬਿਆਨ ਵਿਚ ਅਸੰਵੇਦਨਸ਼ੀਲਤਾ ਦੇਖੋ, ਉੱਚ ਰੇਲਵੇ ਅਧਿਕਾਰੀ ਨੇ ਕਿਹਾ ਕਿ ਮਾਰੇ ਗਏ ਲੋਕਾਂ ਨੇ ਰੇਲਵੇ ਲਾਈਨ 'ਤੇ ਕਬਜ਼ਾ ਕਰ ਲਿਆ ਸੀ। ਇਸ ਤਰ੍ਹਾਂ, ਰੇਲਵੇ ਲਾਈਨ 'ਤੇ ਆਉਣਾ ਗੈਰ ਕਾਨੂੰਨੀ ਹੈ ਅਤੇ ਇਕ ਜੁਰਮ ਹੈ। ਇਸ ਲਈ ਇਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ। ਰੇਲਵੇ ਨੇ ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਨਾਲ ਨਾ ਤਾਂ ਕੋਈ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਨਾ ਹੀ ਕੋਈ ਅਫਸੋਸ ਜ਼ਾਹਰ ਕੀਤਾ ਹੈ।

ਇੰਡੀਅਨ ਐਕਸਪ੍ਰੈਸ ਨੇ ਰਿਪੋਰਟ ਦਿੱਤੀ ਹੈ ਕਿ 2018 ਵਿਚ ਅੰਮ੍ਰਿਤਸਰ ਨੇੜੇ ਰੇਲਵੇ ਲਾਈਨ 'ਤੇ ਮਰਨ ਵਾਲੇ 40 ਲੋਕਾਂ ਨੂੰ ਰੇਲਵੇ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਸੀ, ਪਰ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਹਰੇਕ ਮੌਤ ਲਈ 2 ਲੱਖ ਰੁਪਏ ਦਿੱਤੇ ਗਏ ਸਨ। ਪਰ ਇਨ੍ਹਾਂ ਮਜ਼ਦੂਰਾਂ ਬਾਰੇ ਕੋਈ ਖਬਰ ਨਹੀਂ ਹੈ।

ਆਖਿਰ ਇਸ ਵਿਚ ਸਰਕਾਰਾਂ ਦਾ ਵੀ ਕੀ ਕਸੂਰ ਹੈ? ਉਹ ਦੇਸ ਤੇ ਲੋਕਾਂ ਦੀ ਸਿਹਤ ਦੀ ਚਿੰਤਾ ਕਰ ਰਹੀਆਂ ਹਨ, ਲੋਕਾਂ ਦੀ ਰਾਖੀ ਵਿਚ ਰੁਝੀਆਂ ਹੋਈਆਂ ਹਨ, ਕਿਉਂਕਿ ਕੋਰੋਨਾ ਵਾਇਰਸ ਫੈਲਿਆ ਹੋਇਆ ਹੈ। ਉਨ੍ਹਾਂ ਨੂੰ ਕਿਸ ਦੀ ਦੇਖਭਾਲ ਕਰਨੀ ਚਾਹੀਦੀ ਹੈ, ਉਹ ਇਹ ਬਹੁਤ ਵਧੀਆ ਜਾਣਦੇ ਹਨ। ਸਾਡਾ ਜਸਟਿਸ ਬੇਲੋੜੀ ਖ਼ਬਰਾਂ ਨਹੀਂ ਪੜ੍ਹਦਾ, ਇਸ ਲਈ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜੇ ਸਰਕਾਰ ਇਨ੍ਹਾਂ ਦੀ ਵੋਟ ਨਾਲ ਸੱਤਾ ਹਾਸਲ ਕਰ ਰਹੀ ਹੈ ਤਾਂ ਇਹ ਜਮਹੂਰੀਅਤ ਹੈ। ਇਸ ਵਿਚ ਮਾੜਾ ਕੀ ਹੈ? ਵੋਟਾਂ ਦੇਣਾਂ ਤਾਂ ਇਨ੍ਹਾਂ ਦਾ ਕੰਮ ਹੈ।

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਸ ਬਾਰੇ ਇਹ ਟਿੱਪਣੀ ਕੀਤੀ ਕਿ ਇਹ ਮਾਰੇ ਗਏ ਲੋਕ ਰਾਸ਼ਟਰ ਦੇ ਨਿਰਮਾਤਾ ਹਨ। ਪਰ ਇਹ ਤਾਂ ਸਾਧਾਰਨ ਗੱਲ ਹੈ, ਸ਼ਾਇਦ ਝੂਠ ਵੀ ਹੈ। ਜੇ ਰਾਸ਼ਟਰ ਨਿਰਮਾਤਾ ਹੁੰਦੇ ਤਾਂ ਰਾਸ਼ਟਰ ਦਾ ਅਫਸੋਸ ਬਹੁਤ ਵੱਡੇ ਪੱਧਰ 'ਤੇ ਹੁੰਦਾ। ਦੋਸ਼ੀ ਕੌਣ ਹੈ, ਇਸ ਬਾਰੇ ਸਭ ਦੀਆਂ ਜ਼ੁਬਾਨਾਂ ਨੂੰ ਤਾਲੇ ਲੱਗੇ ਹੋਏ ਹਨ। ਪਰ ਪਤਾ ਹਰੇਕ ਨੂੰ ਹੈ ਕਿ ਇਹ ਗਰੀਬ ਲੋਕ ਗੁਲਾਮ ਹਨ ਤੇ ਗੁਲਾਮਾਂ ਦੇ ਕਾਤਲ ਅਣਪਛਾਤੇ ਹੀ ਹੁੰਦੇ ਹਨ। ਵਿਰੋਧੀ ਪਾਰਟੀਆਂ ਦਾ ਪ੍ਰਤੀਕਰਮ ਇਸੇ ਲਈ ਵੱਡੇ ਪੱਧਰ 'ਤੇ ਨਹੀਂ ਹੈ। ਸਾਡੇ ਦੇਸ ਨੇ ਇਨ੍ਹਾਂ ਮਜ਼ਦੂਰਾਂ ਨੂੰ ਗੁਲਾਮ ਹੋਣ ਕਰਕੇ ਛੱਡ ਦਿੱਤਾ ਹੈ। ਜੇ ਹਮਦਰਦੀ ਹੁੰਦੀ ਤਾਂ ਉਨ੍ਹਾਂ ਦੇ ਪੱਲੇ ਸੁੱਕੀਆਂ ਰੋਟੀਆਂ ਨਾ ਹੁੰਦੀਆਂ, ਪੈਰਾਂ ਵਿਚ ਛਾਲੇ ਨਾ ਹੁੰਦੇ, ਪੈਰਾਂ ਵਿਚ ਟੁੱਟੀਆਂ ਜੁੱਤੀਆਂ ਨਾ ਹੁੰਦੀਆਂ। ਉਹ ਵੀ ਅਮੀਰਾਂ ਵਾਂਗ ਜਹਾਜ਼ਾਂ ਤੇ ਟਰੇਨਾਂ ਰਾਹੀਂ ਆਪਣੇ ਘਰਾਂ ਵਿਚ ਪਹੁੰਚ ਗਏ ਹੁੰਦੇ। ਕਹਿਣ ਨੂੰ ਉਹ ਭਾਰਤ ਦੇ ਨਿਰਮਾਤਾ ਹਨ, ਪਰ ਅਸਲ ਵਿਚ ਉਹ ਗੁਲਾਮ ਹਨ।

ਇਹੋ ਜਿਹੀਆਂ ਅਨੇਕਾਂ ਕਹਾਣੀਆਂ ਹਨ। ਪਰ ਸੱਚੀਆਂ ਹਨ। ਅਸਲੀਅਤ ਇਹ ਹੈ ਕਿ ਅੱਜ ਹਰ ਸ਼ਹਿਰ ਵਿੱਚੋਂ ਮਜ਼ਦੂਰ ਆਪਣੇ ਘਰਾਂ ਨੂੰ ਭੱਜ ਰਹੇ ਹਨ। ਇਹ ਗਿਣਤੀ ਲੱਖਾਂ ਵਿੱਚ ਹੈ। ਇਨ੍ਹਾਂ ਵਿੱਚ ਔਰਤਾਂ, ਬੱਚੇ, ਬਜ਼ੁਰਗ, ਬਿਮਾਰ ਤੇ ਤੁਰਨੋਂ ਲਾਚਾਰ ਲੋਕ ਵੀ ਹਨ। ਪੰਜਾਬ ਵਿਚ ਵੀ ਅਜਿਹਾ ਦ੍ਰਿਸ਼ ਹੈ।

ਇਹ ਸਭ ਸੋਚਣਾ ਨਿੰਦਿਆ ਨਹੀਂ ਹੈ। ਇਹ ਤਾਂ ਇਸ ਬਿਪਤਾ ਵਿਚ ਮਨੁੱਖੀ ਰਾਜਨੀਤੀ ਦੀ ਭਾਸ਼ਾ ਦੀ ਭਾਲ ਕਰਨਾ ਹੈ। ਸਾਂਝੀ ਨਾਗਰਿਕਤਾ ਬਣਾਉਣ ਵਾਲਿਆਂ ਲਈ ਇਹ ਮੌਤਾਂ ਦਾ ਗਮ ਜ਼ਰੂਰੀ ਨਹੀਂ ਹੈ। ਮੌਤਾਂ ਦਾ ਗਮ ਉਨ੍ਹਾਂ ਲਈ ਜ਼ਰੂਰੀ ਹੈ, ਜਿਨ੍ਹਾਂ ਅੰਦਰ ਰੂਹਾਂ ਜਿਉਂਦੀਆਂ ਹਨ।

## ਭਈਆਂ 'ਤੇ ਪੰਜਾਬ ਦੀ ਟੇਕ ਘਟਣ ਦੇ ਆਸਾਰ

ਭੁਲੱਥ-ਕਰੋਨਾਵਾਇਰਸ ਲੌਕਡਾਊਨ ਕਾਰਨ ਪਰਵਾਸੀ ਮਜ਼ਦੂਰਾਂ ਦੇ ਕਣਕ ਦੀ ਕਟਾਈ/ਗਹਾਈ/ਮੰਡੀਆਂ ਵਿੱਚ ਕਣਕ ਦੀ ਫ਼ਸਲ ਉਤਰਾਈ, ਛਣਾਈ/ਉਤਰਾਈ/ਲਦਾਈ ਦੇ ਕੰਮਾਂ ਵਿਚ ਨਾ ਆਉਣ ਦੇ ਬਾਵਜੂਦ ਪੰਜਾਬ ਦੇ ਮਜ਼ਦੂਰਾਂ ਵਲੋਂ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਕਰ ਕੇ ਜਿਥੇ ਉਨ੍ਹਾਂ ਦੀਆਂ ਜੇਬ੍ਹਾਂ ਵਿੱਚ 250 ਤੋਂ 300 ਕਰੋੜ ਰੁਪਏ ਆਏ ਹਨ ਤੇ ਇਸ ਨਾਲ ਉਨ੍ਹਾਂ ਵਿੱਚ ਨਵੀਂ ਚੇਤਨਾ ਦਾ ਸੰਚਾਰ ਹੋਇਆ ਹੈ ਤੇ ਜਿਸ ਕਾਰਨ ਉਨ੍ਹਾਂ ਝੋਨੇ ਦੀ ਫ਼ਸਲ ਦੀ ਲੁਆਈ ਲਈ ਦਿਹਾਤੀ ਖੇਤਰਾਂ ਵਿਚ ਕਿਸਾਨਾਂ ਨਾਲ ਗੱਠਜੋੜ ਕਰਨਾ ਸ਼ੁਰੂ ਕਰ ਦਿੱਤਾ ਹੈ। ਭੁਲੱਥ ਦੇ ਆਸ ਪਾਸ ਪੈਂਦੇ ਪਿੰਡ ਭਦਾਸ, ਬਜਾਜ, ਬੋਪਾਰਾਏ ਦੇ ਕਿਸਾਨਾਂ ਨੇ ਕਿਹਾ ਕਿ ਵੱਖ-ਵੱਖ ਪਿੰਡਾਂ ਦੇ ਪੰਜਾਬੀ ਮਜ਼ਦੂਰ ਗਰੁਪਾਂ ਵਲੋਂ ਇਸ ਸਬੰਧੀ ਰਾਬਤਾ ਕਾਇਮ ਕੀਤਾ ਗਿਆ ਹੈ ਤੇ ਭਾਵੇਂ ਉਨ੍ਹਾਂ ਵਲੋਂ ਮਜ਼ਦੂਰੀ ਜ਼ਿਆਦਾ ਮੰਗੀ ਜਾ ਰਹੀ ਹੈ ਪਰੰਤੂ ਇਹ ਮਸਲਾ ਜਿਵੇਂ ਤੂੜੀ ਬਣਾਉਣ ਤੇ ਢੁਆਈ ਤੇ ਉਸ ਨੂੰ ਸਾਂਭਣ ਲਈ ਹੱਲ ਹੋਇਆ ਹੈ ਇਸ ਤਰ੍ਹਾਂ ਪੰਜਾਬੀ ਮਜ਼ਦੂਰਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਹੈ। ਇਸ ਸਬੰਧੀ ਕੁੱਝ ਕਿਸਾਨਾਂ ਨੇ ਦੱਸਿਆ ਗਿਆ ਉਨ੍ਹਾਂ ਪਰਵਾਸੀ ਮਜ਼ਦੂਰ ਦੇ ਪੱਕੇ ਜੁੱਟ ਕਈ ਸਾਲਾਂ ਤੋਂ ਆ ਰਹੇ ਹਨ ਉਹ ਆਪਣੀ ਥਾਂ ਪੰਜਾਬੀ ਮਜ਼ਦੂਰਾਂ ਵਲੋਂ ਮੱਲੇ ਜਾਣ ਦੇ ਡਰੋ ਝੋਨੇ ਦੀ ਲਵਾਈ ਕਰਕੇ ਹੀ ਵਾਪਸ ਜਾਣਗੇ।

ਵਿਸ਼ੇਸ਼ ਲੇਖ

ਅਰੁੰਧਤੀ ਰਾਏ



# ਕੋਰੋਨਾ ਵਾਇਰਸ ਮਹਾਂਮਾਰੀ ਨੇ ਸਮਾਜ ਦੀਆਂ ਬਿਮਾਰੀਆਂ ਦਾ ਪਰਦਾਫਾਸ਼ ਕੀਤਾ ਹੈ

ਕੋਰੋਨਾ ਵਾਇਰਸ ਮਨੁੱਖ ਦੇ ਸਰੀਰ ਵਿੱਚ ਜਦੋਂ ਦਾਖਲ ਹੁੰਦਾ ਹੈ ਤਾਂ ਉਹ ਪਹਿਲਾਂ ਤੋਂ ਮੌਜੂਦ ਬਿਮਾਰੀਆਂ ਦੇ ਪ੍ਰਭਾਵ ਨੂੰ ਵਧਾਉਂਦਾ ਹੈ। ਇਸੇ ਤਰ੍ਹਾਂ ਵੱਖੋਂ ਵੱਖ ਦੇਸ਼ਾਂ ਵਿਚ ਪਹੁੰਚ ਕੇ, ਉਸ ਨੇ ਸਾਡੀਆਂ ਕਮਜ਼ੋਰੀਆਂ ਦਾ ਪਰਦਾਫਾਸ਼ ਕੀਤਾ ਹੈ। ਕੋਰੋਨਾ ਵਾਇਰਸ ਮਹਾਂਮਾਰੀ ਨੇ ਸੰਸਾਰੀਕਰਨ ਦੀ ਮਸ਼ੀਨ ਦੇ ਇੰਜਨ ਨੂੰ ਰੋਕ ਦਿੱਤਾ ਹੈ। ਮੈਨੂੰ ਜਾਪਦਾ ਹੈ ਕਿ ਇਹ ਸਥਿਤੀ ਅਸਥਾਈ ਹੈ। ਅੱਜ, ਜਦੋਂ ਸਾਰੀ ਮਨੁੱਖ ਜਾਤੀ ਕੋਰੋਨਾ ਵਾਇਰਸ ਕਾਰਨ ਘਰਾਂ ਵਿੱਚ ਕੈਦ ਹੈ ਤਾਂ ਧਰਤੀ ਨੇ ਆਪਣੇ ਜ਼ਖ਼ਮਾਂ ਨੂੰ ਭਰਨ ਦਾ ਮੌਕਾ ਮਿਲਿਆ ਹੈ। ਧਰਤੀ ਦਾ ਵਾਤਾਵਰਨ, ਪਾਣੀ, ਹਵਾ ਸ਼ੁੱਧ ਹੋਇਆ ਹੈ ਤੇ ਸਾਨੂੰ ਸਾਹ ਲੈਣ ਦਾ ਮੌਕਾ ਮਿਲਿਆ ਹੈ। ਅਸੀਂ ਕੁਝ ਚਿਰ ਲਈ ਕੁਦਰਤ ਨਾਲ ਜੁੜ ਗਏ ਹਾਂ। ਹੁਣ ਤੱਕ ਅਸੀਂ ਕੁਦਰਤ ਵਿਰੋਧੀ ਕਾਰਜ ਕਰਦੇ ਰਹੇ ਹਾਂ ਤੇ ਕੁਦਰਤ ਵਿਰੋਧੀ ਜੀਵਨ ਹੰਢਾਉਂਦੇ ਰਹੇ ਹਾਂ। ਭਾਰਤ ਵਿਚ ਵੀ ਅਜਿਹਾ ਵਾਪਰਦਾ ਮੈਂ ਕਾਫੀ ਚਿਰਾਂ ਤੋਂ ਦੇਖ ਰਹੀ ਹਾਂ। ਭਾਰਤ ਵਿੱਚ ਪਿਛਲੇ ਦਿਨਾਂ ਵਿੱਚ, ਟਾਈਗਰ ਰਿਜ਼ਰਵ ਦੇ ਸੁਰੱਖਿਅਤ ਖੇਤਰ ਦਾ ਇੱਕ ਵੱਡਾ ਹਿੱਸਾ ਇੱਕ ਵਿਸ਼ਾਲ ਧਾਰਮਿਕ ਸਮਾਗਮ - ਭੀੜ ਵਾਲੇ ਕੁੰਭ ਮੇਲੇ ਲਈ ਤਿਆਰ ਕੀਤਾ ਜਾ ਚੁੱਕਾ ਹੈ, ਜੋ ਕਿ ਕੁਦਰਤ ਵਿਰੋਧੀ ਕਾਰਜ ਹੈ। ਅਸਾਮ ਵਿੱਚ ਹਾਥੀ ਲਈ ਰਾਖਵਾਂ ਇੱਕ ਜੰਗਲ ਖੇਤਰ ਕੋਲਾ ਮਾਈਨਿੰਗ ਲਈ ਬਣਾਇਆ ਜਾ ਰਿਹਾ ਹੈ। ਅਰੁਣਾਚਲ ਪ੍ਰਦੇਸ਼ ਦੇ ਹਿਮਾਲਿਆਈ ਜੰਗਲਾਂ ਵਿਚ ਹਜ਼ਾਰਾਂ ਏਕੜ ਜ਼ਮੀਨ ਪਣ ਡੈਮ ਦੇ ਨਿਰਮਾਣ ਲਈ ਡੁਬੋ ਕੇ ਬਰਬਾਦ ਕਰ ਦਿੱਤੀ ਜਾਵੇਗੀ।

ਇਸ ਦੌਰਾਨ, ਰਾਸ਼ਟਰਪਤੀ ਟਰੰਪ ਨੇ ਚੰਦਰਮਾ 'ਤੇ ਖੁਦਾਈ ਦੀ ਆਗਿਆ ਦੇਣ ਦੇ ਪ੍ਰਸ਼ਾਸਕੀ ਹੁਕਮਾਂ 'ਤੇ ਵੀ ਦਸਤਖਤ ਕਰ ਦਿੱਤੇ ਹਨ। ਮੇਰੇ ਵਲੋਂ ਅਜਿਹੀਆਂ ਉਦਾਹਰਣਾਂ ਦੇਣ ਦਾ ਮਨੋਰਥ ਇਹੀ ਹੈ ਕਿ ਅਸੀਂ ਕੁਦਰਤ ਦੇ ਨਾਲ ਖਿਲਵਾੜ ਕਰਨ ਤੋਂ ਬਾਜ ਨਹੀਂ ਆ ਰਹੇ। ਅਸੀਂ ਸਮਾਜਾਂ ਵਿੱਚ ਬੇਇਨਸਾਫੀ, ਫਿਰਕਾਪ੍ਰਸਤੀ, ਨਸਲਵਾਦ, ਜਾਤੀਵਾਦ ਤੇ ਸਭ ਤੋਂ ਵੱਧ ਅਸਮਾਨਤਾ ਨੂੰ ਹੋਰ ਵਧਾ ਦਿੱਤਾ ਹੈ। ਸੱਤਾ ਦੇ ਉਹ ਸਾਰੇ ਅੰਗ ਜਿਨ੍ਹਾਂ ਦਾ ਕਦੇ ਗਰੀਬਾਂ ਦੀਆਂ ਤਕਲੀਫ਼ਾਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਉਨ੍ਹਾਂ ਨੇ ਇਸ ਸੰਕਟ ਦੌਰਾਨ ਉਨ੍ਹਾਂ ਦੀ ਸਹਾਇਤਾ ਨਾ ਕਰਕੇ ਹਮੇਸ਼ਾਂ ਦੀ ਤਰ੍ਹਾਂ ਉਨ੍ਹਾਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ, ਹੁਣ ਉਨ੍ਹਾਂ ਦਾ ਬਚਾਅ ਕਰ ਰਹੇ ਹਨ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੇ ਕੋਰੋਨਾ ਵਾਇਰਸ ਗਰੀਬਾਂ ਵਿਚ ਫੈਲ ਜਾਂਦਾ ਹੈ ਤਾਂ ਇਹ ਅਮੀਰਾਂ ਲਈ ਹੈ ਬਹੁਤ ਵੱਡਾ ਖ਼ਤਰਾ ਹੋਵੇਗੀ, ਕਿਉਂਕਿ ਅਮੀਰਾਂ ਦਾ ਇਨ੍ਹਾਂ ਮਜ਼ਦੂਰਾਂ ਬਿਨਾਂ ਗੁਜਾਰਾ ਨਹੀਂ ਹੈ। ਮਜ਼ਦੂਰਾਂ ਦੀ ਸਹਾਇਤਾ ਨਾਲ ਹੀ ਉਹ ਸਨਅਤਾਂ ਚਲਾਉਂਦੇ ਹਨ। ਅਜੇ ਤੱਕ ਕੋਰੋਨਾ ਵਾਇਰਸ ਦੀ ਕੋਈ ਦਵਾਈ, ਵੈਕਸੀਨ, ਟੀਕਾ ਨਹੀਂ ਬਣਿਆ। ਪਰ ਦਾਅਵਾ ਸਾਰੇ ਦੇਸ ਕਰ ਰਹੇ ਹਨ ਕਿ ਇਹ ਜਲਦੀ ਹੀ ਬਣਾ ਦਿੱਤਾ ਜਾਵੇਗਾ। ਪਰ ਯਾਦ ਰੱਖੋ ਕਿ ਇਹ ਸਭ ਕੁਝ ਅਮੀਰ ਲੋਕਾਂ ਲਈ ਹੋਵੇਗਾ। ਅਜਿਹਾ ਇਸ ਲਈ ਕਿਉਂਕਿ ਉਨ੍ਹਾਂ ਕੋਲ ਪੈਸਾ ਹੈ ਤੇ ਉਹ ਸਭ ਮਹਿੰਗੀਆਂ ਦਵਾਈਆਂ ਤੇ ਇਲਾਜ ਖਰੀਦ ਸਕਦੇ ਹਨ। ਪਰ ਗਰੀਬ ਕੋਲ ਅਜਿਹੀ ਸਮਰੱਥਾ ਨਹੀਂ ਹੈ। ਜਿੰਨਾ ਜ਼ਿਆਦਾ ਅਮੀਰ ਵਿਅਕਤੀ ਹੋਵੇਗਾ, ਉਸ ਦੇ ਬਚਾਅ ਦੀ ਜ਼ਿਆਦਾ ਸੰਭਾਵਨਾ ਹੋਵੇਗੀ। ਮੇਰੇ ਲਈ ਇਹ ਇਕ ਹੈਰਾਨ ਕਰਨ ਵਾਲੀ ਬੁਝਾਰਤ ਹੈ ਕਿ ਸੱਤਾ ਦੇ ਸਾਰੇ ਅੰਗ ਵਿਕਾਸ ਅਤੇ ਸਭਿਅਤਾ ਤਹਿਤ ਮਨੁੱਖਤਾ ਨੂੰ ਬਰਬਾਦੀ ਵਲ ਲਿਜਾਂਦੇ ਰਹੇ ਹਨ। ਹੁਣ ਕੋਰੋਨਾ ਵਾਇਰਸ ਸੰਕਟ ਦੌਰਾਨ ਦਿਨ ਰਾਤ ਇਕ ਕਰਕੇ ਵਿਸ਼ਾਣੂ ਰਾਹੀਂ ਹੋ ਰਹੀ ਤਬਾਹੀ ਨੂੰ ਰੋਕਣਾ ਚਾਹੁੰਦੇ ਹਨ। ਇਹ ਪ੍ਰਬੰਧ ਹੁਣ ਤੱਕ ਪਰਮਾਣੂ, ਰਸਾਇਣਕ ਅਤੇ ਜੀਵ-ਵਿਗਿਆਨਕ ਹਥਿਆਰ ਬਣਾਉਣ ਦੇ ਵਿਚਾਰ ਕਰਦਾ ਰਿਹਾ ਹੈ ਤੇ ਮਨੁੱਖ ਦੀ ਬਰਬਾਦੀ ਸਿਰਜਦਾ ਰਿਹਾ ਹੈ। ਇਹ ਕਿਸੇ ਨੂੰ ਆਪਣੇ ਉੱਪਰ ਉਠਦਾ ਦੇਖਣਾ ਨਹੀਂ ਚਾਹੁੰਦੇ, ਇਸੇ ਲਈ ਉਹ ਆਪਣੇ ਕਮਜ਼ੋਰ ਦੇਸ਼ਾਂ 'ਤੇ ਆਰਥਿਕ ਪਾਬੰਦੀਆਂ ਲਗਾਉਂਦੇ ਰਹੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਬਚਾਉਣ ਵਾਲੀਆਂ ਦਵਾਈਆਂ ਦੀ ਪਹੁੰਚ ਉੱਪਰ ਪਾਬੰਦੀਆਂ ਲਗਾਉਂਦੇ ਰਹੇ ਹਨ। ਤੁਹਾਨੂੰ ਕੋਵਿਡ-19 ਰਾਹੀਂ ਬਰਬਾਦੀ ਸ਼ਾਇਦ ਬੱਚਿਆਂ ਦੀ ਖੇਡ ਨਜ਼ਰ ਆਉਂਦੀ ਹੋਵੇਗੀ, ਪਰ ਇਸ ਦੀ ਤਿਆਰੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਇਹ ਪੂੰਜੀਪਤੀ ਮਨੁੱਖ ਦੀ ਦੇਣ ਹੈ। ਇਹ ਲੋਕ ਤੇ ਸਰਮਾਏਦਾਰ ਦੇਸ ਇਸ ਧਰਤੀ ਨੂੰ ਨਸ਼ਟ ਕਰਨ ਦਾ ਕੰਮ ਇੰਨੀ ਤੇਜ਼ੀ ਨਾਲ ਕਰ ਰਹੇ ਹਨ ਕਿ ਟੈਲੀਮੀਡੀਆ 'ਤੇ ਇਹ ਖੇਡ ਨਜ਼ਰ ਨਹੀਂ ਆਵੇਗੀ। ਹੁਣ ਜਦੋਂ ਕੋਰੋਨਾ ਵਾਇਰਸ ਕਾਰਨ ਅਸੀਂ ਤਾਲਾਬੰਦ ਹੋ ਗਏ ਹਾਂ, ਉਸ ਦੀਆਂ ਸ਼ਤਰੰਜੀ ਚਾਲ ਬਹੁਤ ਤੇਜ਼ੀ ਨਾਲ ਵੱਧ ਰਹੀਆਂ ਹਨ। ਕੋਰੋਨਾ ਵਾਇਰਸ ਤਾਨਾਸ਼ਾਹ ਸਰਕਾਰਾਂ ਦੇ ਤੋਹਫ਼ੇ ਵਜੋਂ ਸਾਨੂੰ ਹੁਣ ਮਿਲੇਗਾ।

ਮਹਾਂਮਾਰੀ ਕੋਈ ਨਵੀਂ ਨਹੀਂ ਹੈ, ਪਰ ਇਹ ਡਿਜੀਟਲ ਯੁੱਗ ਵਿਚ ਪਹਿਲੀ ਵਾਰ ਹੈ ਤੇ ਅਸੀਂ ਵਿਸ਼ਵ ਪੱਧਰ 'ਤੇ ਤਾਨਾਸ਼ਾਹਾਂ ਦੇ ਹਿੱਤਾਂ ਨੂੰ ਮਹਾਂਮਾਰੀ ਦੇ ਨਾਲ ਆਉਂਦੇ ਹੋਏ ਵੇਖ ਰਹੇ ਹਾਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਬਾਹੀ ਦੇ ਅੰਕੜੇ ਇਕੱਠੇ ਕਰਨ ਵਾਲੀਆਂ ਨੈਟਵਰਕ ਕੰਪਨੀਆਂ ਨੂੰ ਸਹਿਯੋਗੀ ਦੇਖ ਰਹੇ ਹਨ। ਇਹ ਮਹਾਂਮਾਰੀ ਉਨ੍ਹਾਂ ਦੇ ਲਈ ਤੋਹਫਾ ਹੈ। ਇਹ ਕੰਮ ਭਾਰਤ ਵਿਚ ਹੋਰ ਤੇਜ਼ੀ ਨਾਲ ਹੋ ਰਿਹਾ ਹੈ। ਫੇਸਬੁੱਕ ਨੇ ਭਾਰਤ ਦੀ ਸਭ ਤੋਂ ਵੱਡੀ ਫੋਨ ਨੈਟਵਰਕ ਕੰਪਨੀ ਜਿਓ ਨਾਲ ਇਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜਿਥੇ ਉਹ ਆਪਣੇ 400 ਮਿਲੀਅਨ ਵਟਸਐਪ ਯੂਜ਼ਰਸ ਨੂੰ ਸਾਂਝਾ ਕਰੇਗੀ। ਬਿਲ ਗੇਟਸ ਪ੍ਰੋਟੋਕੋਲ ਤੋਂ ਵੱਧ ਤੋਂ ਵੱਧ ਮੁਨਾਫ਼ੇ ਦਾ ਐਲਾਨ ਦੀ ਉਮੀਦ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹ ਰਹੇ ਹਨ। ਮੋਦੀ ਦੀ ਸਿਫਾਰਸ਼ 'ਤੇ, ਹੁਣ ਤੱਕ ਛੇ ਕਰੋੜ ਤੋਂ ਵੱਧ ਲੋਕਾਂ ਨੇ ਨਿਗਰਾਨੀ / ਸਿਹਤ ਐਪ ਅਰੋਗਿਆ ਸੇਤੂ ਨੂੰ ਡਾਊਨਲੋਡ ਕੀਤਾ ਹੈ। ਸਰਕਾਰੀ ਕਰਮਚਾਰੀਆਂ ਲਈ ਇਸ ਐਪ ਨੂੰ ਡਾਊਨਲੋਡ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਨੂੰ ਸਰਕਾਰੀ ਕਰਮਚਾਰੀਆਂ ਲਈ ਲਾਜ਼ਮੀ ਬਣਾਇਆ ਗਿਆ ਹੈ। ਇਕ ਰਹੱਸਮਈ ਫੰਡ ਪ੍ਰਧਾਨ ਮੰਤਰੀ ਕੇਅਰਜ਼ ਫੰਡ ਸਥਾਪਤ ਕੀਤਾ ਗਿਆ ਹੈ, ਜਿਸ ਦਾ ਜਨਤਕ ਆਡਿਟ ਨਹੀਂ ਹੋ ਸਕਦਾ। ਅਸੀਂ ਕੋਰੋਨਾ ਤੋਂ ਪਹਿਲਾਂ, ਬਿਨਾਂ ਕਿਸੇ ਸੋਚੇ-ਸਮਝੇ ਨਿਗਰਾਨੀ ਵੱਲ ਵਧ ਰਹੇ ਸਾਂ, ਹੁਣ ਅਸੀਂ ਡਰ ਦੇ ਕਾਰਨ ਭੱਜ ਰਹੇ ਹਾਂ ਅਤੇ ਇਸ ਸੁਪਰ ਨਿਗਰਾਨੀ ਦੀ ਪਕੜ ਵਿਚ ਆ ਰਹੇ ਹਾਂ। ਇਸ ਰਾਹੀਂ ਸਾਡਾ ਸਭ ਕੁਝ, ਸਾਡੀ ਆਜ਼ਾਦੀ, ਸਾਡੀ ਨਿਜਤਾ ਸਰਕਾਰੀ ਕੰਟਰੋਲ ਵਿਚ ਹੋ ਸਕਦੀ ਹੈ। ਤਾਲਾਬੰਦੀ ਖ਼ਤਮ ਹੋਣ ਤੋਂ ਬਾਅਦ ਵੀ, ਜੇ ਅਸੀਂ ਤੇਜ਼ੀ ਨਾਲ ਅੱਗੇ ਨਹੀਂ ਵਧਦੇ, ਇਹ ਨਿਸ਼ਚਤ ਹੈ ਕਿ ਅਸੀਂ ਸਦਾ ਲਈ ਕੈਦ ਹੋ ਜਾਵਾਂਗੇ। ਅਸੀਂ ਇਸ ਇੰਜਣ ਨੂੰ ਸਦਾ ਲਈ ਕਿਵੇਂ ਰੋਕ ਸਕਦੇ ਹਾਂ, ਇਹ ਸਾਡੀ ਅਗਲਾ ਕਦਮ ਹੈ।

# ਕੋਰੋਨਾ ਨੇ ਰੋਜ਼ੀ-ਰੋਟੀ ਖੋਹ ਲਈ, ਭਾਰਤ ਦੇ 70% ਮਜ਼ਦੂਰ ਬੇਰੁਜ਼ਗਾਰ ਹੋਏ

## ○ ਪੇਂਡੂ ਖੇਤਰਾਂ ਵਿਚ ਬੇਰੁਜ਼ਗਾਰੀ ਦਾ ਅੰਕੜਾ ਸ਼ਹਿਰਾਂ ਦੇ ਮੁਕਾਬਲੇ ਘੱਟ ○ ਗੈਰ-ਖੇਤੀਬਾੜੀ ਸੈਕਟਰ ਵਿੱਚ ਕੰਮ ਕਰਨ ਵਾਲਿਆਂ ਦੀ ਆਮਦਨੀ ਵਿੱਚ 90% ਦੀ ਆਈ ਕਮੀ



ਨਵੀਂ ਦਿੱਲੀ-ਕੋਰੋਨਾ ਸੰਕਟ ਦੇ ਦੌਰਾਨ ਅਜੀਮ ਪ੍ਰੇਮਜੀ ਯੂਨੀਵਰਸਿਟੀ ਅਤੇ ਸਿਵਲ ਸੁਸਾਇਟੀ ਸੰਗਠਨ ਦੇ ਇੱਕ ਸਰਵੇਖਣ ਵਿਚ ਦੇਸ਼ ਵਿੱਚ ਰੁਜ਼ਗਾਰ ਬਾਰੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਲੌਕਡਾਊਨ ਵਿਚਾਲੇ ਸਰਵੇਖਣ ਵਿਚ ਪਤਾ ਲੱਗਿਆ ਹੈ ਕਿ ਦੋ-ਤਿਹਾਈ ਤੋਂ ਜ਼ਿਆਦਾ ਲੋਕ ਆਪਣੀ ਰੋਜ਼ੀ-ਰੋਟੀ ਦੇ ਸਾਧਨਾਂ ਤੋਂ ਹੱਥ ਧੋ ਬੈਠੇ ਹਨ। ਉੱਥੇ ਹੀ ਜਿਨ੍ਹਾਂ ਲੋਕਾਂ ਕੋਲ ਰੁਜ਼ਗਾਰ ਬਚਿਆ ਹੈ, ਉਨ੍ਹਾਂ ਦੀ ਕਮਾਈ ਵਿਚ ਭਾਰੀ ਕਮੀ ਆਈ ਹੈ। ਖੋਜਕਰਤਾਵਾਂ ਦੇ ਅਨੁਸਾਰ ਲੌਕਡਾਊਨ ਕਾਰਨ ਨਾ ਸਿਰਫ਼ ਵੱਡੀਆਂ ਕੰਪਨੀਆਂ ਵਿਚ ਕੰਮ ਠੱਪ ਹੋ ਗਿਆ ਹੈ, ਸਗੋਂ ਇਸ ਦੀ ਮਦਦ ਨਾਲ ਚੱਲ ਰਹੇ ਸਵੈ-ਰੁਜ਼ਗਾਰ ਦੇ ਸਾਰੇ ਕੰਮ-ਧੰਦੇ ਵੀ ਬੰਦ ਹੁੰਦੇ ਜਾ ਰਹੇ ਹਨ। ਇਸ ਸਰਵੇਖਣ ਵਿਚ ਆਂਧਰਾ ਪ੍ਰਦੇਸ਼, ਬਿਹਾਰ, ਦਿੱਲੀ, ਗੁਜਰਾਤ, ਝਾਰਖੰਡ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉਡੀਸ਼ਾ, ਰਾਜਸਥਾਨ, ਤੇਲੰਗਾਨਾ ਤੇ ਪੱਛਮੀ ਬੰਗਾਲ ਦੇ ਲਗਭਗ 4000 ਮਜ਼ਦੂਰ ਸ਼ਾਮਲ ਹੋਏ। ਖੋਜਕਰਤਾਵਾਂ ਨੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਵਿੱਤੀ ਹਾਲਤ ਅਤੇ ਫ਼ਰਵਰੀ ਤੋਂ ਲੈ ਕੇ ਲੌਕਡਾਊਨ ਦੌਰਾਨ ਹੋ ਰਹੀ ਕਮਾਈ ਬਾਰੇ ਵੀ ਸਵਾਲ ਕੀਤੇ। ਸਵੈ-ਰੁਜ਼ਗਾਰ ਨਾਲ ਜੁੜੇ ਲੋਕਾਂ, ਦਿਹਾੜੀਦਾਰ ਮਜ਼ਦੂਰਾਂ ਤੇ ਆਮ ਨੌਕਰੀਪੇਸ਼ਾ ਮਜ਼ਦੂਰਾਂ ਨਾਲ ਵੀ ਗੱਲਬਾਤ ਕੀਤੀ ਗਈ। ਪੇਂਡੂ ਖੇਤਰਾਂ ਵਿਚ ਬੇਰੁਜ਼ਗਾਰੀ ਦਾ ਅੰਕੜਾ ਸ਼ਹਿਰਾਂ ਦੇ ਮੁਕਾਬਲੇ ਥੋੜਾ ਘੱਟ ਹੈ। ਇੱਥੇ ਲਗਭਗ 57% ਮਤਲਬ ਹਰੇਕ 10 ਵਿੱਚੋਂ 6 ਲੋਕ ਪ੍ਰਭਾਵਿਤ ਹੋਏ ਹਨ।

ਸ਼ਹਿਰੀ ਇਲਾਕਿਆਂ ਵਿੱਚ ਸਥਿਤੀ ਸਭ ਤੋਂ ਖਰਾਬ ਹੈ। ਹਰ 10 ਵਿੱਚੋਂ 8 ਵਿਅਕਤੀ ਰੁਜ਼ਗਾਰ ਗੁਆ ਚੁੱਕੇ ਹਨ। ਮਤਲਬ 80% ਲੋਕ ਬੇਰੁਜ਼ਗਾਰ ਹੋ ਗਏ ਹਨ। ਸਰਵੇਖਣ ਅਨੁਸਾਰ ਜਿਨ੍ਹਾਂ ਲੋਕਾਂ ਕੋਲ ਰੁਜ਼ਗਾਰ ਬਚਿਆ ਹੈ, ਉਨ੍ਹਾਂ ਦੀ ਆਮਦਨੀ ਪ੍ਰਭਾਵਿਤ ਹੋਈ ਹੈ। ਗੈਰ-ਖੇਤੀਬਾੜੀ ਸੈਕਟਰ ਵਿੱਚ ਕੰਮ ਕਰਨ ਵਾਲਿਆਂ ਦੀ ਆਮਦਨੀ ਵਿੱਚ 90% ਦੀ ਕਮੀ ਆਈ ਹੈ। ਪਹਿਲਾਂ ਜਿੱਥੇ ਉਹ ਔਸਤਨ 2240 ਰੁਪਏ ਪ੍ਰਤੀ ਹਫ਼ਤੇ ਕਮਾਉਂਦੇ ਸਨ, ਹੁਣ ਆਮਦਨ ਸਿਰਫ਼ 218 ਰੁਪਏ ਹੀ ਰਹਿ ਗਈ ਹੈ। ਜੋ ਦਿਹਾੜੀਦਾਰ ਮਜ਼ਦੂਰ ਫ਼ਰਵਰੀ ਦੇ ਮਹੀਨੇ ਵਿੱਚ ਔਸਤਨ 940 ਰੁਪਏ ਦੀ ਕਮਾਈ ਕਰਦਾ ਸੀ, ਹੁਣ ਉਸ ਦੀ ਆਮਦਨੀ ਲਗਭਗ ਅੱਧੀ ਹੋ ਗਈ ਹੈ। ਸਰਵੇਖਣ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਸਾਰੇ ਜ਼ਰੂਰਤਮੰਦਾਂ ਨੂੰ ਘੱਟੋ-ਘੱਟ ਅਗਲੇ 6 ਮਹੀਨੇ ਤਕ ਮੁਫ਼ਤ ਰਾਸ਼ਨ ਮੁਹੱਈਆ ਕਰਵਾਇਆ ਜਾਵੇ। ਨਾਲ ਹੀ ਪੇਂਡੂ ਖੇਤਰਾਂ ਵਿੱਚ ਮਨਰੇਗਾ ਦਾ ਦਾਇਰਾ ਵਧਾਉਣਾ ਚਾਹੀਦਾ ਹੈ ਤਾਂ ਜੋ ਉੱਥੇ ਰਹੇ ਰਹੇ ਵੱਧ ਤੋਂ ਵੱਧ ਲੋਕਾਂ ਨੂੰ ਕੰਮ ਮਿਲ ਸਕੇ।

## ਘਰੋਂ ਲਾਪਤਾ ਹੋਏ ਪ੍ਰੇਮੀ ਜੋੜੇ ਦੀਆਂ ਪੰਜ ਦਿਨਾਂ ਬਾਅਦ ਖੇਤਾਂ ਵਿਚੋਂ ਮਿਲੀਆਂ ਲਾਸ਼ਾਂ

ਖੇਮਕਰਨ-ਸਰਹੱਦੀ ਪਿੰਡ ਦੂਹਲ ਕੋਹਨਾਂ ਵਿਚੋਂ ਲਾਪਤਾ ਹੋਏ ਕਥਿਤ ਪ੍ਰੇਮੀ ਜੋੜੇ ਦੀਆਂ ਲਾਸ਼ਾਂ ਪੰਜ ਦਿਨਮੰਗਲਵਾਰ ਸ਼ਾਮ ਨੂੰ ਪਿੰਡ ਦੇ ਬਾਹਰਵਾਰ ਖੇਤਾਂ ਵਿਚੋਂ ਮਿਲਣ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਦੋਵੇਂ ਲਾਸ਼ਾਂ ਜਾਨਵਰਾਂ ਵੱਲੋਂ ਨੋਚੀਆਂ ਜਾ ਚੁੱਕੀਆਂ ਸਨ। ਲਾਸ਼ਾਂ ਦੇ ਕੋਲ ਜ਼ਹਿਰੀਲੀ ਦਵਾਈ ਦੀ ਇਕ ਬੋਤਲ ਵੀ ਮਿਲੀ ਹੈ ਪਰ ਲੜਕੇ ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਇਹ ਖੁਦਕੁਸ਼ੀ ਨਹੀਂ ਬਲਕਿ ਕਤਲ ਹਨ। ਪੁਲਿਸ ਨੇ ਲਾਸ਼ਾਂ ਕਬਜੇ ਵਿਚ ਲੈ ਕੇ ਦੋ ਲੋਕਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਪਿੰਡ ਦੂਹਲ ਕੋਹਨਾ ਨਿਵਾਸੀ 22 ਸਾਲਾ ਜੁਗਰਾਜ ਸਿੰਘ ਪੁੱਤਰ ਕੁਲਵੰਤ ਸਿੰਘ ਅਤੇ 20 ਸਾਲਾਂ ਜੋਤੀ ਪੁੱਤਰੀ ਬਿੱਟੂ ਦੇ ਕਥਿਤ ਤੌਰ 'ਤੇ ਪ੍ਰੇਮ ਸਬੰਧ ਸਨ। ਜਦੋਂਕਿ ਕੁਝ ਦੇਰ ਪਹਿਲਾਂ ਜੋਤੀ ਦਾ ਵਿਆਹ ਅੰਮ੍ਰਿਤਸਰ ਦੇ ਪਿੰਡ ਭਰਾੜੀਵਾਲ ਵਾਸੀ ਵਿਅਕਤੀ ਨਾਲ ਹੋਇਆ ਸੀ। ਸਹੁਰੇ ਪਰਿਵਾਰ ਨਾਲ ਝਗੜੇ ਦੇ ਚੱਲਦਿਆਂ ਜੋਤੀ ਆਪਣੇ ਪੇਕੇ ਘਰ ਵਾਪਸ ਆ ਗਈ ਜਿਥੇ ਉਸਦੇ ਮੁੜ ਜੁਗਰਾਜ ਸਿੰਘ ਨਾਲ ਨਾ ਜਾਇਜ਼ ਸਥਾਪਤ ਹੋ ਗਏ। ਇਹ ਦੋਵੇਂ 8 ਮਈ ਨੂੰ ਆਪੋ ਆਪਣੇ ਘਰਾਂ ਤੋਂ ਲਾਪਤਾ ਹੋ ਗਏ ਜਿਨ੍ਹਾਂ ਦੀਆਂ ਅੱਜ ਪੰਜਵੇਂ ਦਿਨ ਲਾਸ਼ਾਂ ਪਿੰਡ ਦੇ ਬਾਹਰਵਾਰ ਖੇਤਾਂ ਵਿਚੋਂ ਬਰਾਮਦ ਹੋਈਆਂ। ਦੋਵਾਂ ਲਾਸ਼ਾਂ ਨੂੰ ਜਾਨਵਰਾਂ ਵੱਲੋਂ ਨੋਚਿਆ ਜਾ ਚੁੱਕਾ ਸੀ। ਲਾਸ਼ਾਂ ਮਿਲਣ ਦੀ ਸੂਚਨਾ ਮਿਲਦਿਆਂ ਹੀ ਡੀਐੱਸਪੀ ਭਿੱਖੀਵਿੰਡ ਰਾਜਬੀਰ ਸਿੰਘ ਤੋਂ ਇਲਾਵਾ ਥਾਣਾ ਸਰਾਏ ਅਮਾਨਤ ਖਾਂ ਦੇ ਮੁਖੀ ਇੰਸਪੈਕਟਰ ਤਰਸੇਮ ਮਸੀਹ ਮੌਕੇ 'ਤੇ ਪਹੁੰਚੇ। ਡੀਐੱਸਪੀ ਰਾਜਬੀਰ ਸਿੰਘ ਨੇ ਦੱਸਿਆ ਕਿ ਜੁਗਰਾਜ ਸਿੰਘ ਦੇ ਪਿਤਾ ਕੁਲਵੰਤ ਸਿੰਘ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਲੜਕੀ ਜੋਤੀ ਦੀ ਮਾਤਾ ਸੁੱਖੀ ਅਤੇ ਉਸਦੇ ਚਚੇਰੇ ਭਰਾ ਗੁਰਭੇਜ ਸਿੰਘ ਪੁੱਤਰ ਹਰਬੰਸ ਸਿੰਘ ਦੇ ਖਿਲਾਫ ਕਤਲ ਕਰਨ ਤੇ ਲਾਸ਼ਾਂ ਨੂੰ ਖੁਰਦ ਬੁਰਦ ਕਰਨ ਦੀਆਂ ਧਰਾਵਾਂ ਦੇ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਗੁਰੂ ਸਾਹਿਬ ਨੇ ਕੌਤਕੀ ਅਵਤਾਰਾਂ ਦੀ ਬਜਾਇ ਇਕ ਕਰਤਾਰ ਨਾਲ ਜੁੜਨ ਦੀ ਪ੍ਰੇਰਨਾ ਕੀਤੀ

**ਗੜ੍ਹਿਆ ਸੋਧਣਿ ਧਰਤਿ ਲੁਕਾਈ**

**550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ**

ਲੇਖਕ
ਗਿ: ਗੁਰਬਖਸ਼ ਸਿੰਘ
ਗੁਲਸ਼ਨ
ਫੋਨ: 07956 302743



**ਕਿਸ਼ਤ 34**

ਲੜੀ ਜੋੜਨ ਲਈ 2824 ਅੰਕ ਦੇਖੋ।

ਉਜੈਨ ਤੋਂ ਹਜ਼ੂਰ ਨੇ ਫਿਰ ਗੁਜਰਾਤ ਦਾ ਰੁਖ਼ ਕੀਤਾ ਅਰ ਆਪ ਜੀ ਭਾਈ ਮਰਦਾਨਾ ਸਹਿਤ ਰਾਜਪਿੱਪਲਾ ਤੋਂ ਚੰਡੋਡ ਪਹੁੰਚੇ। ਰਾਜਪਿੱਪਲਾ ਵਿਚ ਗੁਰੂ ਸਾਹਿਬ ਦੇ ਆਉਣ ਦੀ ਯਾਦ ਵਿਚ ਨਾਨਕ-ਬਾੜੀ ਸਥਾਨ ਬਣਿਆ ਹੋਇਆ ਹੈ। ਚੰਡੋਡ ਉਹ ਇਲਾਕਾ ਹੈ ਜਿਸ ਬਾਬਤ ਕਿਹਾ ਜਾਂਦਾ ਹੈ ਕਿ ਇਥੇ ਚੰਡੀ ਦੇਵੀ ਨਾਲ ਚੰਡ ਅਤੇ ਮੁੰਡ ਦੈਂਤਾਂ ਨਾਲ ਘੋਰ ਯੁੱਧ ਹੋਇਆ ਅਤੇ ਅੰਤ ਨੂੰ ਦੇਵੀ ਨੇ ਦੈਂਤਾਂ ਨੂੰ ਮਾਰ ਦਿੱਤਾ। ਇਸ ਤੋਂ ਅੱਗੇ ਬੜੋਦਾ ਅਤੇ ਗੁਜਰਾਤ ਦੀ ਪ੍ਰਸਿੱਧ ਬੰਦਰਗਾਹ ਕੈਂਬੇ ਲੰਘਦਿਆਂ ਗੁਰੂ ਪਾਤਸ਼ਾਹ ਜੀ ਅਹਿਮਦਾਬਾਦ ਪਹੁੰਚੇ। ਇਨ੍ਹਾਂ ਤਿੰਨਾਂ ਨਗਰਾਂ ਵਿਚ ਹੀ ਇਤਿਹਾਸਕ ਸਥਾਨ 'ਗੁਰਦੁਆਰਾ ਨਾਨਕ ਬਾੜੀ' ਬਣੇ ਹੋਏ ਹਨ।ਅਹਿਮਦਾਬਾਦ ਤੋਂ ਕਾਠੀਆਵਾੜ ਨੂੰ ਰੁਖ਼ ਕਰਦਿਆਂ ਪਾਤਸ਼ਾਹ ਜੀ ਢੋਲਕਾ ਅਤੇ ਕੇਅਰਾ ਵਿਚੋਂ ਗੁਜ਼ਰੇ ਜਿਥੇ ਹਜ਼ੂਰ ਦੇ ਪ੍ਰੇਮੀ ਸਿੱਖਾਂ ਨੇ 'ਨਾਨਕ-ਬਾੜੀ' ਅਤੇ 'ਨਾਨਕਾਲੋਡੀਆ' ਸਥਾਨ ਬਣਾਏ ਹੋਏ ਹਨ।

**ਪਾਲੀਟਾਣਾ**

ਕਾਠੀਆਵਾੜ ਦਾ ਸਥਾਨ ਜਿਥੇ ਪਾਤਸ਼ਾਹ ਜੀ ਦੀ ਪਹੁੰਚਣ ਦੀ ਖ਼ਾਸ ਰੁਚੀ ਦਿਖਾਈ ਦੇਂਦੀ ਹੈ, ਉਹ ਹੈ: ਪਾਲੀਟਾਣਾ। ਭਾਵੇਂ ਗੁਜਰਾਤ ਵਿਚ ਅੱਜ ਵੀ ਜੈਨੀਆਂ ਦਾ ਤਕੜਾ ਬੋਲਬਾਲਾ ਹੈ ਅਰ ਥਾਂ ਥਾਂ 'ਤੇ ਉਨ੍ਹਾਂ ਦੇ ਯਾਦਗਾਰੀ ਅਸਥਾਨ ਬਣੇ ਹੋਏ ਹਨ ਪਰ, ਪਾਲੀਟਾਣਾ ਵਿਚ ਸ਼ਤ੍ਰੁਨਜਈਆ ਦੀ ਇਕ ਪਹਾੜੀ ਹੈ ਜਿਥੇ ਇਨ੍ਹਾਂ ਦੇ ਅਨੇਕਾਂ ਹੀ ਮੰਦਰ ਹਨ।ਜੈਨਮੱਤ ਬਾਰੇ ਜੋ ਵੇਰਵਾ ਪ੍ਰੋ. ਸਾਹਿਬ ਸਿੰਘ ਜੀ ਨੇ ਦਿੱਤਾ ਹੈ ਉਸ ਵਿਚੋਂ ਸਾਰ ਹੈ:

'ਇਹ ਮੱਤ ਬੁਧ-ਮਤ ਨਾਲੋਂ ਪਹਿਲਾਂ ਦਾ ਹੈ। ਹਿੰਦੂ-ਮੱਤ ਵਾਂਗ ਜੈਨ-ਮਤ ਵਿਚ ਵੀ ੨੪ ਅਵਤਾਰ (ਤੀਰਥੰਕਰ) ਮੰਨੇ ਗਏ ਹਨ। ਸਭ ਤੋਂ ਅਖ਼ੀਰਲਾ ਤੀਰਥੰਕਰ ਮਹਾਂਵੀਰ ਸੀ।ਇਸ ਦਾ ਨਾਮ ਵਰਧਮਾਨ ਸੀ। ਵਰਧਮਾਨ ਦਾ ਜਨਮ ਈਸਵੀ ਸੰਨ ਤੋਂ ੪੩੨ ਸਾਲ ਪਹਿਲਾਂ ਵੈਸ਼ਾਲੀ ਰਾਜ ਦੇ ਰਾਜ-ਘਰਾਣੇ (ਬਿਹਾਰ) ਵਿਚ ਅਤੇ ਦੇਹਾਂਤ ਪਾਵਾ (ਜ਼ਿਲਾ ਪਟਨਾ) ਵਿਚ ਹੋਇਆ ਸੀ। ੨੮ ਸਾਲ ਦੀ ਉਮਰੇ ਵਰਧਮਾਨ ਦਾ ਪਿਤਾ ਗੁਜ਼ਰਿਆ, ਉਸ ਤੋਂ ਦੋ ਸਾਲ ਇਸ ਨੇ ਰਾਜ ਕੀਤਾ। ਫਿਰ ਰਾਜ ਛੱਡ ਕੇ ਤਪ ਕਰਨ ਚਲਾ ਗਿਆ। ਇਸ ਦੀ ਕੁਲ ਉਮਰ ੭੨ ਸਾਲ ਸੀ'। ਪੰਨਾ ੧੦੪ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ

ਜਦੋਂ ਪਾਤਸ਼ਾਹ ਜੀ ਇਥੇ ਪਹੁੰਚੇ ਤਾਂ ਜੈਨੀਆਂ ਦਾ 'ਛਮਿਛਰੀ' ਨਾਮ ਦਾ ਪਵਿਤਰ ਦਿਹਾੜਾ ਆ ਰਿਹਾ ਸੀ ਜਿਸ ਕਰ ਕੇ ਬਿਅੰਤ ਜੈਨੀ ਸਾਧੂ ਜੁੜ ਰਹੇ ਸਨ। ਗੁਰੂ ਸਾਹਿਬ ਇਥੋਂ ਦੇ ਮੁਖ ਸਥਾਨ 'ਤੇ ਪਹੁੰਚੇ ਅਤੇ ਮੰਦਰ ਦੇ ਮੁਖੀ ਅਤੇ ਹੋਰ ਜੁੜੇ ਹੋਏ ਸਾਧੂਆਂ ਨਾਲ ਵਿਚਾਰ ਚਰਚਾ ਕੀਤੀ। ਸਤਿਗੁਰਾਂ ਨੇ ਸਪਸ਼ਟ ਕਿਹਾ ਕਿ ਰੱਬੀ ਹੋਂਦ ਤੋਂ ਇਨਕਾਰੀ ਹੋਣਾ, ਨਾਉਣ੍ਹ ਤੋਂ ਪ੍ਰਹੇਜ਼ ਕਰਨਾ, ਰੱਬੀ ਖ਼ੂਬਸੂਰਤੀ ਦੀ ਦਾਤ ਕੇਸਾਂ ਨੂੰ ਸੁਆਹ ਵਾਲੇ ਹੱਥਾਂ ਨਾਲ ਪੁਟਣਾ, ਜੀਵ-ਹਿੰਸਾ ਤੋਂ ਡਰਦਿਆਂ ਜੂਠਾ ਖਾਣਾ ਅਤੇ ਮਲੀਣ ਰਹਿਣਾ ਆਦਿ ਕਰਮ ਗੁਰਮਤ ਅਨੁਸਾਰ ਕਰਤਾਰ ਨਾਲ ਜੁੜਣ ਦੇ ਸਨਮੁਖ ਥੋਥੇ ਹਨ। ਇਸ ਲਈ ਕਰਤਾਰ ਦੀ ਬਖ਼ਸ਼ਿਸ਼ ਇਸ ਮਨੁਖਾ ਜੀਵਨ ਨੂੰ ਕੁਦਰਤੀ ਢੰਗ ਨਾਲ ਜੀਵਿਆ ਜਾਵੇ। ਜੈਨੀ ਸਾਧੂਆਂ ਨੇ ਗੁਰੂ ਸਾਹਿਬ ਜੀ ਦੇ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਿਆ।

ਇਨ੍ਹਾਂ ਦੀ ਵਿਗੜੀ ਹੋਈ ਜੀਵਨ-ਚਾਲ ਬਾਬਤ ਗੁਰੂ ਪਾਤਸ਼ਾਹ ਜੀ ਨੇ ਸ਼ਬਦ ਵੀ ਉਚਾਰਨ ਕੀਤਾ ਹੈ:

ਇਕਿ ਜੈਨੀ ਉਝੜਿ ਪਾਇ ਧੁਰਹੁ ਖੁਆਇਆ॥ ਤਿਨ ਮੁਖਿ ਨਾਹੀ ਨਾਮੁ ਨਾ ਤੀਰਥਿ ਨਾਇਆ॥ ਹਥੀ ਸਿਰ ਖੋਹਾਇ ਨ ਭਦੁ ਕਰਾਇਆ॥ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ॥ ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ॥੧੬॥ ਗੁ.ਗ੍ਰ.ਸਾ. ਪੰਨਾ ੧੨੮੫

**ਸੋਮਨਾਥ**

ਪਾਲੀਟਾਣਾ ਤੋਂ ੧੬੦ ਕਿਲੋਮੀਟਰ ਅਥਵਾ ੧੦੦ ਕੁ ਮੀਲ ਦੀ ਦੂਰੀ 'ਤੇ ਹੈ ਇਥੋਂ ਦਾ ਪ੍ਰਸਿੱਧ ਅਸਥਾਨ ਸ੍ਰੀ ਸੋਮਨਾਥ ਜੋਤ੍ਰਿਲਿੰਗਾ ਮੰਦਿਰ। ਇਸ ਮੰਦਰ ਵਿਚ ਪੰਜ ਗਜ ਉੱਚੀ ਸ਼ਿਵ ਦੀ ਮੂਰਤਿ ਸੀ, ੧੦੨੪ ਈਸਵੀ ਵਿਚ ਮਹਿਮੂਦ ਗ਼ਜ਼ਨਵੀ ਨੇ ਮੰਦਰ ਨੂੰ ਤਬਾਹ ਕਰਦਿਆਂ ਇਸ ਮੂਰਤਿ ਦੇ ਚਾਰ ਟੋਟੇ ਕਰ ਕੇ ਦੋ ਗ਼ਜ਼ਨੀ,ਇਕ ਮੱਕੇ ਅਰ ਇਕ ਮਦੀਨੇ ਭੇਜ ਦਿੱਤੇ।ਇਸ ਮੰਦਰ ਵਿਚ ੫੬ ਥੰਮ ਸਨ ਜਿਨ੍ਹਾਂ 'ਤੇ ਰਤਨਾਂ ਦੀ ਜੜਤ ਕੀਤੀ ਹੋਈ ਸੀ ਅਰ ਇਕ ੨੦੦ ਮਨ ਸੋਨੇ ਦਾ ਜ਼ੰਜੀਰ ਛੱਤ ਨਾਲ ਲਟਕਦਾ ਸੀ।

ਸੋਮਨਾਥ ਦੇ ਪਤਨ ਦੇ ਨੇੜੇ ਹੀ ਹੈ ਤ੍ਰਿਵੇਣੀ ਭਾਵ ਤਿੰਨ ਦਰਿਆਵਾਂ ਦਾ ਸੰਗਮ।ਦੱਸਿਆ ਜਾਂਦਾ ਹੈ ਕਿ ਇਥੇ ਯਾਦਵ ਵੰਸ਼ੀ ਆਏ ਤਾਂ ਤੀਰਥ ਸ਼ਨਾਨ ਕਰਨ ਸਨ ਪਰ, ਨਸ਼ਾ ਪੀ ਕੇ ਬੋਲ-ਬੁਲਾਰ ਉਪਰੰਤ ਆਪਸ ਵਿਚ ਲੜ ਮਰੇ। ਕ੍ਰਿਸ਼ਨ ਜੀ ਜੋ ਉਸ ਸਮੇਂ ਤੱਕ ਕਾਫ਼ੀ ਬਿਰਧ ਹੋ ਗਏ ਸਨ, ਪਤਾ ਲੱਗਣ 'ਤੇ ਭਾਰੀ ਉਦਾਸ ਹੋਏ। ਪਰਭਾਸ ਖੇਤਰ ਵਿਚ ਇਕ ਪਿੱਪਲ ਥੱਲੇ ਆ ਲੇਟੇ। ਦੂਰੋਂ ਇਕ ਸ਼ਿਕਾਰੀ ਨੇ ਹਿਰਨ ਬੈਠਾ ਸਮਝ ਕੇ ਤੀਰ ਮਾਰਿਆ ਜੋ ਸ੍ਰੀ ਕ੍ਰਿਸ਼ਨ ਜੀ ਦੇ ਦੇਹਾਂਤ ਦਾ ਕਾਰਨ ਬਣਿਆ।ਦੇਹਾਂਤ ਸਥਾਨ 'ਤੇ ਹੀ ਹਿੰਦੂਆਂ ਨੇ ਮੰਦਰ ਅਤੇ ਭਲਕਾ (ਤੀਰ) ਸਰੋਵਰ ਕਾਇਮ ਕੀਤਾ।ਭਾਈ ਗੁਰਦਾਸ ਜੀ ਵੀ ਹਵਾਲਾ ਦੇਂਦੇ ਹਨ:

ਜਾਇ ਸੁਤਾ ਪਰਭਾਸ ਵਿਚਿ, ਗੋਡੇ ਉਤੇ ਪੈਰ ਪਸਾਰੇ। ਚਰਣ ਕਮਲ ਵਿਚਿ ਪਦਮ ਹੈ, ਝਿਲਮਿਲ ਝਿਲਕੈ ਵਾਂਗੀ ਤਾਰੇ। ਬਧਿਕ (ਸ਼ਿਕਾਰੀ) ਆਇਆ ਭਾਲਦਾ, ਮਿਰਗੈ (ਹਿਰਨ) ਜਾਣਿ ਬਾਣ ਲੈ ਮਾਰੇ।੨੩। ਵਾਰ ੧੦

**ਜੂਨਾਗੜ੍ਹ**

ਸੋਮਨਾਥ ਮੰਦਰ ਤੋਂ ਗੁਰੂ ਸਾਹਿਬ ਨੇ ਜੂਨਾਗੜ੍ਹ ਨੂੰ ਰੁਖ਼ ਕੀਤਾ ਜੋ ਕਰੀਬ ੯੩ ਕਿਲੋਮੀਟਰ ਅਥਵਾ ੫੮ ਮੀਲ ਦੀ ਦੂਰੀ 'ਤੇ ਬਿਲਕੁਲ ਇਥੋਂ ਉੱਤਰ ਵਿਚ ਹੈ।ਇਸ ਦਾ ਪੁਰਾਤਨ ਨਾਮ ਸੋਰਠ ਅਥਵਾ ਸੌਰਾਸ਼ਟਰ ਹੈ। ਕਿਉਂਕਿ ਜੂਨਾਗੜ੍ਹ ਤੋਂ ਕੇਵਲ ੧੦ ਮੀਲ ਦੀ ਦੂਰੀ 'ਤੇ ਗਿਰਨਾਰ ਪਰਬਤ ਹੈ ਜਿਸ ਕਾਰਨ ਇਸਨੂੰ ਗਿਰਨਾਰ ਵੀ ਲਿਖਿਆ ਬੋਲਿਆ ਜਾਂਦਾ ਹੈ।

ਜੂਨਾਗੜ੍ਹ ਵਿਚ ਪਾਤਸ਼ਾਹ ਜੀ ਦੋ ਪ੍ਰਸਿੱਧ ਮਹਾਤਮਾਵਾਂ ਨਰਸੀ ਅਤੇ ਦਾਤਾ ਗੰਜ ਬਖ਼ਸ਼ ਨੂੰ ਮਿਲੇ ਜਿਵੇਂ ਕਿ ਨਾਮ ਤੋਂ ਪ੍ਰਗਟ ਹੈ ਇਕ ਹਿੰਦੂ ਸੀ ਅਰ ਦੂਜਾ ਮੁਸਲਿਮ। ਜੂਨਾਗੜ੍ਹ ਦੇ ਨਵਾਬ ਦੀ ਮੌਜੂਦਗੀ ਵਿਚ ਇਹ ਮਿਲਾਪ ਹੋਇਆ ਜਿਸ ਵਿਚ ਲੰਮਾ ਸਮਾਂ ਧਰਮ ਚਰਚਾ ਹੁੰਦੀ ਰਹੀ। ਇਸ ਚਰਚਾ ਤੋਂ ਪ੍ਰਭਾਵਿਤ ਹੋ ਕੇ ਨਵਾਬ ਫ਼ੈਜ਼ ਬਖ਼ਸ਼ ਨੇ ਗੁਰੂ ਸਾਹਿਬ ਜੀ ਤੋਂ ਉਨ੍ਹਾਂ ਦੀਆਂ ਖੜਾਵਾਂ ਨਿਸ਼ਾਨੀ ਵਜੋਂ ਲੈ ਲਈਆਂ ਜੋ ਉਸ ਨੇ ਅਪਰਕੋਟ ਕਿਲ੍ਹੇ ਦੀ ਧਰਮਸਾਲਾ ਵਿਚ ਇਸ ਮਿਲਾਪ ਦੀ ਯਾਦ ਵਿਚ ਟਿਕਾ ਦਿੱਤੀਆਂ।

ਇਸ ਤੋਂ ਬਾਦ ਗੁਰੂ ਪਾਤਸ਼ਾਹ ਜੀ ਗਿਰਨਾਰ ਪਰਬਤ 'ਤੇ ਗਏ। ਇਸ ਦੀਆਂ ਪੰਜ ਚੋਟੀਆਂ ਹਨ: ਅੰਬਾ ਮਾਤਾ, ਗੋਰਖ ਨਾਥ, ਓਗਦ ਸਿਖਰ, ਗੁਰੂ ਦੱਤਾ-ਤ੍ਰੈ ਅਤੇ ਕਾਲਕਾ ਜੀ। ਇਥੇ ਸੰਨਿਆਸੀ, ਜੈਨੀ ਅਤੇ ਹੋਰ ਸੰਪਰਦਾਵਾਂ ਦੇ ਸਾਧੂਆਂ ਨਾਲ ਮਿਲਾਪ ਹੋਇਆ। ਇਸ ਸਮੇਂ ਪਾਤਸ਼ਾਹ ਜੀ ਨੇ ਸੋਰਠਿ ਰਾਗ ਵਿਚ ਸ਼ਬਦ ਗਾਇਣ ਕੀਤਾ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ॥ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ॥ ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ॥

ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ॥੧॥ ਗੁ.ਗ੍ਰ.ਸਾ. ਪੰਨਾ ੬੪੨

ਹਜ਼ੂਰ ਦੀ ਰਸੀਲੀ ਆਵਾਜ਼ ਵਿਚ ਸ਼ਬਦ ਸੁਣ ਕੇ ਮਹਾਤਮਾ ਲੋਕ ਨਿਹਾਲ ਹੋਏ। ਜਿਥੇ ਹਜ਼ੂਰ ਨੇ ਆਸਣ ਲਾਇਆ ਸੀ ਉਥੇ ਗੁਰਦੁਆਰਾ ਚਰਨ ਪਾਦੁਕਾ ਮੌਜੂਦ ਸੀ, ਇਥੇ ਸੁਥਰੇ-ਸ਼ਾਹੀ ਮਹਾਤਮਾ ਸੰਭਾਲ ਕਰਦੇ ਸਨ। ਡਾ. ਕ੍ਰਿਪਾਲ ਸਿੰਘ ਅਨੁਸਾਰ:

ਜੂਨਾਗੜ੍ਹ ਵਿਚ ਗੁਰੂ ਨਾਨਕ ਸਾਹਿਬ ਦਾ ਕੋਈ ਗੁਰਦੁਆਰਾ ਨਹੀਂ ਮਿਲਦਾ। ਕਹਿੰਦੇ ਹਨ ਕਿ ਜੂਨਾਗੜ੍ਹ ਵਿਚ 'ਨਾਥ ਜੀ ਕੇ ਗਲੀਚੇ' ਦੇ ਪਿਛੇ ਜਿਥੇ ਦੁਰਗਾ ਦਾ ਮੰਦਰ ਹੈ (ਧਾਰਾਗੜ੍ਹ ਦਰਵਾਜ਼ਾ), ਇਕ ਨਾਨਕਸ਼ਾਹੀ ਗੁਰਦੁਆਰਾ ਹੁੰਦਾ ਸੀ ਜਿਥੇ ਸੁਥਰੇਸ਼ਾਹੀ ਸਾਧੂ ਰਹਿੰਦੇ ਸਨ। ਹੁਣ ਸੁਥਰੇ-ਸ਼ਾਹੀ ਸਾਧੂ ਉਸ ਥਾਂ ਨੂੰ ਕਿਸੇ ਗ੍ਰਹਸਤੀ ਕੋਲ ਵੇਚ ਕੇ ਚਲੇ ਗਏ ਹਨ।ਪੰਨਾ ੬੧ ਜਨਮਸਾਖੀ ਪਰੰਪਰਾ

**ਸੁਦਾਮਾਪੁਰੀ, ਪੋਰਬੰਦਰ**

ਪੋਰਬੰਦਰ ਗੁਜਰਾਤ ਦੀ ਇਕ ਪ੍ਰਸਿਧ ਬੰਦਰਗਾਹ ਹੈ ਜੋ ਕਿ ਜੂਨਾਗੜ੍ਹ ਤੋਂ ਬਿਲਕੁਲ ਪੱਛਮ ਵਿਚ ੧੦੭ ਕਿਲੋਮੀਟਰ ਅਥਵਾ ੬੩ ਮੀਲ ਦੀ ਦੂਰੀ 'ਤੇ ਵਾਕਿਆ ਹੈ, ਰਸਤੇ ਵਿਚ ਮਾਧਵਪੁਰ ਲੰਘੇ ਜਿਥੇ ਸ੍ਰੀ ਕ੍ਰਿਸ਼ਨ ਜੀ ਦਾ ਵਿਆਹ ਹੋਇਆ ਸੀ।ਪੋਰਬੰਦਰ ਦਾ ਪੁਰਾਣਾ ਨਾਮ ਸੁਦਾਮਾ ਪੁਰੀ ਵੀ ਕਿਹਾ ਜਾਂਦਾ ਹੈ।ਸ੍ਰੀ ਕ੍ਰਿਸ਼ਨ ਜੀ ਦੇ ਹਮ-ਜਮਾਤੀ ਸੁਦਾਮਾ ਇਸੇ ਨਗਰ ਦੇ ਹੀ ਸਨ ਅਰ ਇਥੋਂ ਹੀ ਉਹ ਦੁਆਰਕਾ ਕ੍ਰਿਸ਼ਨ ਜੀ ਨੂੰ ਮਿਲਣ ਗਏ ਸਨ।ਭਾਈ ਗੁਰਦਾਸ ਜੀ ਇਸ ਦਾ ਹਵਾਲਾ ਦੇਂਦੇ ਹਨ:

ਬਿਪ ਸੁਦਾਮਾ ਦਾਲਿਦੀ (ਗਰੀਬ), ਬਾਲਸਖਾਈ ਮਿਤ੍ਰ ਸਦਾਏ।ਲਾਗੂ ਹੋਈ (ਉਲ੍ਹਾਮੇਂ ਦੇਂਦੀ) ਬਾਮ੍ਹਣੀ, ਮਿਲਿ ਜਗਦੀਸ਼ ਦਲਿਦ੍ਰ ਗਵਾਏ। ਚਲਿਆ ਗਣਦਾ ਗਟੀਆਂ (ਵਿਚਾਰਾਂ ਕਰਦਾ), ਕਿਉ ਕਰਿ ਜਾਈਐ ਕਉਣੁ ਮਿਲਾਏ।ਪਹੁਤਾ (ਪਹੁੰਚਾ) ਨਗਰਿ ਦੁਆਰਕਾ, ਸਿੰਘ ਦੁਆਰਿ ਖਲੋਤਾ ਜਾਏ।..੯।ਵਾਰ ੧੦

ਮਾਰਗ ਨਾਥ ਕੈ ਬਿਪ੍ਰ ਜਬੈ ਗ੍ਰਿਹ ਸ੍ਰੀ ਜਦੁਬੀਰ ਕੇ ਭੀਤਰਿ ਆਯੋ॥ਸ੍ਰੀ ਬ੍ਰਿਜਨਾਥ ਨਿਹਾਰਤ ਤਾਹਿ ਸੁ ਬਿਪ੍ਰ ਸੁਦਾਮਾ ਇਹੈ ਠਹਰਾਯੋ॥ ਆਸਣ ਤੇ ਉਠਿ ਆਤੁਰ ਹ੍ਵੈ ਅਤਿ ਪ੍ਰੀਤਿ ਬਢਾਇ ਕੈ ਲੈਬੇ ਕਉ ਧਾਯੋ॥ਪਾਇ ਪਰਿਓ ਤਿਹ ਕੋ ਹਰਿ ਜੀ ਫਿਰਿ ਸ੍ਯਾਮ ਭਨੈ ਉਠਿ ਕੰਠਿ ਲਗਾਯੋ॥੨੪੦੨॥ ਕ੍ਰਿਸ਼ਨਾ ਅਵਤਾਰ, ਦਸਮ ਗ੍ਰੰਥ

ਇਸ ਇਲਾਕੇ ਵਿਚ ਦਿਗੰਬਰ ਅਤੇ ਸ੍ਵੇਤੰਬਰ ਜੈਨੀਆਂ ਦੇ ਮੰਦਰਾਂ ਤੋਂ ਇਲਾਵਾ ਮੁਸਲਮਾਨ ਪੀਰ ਵੀ ਨਿਵਾਸ ਰਖਦੇ ਸਨ। ਗੁਰੂ ਪਾਤਸ਼ਾਹ ਜੀ ਇਨ੍ਹਾਂ ਧਰਮ ਮੁਖੀਆਂ ਨੂੰ ਮਿਲ ਕੇ ਦੁਆਰਕਾ ਨੂੰ ਰਵਾਨਾ ਹੋਏ।

**ਦੁਆਰਕਾ**

ਸੁਦਾਮਾਪੁਰੀ ਤੋਂ ਦੁਆਰਕਾ ਸਮੁੰਦਰ ਕੰਢੇ ਹੀ ਉੱਤਰ ਵਿਚ ੧੦੩ ਕਿਲੋਮੀਟਰ ਅਥਵਾ ੬੨ ਮੀਲ ਦੀ ਦੂਰੀ 'ਤੇ ਹੈ। ਆਖਿਆ ਜਾਂਦਾ ਹੈ ਕਿ ਇਸ ਨਗਰ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਆ ਕੇ ਵਸਾਇਆ ਸੀ।ਸਨਾਤਨੀ ਲੋਕਾਂ ਦੀ ਮਾਨਤਾ ਅਨੁਸਾਰ ਸੱਤ ਪੁਰੀਆਂ ਅਤੇ ਚਾਰ ਧਾਮਾਂ ਵਿਚੋਂ ਦੁਆਰਕਾ ਇਕ ਹੈ।ਇਥੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿਚ ਉਸਾਰਿਆ ਗਿਆ ਪ੍ਰਸਿਧ ਮੰਦਿਰ ਦੁਆਰਕਾ ਨਾਥ ਵੀ ਸਥਿਤ ਹੈ। ਇਥੇ ਹੀ ਸ੍ਰੀ ਕ੍ਰਿਸ਼ਨ ਜੀ ਦੀ 'ਰਣਛੋੜ' ਮੂਰਤਿ ਹੈ ਜੋ ਉਨ੍ਹਾਂ ਦੇ ਜਰਾਸਿੰਧ ਦਾ ਟਾਕਰਾ ਨਾ ਕਰ ਸੱਕਣ ਕਰ ਕੇ ਸਦਾ ਲਈ ਮਥਰਾ ਛੱਡ ਕੇ ਇਥੇ ਆ ਕੇ ਟਿਕਣ ਦੀ ਯਾਦ ਵਿਚ ਸਥਾਪਤ ਕੀਤੀ ਗਈ ਹੈ।ਇਸ ਦੇ ਨਾਲ ਹੀ ੩੩ ਕਿਲੋਮੀਟਰ ਅਥਵਾ ੨੦ ਮੀਲ ਦੀ ਦੂਰੀ 'ਤੇ ਦੁਆਰਕਾ ਬੇਟ, ਇਕ ਛੋਟਾ ਜਿਹਾ ਟਾਪੂ ਲਗਦਾ ਹੈ ਜਿਥੇ ਗੁਰੂ ਪਾਤਸ਼ਾਹ ਜੀ ਪਹੁੰਚੇ ਹਨ।

ਸਤਿਗੁਰਾਂ ਨੇ ਵੇਖਿਆ ਕਿ ਇਸ ਇਲਾਕੇ ਵਿਚ ਬਹੁਤ ਸਾਰੇ ਲੋਕਾਂ ਨੇ ਆਪਣੇ ਗਲਾਂ ਵਿਚ ਸ਼ਿਵਲਿੰਗ ਜਾਂ ਰਣਛੋੜ-ਮੂਰਤਿ ਪਾਈ ਹੋਈ ਸੀ। ਗੁਰੂ ਪਾਤਸ਼ਾਹ ਜੀ ਨੇ ਸਮਝਾਇਆ ਕਿ ਪਾਰਬ੍ਰਹਮ ਪਰਮੇਸ਼ਰ ਪੱਥਰ ਨਹੀਂ ਹੈ ਉਹ ਤਾਂ ਨਿਰੰਕਾਰ ਹੈ ਜੋ ਸਰਬ ਵਿਆਪਕ ਹੈ। ਅਜਿਹੇ ਕਰਤਾਰ ਨਾਲ ਸਾਂਝ ਪੱਥਰ ਦਾ ਲਿੰਗ ਜਾਂ ਮੂਰਤਿ ਗਲ ਵਿਚ ਪ੍ਰੋ ਕੇ ਨਹੀਂ ਬਣਦੀ, ਲੋੜ ਹੈ ਉਸ ਨੂੰ ਯਾਦ ਕਰਨ ਅਤੇ ਉਸ ਦੀ ਸਾਜੀ ਮਨੁੱਖਤਾ ਨਾਲ ਪਿਆਰ ਕਰਨ ਦੀ। ਜੇ ਕਰ ਅਸੀਂ ਉਸ ਨੂੰ ਨਾ ਯਾਦ ਕਰੀਏ ਅਰ ਨਾ ਹੀ ਉਸ ਦੀ ਸਾਜੀ ਮਨੁੱਖਤਾ ਨਾਲ ਪਿਆਰ ਕਰੀਏ ਤਾਂ ਤੀਰਥ ਸਥਾਨਾਂ 'ਤੇ ਆ ਕੇ ਵੀ ਸਾਡਾ ਜੀਵਨ ਸਫ਼ਲ ਨਹੀਂ ਹੁੰਦਾ।ਗੁਰੂ ਪਾਤਸ਼ਾਹ ਜੀ ਦੇ ਬਚਨਾਂ ਨਾਲ ਅਨੇਕਾਂ ਲੋਕ ਸੁਚੇਤ ਹੋਏ।ਅਜਿਹੇ ਭੁੱਲੜ ਲੋਕਾਂ ਬਾਬਤ ਦਸਮ ਪਾਤਸ਼ਾਹ ਹਜ਼ੂਰ ਦੇ ਵੀ ਬਚਨ ਹਨ:

ਕਾਹੂੰ ਲੈ ਪਾਹਨ (ਮੂਰਤਿ) ਪੂਜ ਧਰਿਓ ਸਿਰਿ, ਕਾਹੂੰ ਲੈ ਲਿੰਗ (ਸ਼ਿਵਲਿੰਗ) ਗਰੇ ਲਟਕਾਇਓ॥..

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥ ਪਾਤਸ਼ਾਹੀ ੧੦ ਤਵਪ੍ਰਸਾਦਿ ਸਵਈਏ

ਬੇਟ ਦੁਆਰਕਾ ਵਿਚ ਸੰਤ-ਤਲਾਈ ਦੇ ਕਿਨਾਰੇ ਜਿਥੇ ਪਾਤਸ਼ਾਹ ਜੀ ਬਿਰਾਜੇ ਸਨ ਉਥੇ ਗੁਰੂ ਨਾਨਕ ਗੁਰਦੁਆਰਾ ਮੌਜੂਦ ਹੈ।ਇਸ ਤੋਂ ਇਲਾਵਾ ਭਾਈ ਮੋਹਕਮ ਸਿੰਘ ਜੀ ਜੋ ਵੈਸਾਖੀ ੧੬੯੯ ਈਸਵੀ ਨੂੰ ਸੀਸ ਭੇਟ ਕਰ ਕੇ ਸਿੰਘ ਸਜੇ ਸਨ,ਦਾ ਯਾਦਗਾਰੀ ਸਥਾਨ ਵੀ ਪ੍ਰੇਮੀ ਸਿੱਖਾਂ ਨੇ ਬਣਾਇਆ ਹੋਇਆ ਹੈ।

**ਮਾਂਡਵੀ-ਵਾਮ ਮਾਰਗੀ**

ਗੁਰੂ ਪਾਤਸ਼ਾਹ ਜੀ ਨੇ ਬੇਟ ਦੁਆਰਕਾ ਤੋਂ ਮਾਂਡਵੀ ਪਹੁੰਚਣ ਦਾ ਮਨ ਬਣਾਇਆ ਜਿਸ ਦੇ ਦੋ ਰਸਤੇ ਇਥੋਂ ਨਿਕਲਦੇ ਹਨ: ਪਹਿਲਾ ਹੈ ਪੈਦਲ ਜਿਸ ਰਾਹੀਂ ਮਾਂਡਵੀ ੪੩੩ ਕਿਲੋਮੀਟਰ ਅਥਵਾ ਅੰਦਾਜ਼ਨ ੨੬੧ ਮੀਲ ਦੀ ਦੂਰੀ 'ਤੇ ਹੈ, ਦੂਸਰਾ ਹੈ ਓਖਾ ਬੰਦਰ ਤੋਂ ਕੇਵਲ ੪੩ ਕਿਲੋਮੀਟਰ ਅਥਵਾ ੨੭ ਮੀਲ ਅਰ ਜਿਥੇ ਬੇਟ ਦੁਆਰਕਾ ਵਿਚ ਪਾਤਸ਼ਾਹ ਜੀ ਹੁਣ ਠਹਿਰੇ ਹੋਏ ਸਨ ਓਥੋਂ ਓਖਾ ਕੇਵਲ ੭ ਕਿਲੋਮੀਟਰ ਅਥਵਾ ੫ ਮੀਲ ਹੈ। ਅਸੀਂ ਸਮਝਦੇ ਹਾਂ ਕਿ ਸਾਹਿਬ ਜੀ ਓਖਾ ਬੰਦਰ ਤੋਂ ਹੀ ਬੇੜੇ 'ਤੇ ਸਵਾਰ ਹੋ ਕੇ ਮਰਦਾਨਾ ਜੀ ਸਹਿਤ ਮਾਂਡਵੀ ਬੰਦਰ ਪਹੁੰਚੇ। ਮਾਂਡਵੀ ਕੱਛ ਦੇ ਇਲਾਕੇ ਦੀ ਬੰਦਰਗਾਹ ਹੈ ਜਿਸ ਦੇ ਨੇੜੇ ਹੀ ਅੰਜਾਰ ਅਤੇ ਭੁਜ ਨਗਰ ਹਨ। ਇਨ੍ਹਾਂ ਇਲਾਕਿਆਂ ਵਿਚ ਉਸ ਸਮੇਂ ਵਾਮ ਮਾਰਗੀਆਂ ਦੀ ਗਿਣਤੀ ਬਹੁਤ ਸੀ ਜੋ ਉਨ੍ਹੀਂ ਦਿਨੀਂ ਦੀਵਾਲੀ 'ਤੇ ਇਕੱਠੇ ਹੋ ਰਹੇ ਸਨ, ਜਗਤ ਗੁਰੂ ਸਾਹਿਬ ਜੀ ਦਾ ਇਰਾਦਾ ਸੀ, ਇਨ੍ਹਾਂ ਨੂੰ ਸੰਬੋਧਨ ਕਰਨ ਦਾ।

**ਭਾਈ ਕਾਨ੍ਹ ਸਿੰਘ ਜੀ ਅਨੁਸਾਰ:**

ਤੰਤ੍ਰ ਸ਼ਾਸਤ੍ਰ ਦੀ ਰੀਤਿ ਅਨੁਸਾਰ ਸ਼ੈਵ ਲੋਕਾਂ ਦਾ ਚਲਾਇਆ ਇਕ ਮਾਰਗ (ਪੰਥ), ਜਿਸ ਵਿਚ ਮਾਂਸ ਮਦਿਰਾ ਆਦਿ ਦਾ ਵਰਤਣਾ ਧਰਮ ਦਾ ਅੰਗ ਹੈ, ਵੈਸ਼ਨਵ ਹਿੰਦੂਆਂ ਦੇ ਕਥਨ ਅਨੁਸਾਰ ਵਾਮ (ਟੇਢਾ) ਮਾਰਗ।ਅਸਲ ਵਿਚ ਵਾਮ ਮਾਰਗ ਦਾ ਅਰਥ ਇਹ ਹੈ ਕਿ ਸ਼ਾਸਤ੍ਰਾਂ ਵਿਚ ਸ਼ਿਵ ਦੀ ਇਕ ਅਜਿਹੀ ਮੂਰਤਿ ਮੰਨੀ ਹੈ ਜਿਸ ਦਾ ਸੱਜਾ ਪਾਸਾ ਨਰ ਅਤੇ ਵਾਮ (ਖੱਬਾ) ਨਾਰੀ ਦਾ ਹੈ, ਜੋ ਸੱਜੇ ਦੇ ਉਪਾਸ਼ਕ ਹਨ ਉਹ ਦਖਿਸ਼ਣ ਅਤੇ ਵਾਮ (ਖੱਬੇ) ਦੇ ਉਪਾਸ਼ਕ ਵਾਮ ਮਾਰਗੀ ਹਨ। ਵਾਮ ਮਾਰਗੀਆਂ ਦੇ ਕਈ ਇਕ ਸੰਕੇਤ ਇਸ ਤਰਹ ਹਨ: ਸ਼ੁਧ (ਮਾਂਸ), ਤੀਰਥ (ਮਦਿਰਾ), ਪਦਮ (ਸ਼ਰਾਬ ਦਾ ਪਿਆਲਾ), ਵਿਆਸ (ਗੰਢਾ), ਸ਼ੁਕਦੇਵ (ਲਸਣ), ਦੀਖਿਅਤ (ਕਲਾਲ), ਪ੍ਰਯਾਗ ਸੇਵੀ (ਵੇਸਵਾਗਾਮੀ), ਕਾਸ਼ੀਸੇਵੀ (ਚੰਡਾਲੀ ਭੋਗਣ ਵਾਲਾ), ਯੋਗੀ (ਵਿਭਚਾਰੀ) ਆਦਿ। ਪੰਨਾ ੧੦੯੧ ਮਹਾਨਕੋਸ਼ ਬਾਕੀ ਅਗਲੇ ਅੰਕ 'ਚ ਪੜ੍ਹੋ

ਵਿਸ਼ੇਸ਼ ਲੇਖ

ਅਪੂਰਵਾਨੰਦ



# ਕੋਰੋਨਾ: ਸਮਾਜ ਹੋਰ ਡਰਾਉਣਾ, ਹਿੰਸਕ ਅਤੇ ਜ਼ਾਲਮ ਕਿਉਂ ਬਣ ਗਿਆ ?

ਜਦੋਂ ਦਾ ਭਾਰਤ ਵਿਚ ਕੋਰੋਨਾ ਆਇਆ ਹੈ, ਡਰ, ਦਹਿਸ਼ਤ, ਨਫ਼ਰਤ ਸਾਡੀ ਸੋਚ ਦਾ ਆਧਾਰ ਬਣ ਗਏ ਹਨ। ਜਦੋਂ ਪ੍ਰਧਾਨ ਮੰਤਰੀ ਮੋਦੀ ਜੀ ਵਲੋਂ ਕੋਰੋਨਾ ਖਿਲਾਫ਼ ਲੜਾਈ ਦਾ ਐਲਾਨ ਕੀਤਾ ਗਿਆ ਸੀ ਤਾਂ ਹਰ ਦੇਸ਼ ਵਾਸੀ ਨੂੰ ਯੋਧਾ ਦੀ ਉਪਾਧੀ ਦਿੱਤੀ ਗਈ ਸੀ। ਇਹ ਕਿਹਾ ਜਾਂਦਾ ਸੀ ਕਿ ਸਾਰੇ ਦੇਸ਼ ਨੂੰ ਮਿਲ ਕੇ ਲੜਨਾ ਹੋਵੇਗਾ। ਹੈਲੀਕਾਪਟਰਾਂ ਰਾਹੀਂ ਫੁੱਲਾਂ ਦੀ ਵਰਖਾ ਡਾਕਟਰਾਂ, ਪੁਲੀਸ ਵਾਲਿਆਂ, ਸਫਾਈ ਕਰਮਚਾਰੀਆਂ 'ਤੇ ਹੋਈ। ਪਰ ਤੁਹਾਨੂੰ ਇਨ੍ਹਾਂ ਦੋ ਮਹੀਨਿਆਂ ਵਿੱਚ ਬਹਾਦਰੀ ਦੀਆਂ ਕਿੰਨੀਆਂ ਤਸਵੀਰਾਂ ਯਾਦ ਹਨ ?

ਅਮੀਰ ਲੋਕ ਜੋ ਆਰਥਿਕ ਤੌਰ 'ਤੇ ਮਜ਼ਬੂਤ ਸਾਮਾਜਿਕ ਤੌਰ 'ਤੇ ਸੁਰੱਖਿਅਤ ਸਨ, ਉਹ ਇਸ ਵਾਇਰਸ ਦੌਰਾਨ ਸਭ ਤੋਂ ਵੱਧ ਕਿਉਂ ਡਰੇ ਹੋਏ ਹਨ। ਵੱਡੀਆਂ ਗੇਟਡ ਕਲੋਨੀਆਂ ਵੱਲ ਦੇਖੋ, ਜਿਸ ਉੱਪਰ ਤਾਲੇ ਜੜੇ ਹੋਏ ਹਨ। ਕੋਈ ਦੂਸਰਾ ਵਿਅਕਤੀ ਆ ਜਾ ਨਹੀਂ ਸਕਦਾ। ਇਹ ਅਮੀਰ ਲੋਕ ਸਿਹਤ ਤੇ ਆਪਣੀ ਹੋਂਦ ਪੱਖੋ ਸਭ ਤੋਂ ਵੱਧ ਸੁਰੱਖਿਅਤ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਤੋਂ ਵਧ ਡਰੇ ਹੋਏ ਹਨ। ਹਾਲਾਂਕਿ ਉਨ੍ਹਾਂ ਕੋਲ ਪੈਸਾ ਵੀ ਹੈ ਅਤੇ ਸਿਆਸੀ ਤੇ ਸਰਕਾਰੀ ਪਹੁੰਚ ਵੀ ਹੈ। ਇਸ ਦੇ ਬਾਵਜੂਦ ਉਹ ਸਭ ਤੋਂ ਜ਼ਿਆਦਾ ਮੌਤ ਤੋਂ ਡਰੇ ਹੋਏ ਹਨ। ਇਸੇ ਡਰ ਕਾਰਨ ਉਨ੍ਹਾਂ ਸਮਾਜ ਨਾਲੋਂ ਨਾਤਾ ਤੋੜ ਲਿਆ ਹੈ।

ਕੋਰੋਨਾ ਵਾਇਰਸ ਤੋਂ ਬਚਣ ਲਈ ਸ਼ੋਸ਼ਲ ਡਿਸਟੈਂਸਿੰਗ ਇਸ ਅਮੀਰ ਸ਼੍ਰੇਣੀ ਦੀ ਹੋਂਦ ਦਾ ਤਰਕ ਹੈ। ਸਮਾਜਿਕ ਦੂਰੀ ਭਾਰਤੀ ਰਾਜਨੀਤੀ ਦਾ ਇੱਕ ਸਿਧਾਂਤ ਵੀ ਹੈ। ਇਹ ਰਾਜਨੀਤਕ ਸਿਧਾਂਤ ਨੇਤਾਵਾਂ ਨੂੰ ਆਮ ਲੋਕਾਂ ਤੋਂ ਦੂਰ ਰੱਖਦਾ ਹੈ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਇਕ ਬਿਆਨ ਜਾਰੀ ਕੀਤਾ ਕਿ ਪੂਰੀ ਦੁਨੀਆਂ ਵਿਚ ਨਸਲੀ ਰਾਸ਼ਟਰਵਾਦ ਦੀ ਸੁਨਾਮੀ ਆਈ ਹੋਈ ਹੈ। ਯਹੂਦੀ ਮੁਸਲਿਮ ਅਤੇ ਪਰਵਾਸੀ ਵਿਰੋਧੀ ਪ੍ਰਦਰਸ਼ਨ ਹੋ ਚੁੱਕੇ ਹਨ। ਉਸਨੇ ਕਿਹਾ, 'ਵਿਦੇਸ਼ੀ ਲੋਕਾਂ ਖਿਲਾਫ ਨਸਲਵਾਦੀ ਵਰਤਾਰਾ ਜਾਰੀ ਹੈ।

ਯਹੂਦੀਆਂ ਵਿਰੁੱਧ ਸਾਜ਼ਿਸ਼ ਦਾ ਦੌਰ ਜਾਰੀ ਹੈ ਅਤੇ ਕੋਵਿਡ -19 ਦੇ ਬਹਾਨੇ ਮੁਸਲਮਾਨਾਂ 'ਤੇ ਵੀ ਹਮਲੇ ਹੋ ਰਹੇ ਹਨ। ਇਸ ਸਮੇਂ ਦੌਰਾਨ ਘੱਟ ਗਿਣਤੀਆਂ, ਪ੍ਰਵਾਸੀਆਂ ਤੇ ਸ਼ਰਨਾਰਥੀਆਂ ਨੂੰ ਵਾਇਰਸ ਦਾ ਸਰੋਤ ਦੱਸਿਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਡਾਕਟਰੀ ਸਹੂਲਤਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਟਲੀ ਵਿਚ ਬਜ਼ੁਰਗ ਲੋਕਾਂ ਨਾਲ ਮਾੜਾ ਵਰਤਾਰਾ ਕੀਤਾ ਗਿਆ। ਸੜਕਾਂ 'ਤੇ ਬਜ਼ੁਰਗ ਲੋਕਾਂ ਨੂੰ ਪਹਿਲਾਂ ਹੀ ਮਰਨਾ ਛੱਡ ਦਿੱਤਾ ਗਿਆ। ਇਸ ਵਾਇਰਸ ਦੌਰਾਨ ਇਹ ਸਮਾਜਿਕ ਦੂਰੀਆਂ ਜੋ ਦਿਲ ਦੀਆਂ ਦੂਰੀਆਂ ਬਣ ਗਈਆਂ ਉਹ ਕਿੰਨੀਆਂ ਖਤਰਨਾਕ ਤੇ ਘਾਤਕ ਹਨ।

ਪਰ ਇਸ ਨਫ਼ਰਤੀ ਵਾਇਰਸਾਂ ਤੇ ਅਖੌਤੀ ਰਾਸ਼ਟਰਵਾਦੀ ਪੜਾਅ ਵਿਚ ਇਹ ਮਨੁੱਖਤਾ ਨੂੰ ਸਮਝਣਾ ਮੁਸ਼ਕਲ ਹੋ ਰਿਹਾ ਹੈ। ਅਖੌਤੀ ਰਾਸ਼ਟਰਵਾਦੀ ਪਹਿਲਾਂ ਹੀ ਆਪਣੇ ਦੇਸ਼ ਦੇ ਸਰੀਰ ਨੂੰ ਬਾਹਰੀ ਭ੍ਰਿਸ਼ਟਾਚਾਰ ਤੋਂ ਬਚਾਉਣ ਦੀ ਮੁਹਿੰਮ ਵਿਚ ਲੱਗੇ ਹੋਏ ਹਨ। ਇਸ ਲਈ ਉਨ੍ਹਾਂ ਨੂੰ ਬਿਮਾਰੀ ਦੇ ਸਰੋਤ ਦੀ ਪਛਾਣ ਕਰਨ ਦਾ ਅਧਿਕਾਰ ਮਿਲਿਆ ਹੈ ਅਤੇ ਨਵਾਂ ਜੋਸ਼ ਵੀ। ਇਹ ਫਿਰਕੂ ਹਿੰਸਾ ਨਾਲ ਉਤਸ਼ਾਹਿਤ ਤੇ ਰਾਸ਼ਟਰ ਦਾ ਰਾਖਾ ਬਣਨ ਦੀ ਇੱਛਾ ਵਿਚ ਅਖੌਤੀ ਰਾਸ਼ਟਰਵਾਦੀ ਅਨੰਦ ਵਿਚ ਡੁੱਬੇ ਹੋਏ ਹਨ। ਭਾਰਤ ਵਿਚ ਮੁਸਲਮਾਨਾਂ ਵਿਰੁੱਧ ਨਫ਼ਰਤ ਅਤੇ ਹਿੰਸਾ, ਜੋ ਕਿ ਪਹਿਲਾਂ ਹੀ ਉਨ੍ਹਾਂ ਪ੍ਰਤੀ ਨਵੇਂ ਨਾਗਰਿਕਤਾ ਕਾਨੂੰਨ ਦੇ ਵਾਤਾਵਰਨ ਵਿਚ ਜ਼ਾਹਰ ਕੀਤੀ ਜਾ ਰਹੀ ਸੀ ਤੇ ਹੁਣ ਕੋਰੋਨਾ ਵਾਇਰਸ ਕਾਰਨ ਇਹ ਨਫ਼ਰਤ ਦਾ ਭਿਅੰਕਰ ਯੁੱਧ ਖੇਡਿਆ ਜਾ ਰਿਹਾ ਹੈ। ਤਬਲੀਗੀ ਜਮਾਤ ਨੂੰ ਕੋਰੋਨਾ ਸੰਕਰਮ ਦਾ ਸਭ ਤੋਂ ਵੱਡਾ ਸਰੋਤ ਦੱਸਿਆ ਜਾ ਰਿਹਾ ਹੈ। ਮੁਸਲਮਾਨਾਂ ਦਾ ਆਰਥਿਕ ਬਾਈਕਾਟ ਕੀਤਾ ਜਾ ਰਿਹਾ ਹੈ। ਉਨ੍ਹਾਂ 'ਤੇ ਮਾਨਸਿਕ ਤੇ ਸਰੀਰਕ ਹਮਲੇ ਕੀਤੇ ਜਾ ਰਹੇ ਹਨ। ਅਸੀਂ ਜਾਣਦੇ ਹਾਂ ਕਿ ਇਸ ਕੋਰੋਨਾ ਵਾਇਰਸ ਦੇ ਲੰਘ ਜਾਣ ਤੋਂ ਬਾਅਦ ਵੀ ਹਰ ਪਿੰਡ ਵਿਚ ਮੁਸਲਮਾਨਾਂ ਵਿਚ ਇਹ ਡਰ ਬਣਿਆ ਰਹੇਗਾ। ਰੋਹਿੰਗਿਆ ਸ਼ਰਨਾਰਥੀ ਵੀ ਇਸ ਨਸਲਵਾਦੀ ਨਫ਼ਰਤ ਦਾ ਸ਼ਿਕਾਰ ਹੋਏ ਹਨ।

ਭਾਰਤ ਵਿਚ ਨੇਤਾਵਾਂ ਦੀ ਕਮੀ ਨਹੀਂ ਹੈ। ਪਰ ਇਹ ਸਾਰੇ ਨੇਤਾ ਇਸ ਨਵੇਂ ਵਾਇਰਸ ਕੋਰੋਨਾ ਤੋਂ ਡਰੇ ਹੋਏ ਹਨ। ਉਹਨਾਂ ਕੋਲ ਲੋਕਾਂ ਦੀ ਅਗਵਾਈ ਕਰਨ ਦੀ ਹਿੰਮਤ ਨਹੀਂ ਹੈ। ਜੇ ਹਿੰਮਤ ਹੁੰਦੀ ਤਾਂ ਉਹ ਇਸ ਸੰਕਟ ਦਾ ਸ਼ਿਕਾਰ ਘੱਟ ਗਿਣਤੀਆਂ ਦੇ ਹੱਕ ਵਿਚ ਖਲੋਂਦੇ ਜੋ ਨਫਰਤੀ ਵਾਇਰਸਾਂ ਦਾ ਸ਼ਿਕਾਰ ਬਣੇ ਹੋਏ ਹਨ ਤੇ ਸਾਮਾਜਿਕ ਬਾਈਕਾਟ ਦਾ ਦੁਖਾਂਤ ਹੰਢਾ ਰਹੇ ਹਨ। ਸਾਨੂੰ ਇਸ ਬਾਰੇ ਭਾਜਪਾ ਤੋਂ ਉਮੀਦ ਨਹੀਂ ਹੈ ਕਿ ਉਹ ਕਮਜ਼ੋਰ ਲੋਕਾਂ ਦੀ ਰਾਖੀ ਕਰੇਗੀ, ਪਰ ਸੁਆਲ ਇਹ ਹੈ ਕਿ ਦੂਜੀਆਂ ਪਾਰਟੀਆਂ ਨੇ ਇਸ ਮੁਸਲਿਮ ਵਿਰੋਧੀ ਨਫ਼ਰਤ ਵਿਰੁੱਧ ਕੋਈ ਮੁਹਿੰਮ ਕਿਉਂ ਨਹੀਂ ਚਲਾਈ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਇਸ ਤਰ੍ਹਾਂ ਦਾ ਬਿਆਨ ਵੀ ਨਹੀਂ ਦਿੱਤਾ। ਕੀ ਇਹ ਨਫ਼ਰਤੀ ਵਰਤਾਰਾ ਇਕ ਸਾਧਾਰਨ ਗੱਲ ਹੈ ?

ਉਰਵਿਸ਼ ਕੋਠਾਰੀ ਦੱਖਣੀ ਅਫਰੀਕਾ ਵਿੱਚ ਗਾਂਧੀ ਦੇ ਦਿਨਾਂ ਨੂੰ ਯਾਦ ਕਰਦੇ ਹਨ।1904 ਦੌਰਾਨ ਗਾਂਧੀ ਨੇ ਜੋਹਾਨਸਬਰਗ ਵਿਚ ਫੈਲ ਰਹੀ ਮਹਾਂਮਾਰੀ ਦੇ ਦੌਰਾਨ ਬਿਮਾਰ ਲੋਕਾਂ ਦੀ ਸੇਵਾ ਕਰਕੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਦਿੱਤਾ ਤੇ ਨਸਲਵਾਦ ਵਿਰੁਧ ਮੁਹਿੰਮ ਵੀ ਛੇੜੀ। ਪਰ ਅੱਜ ਦੇ ਨੇਤਾ ਕੀ ਕਰ ਰਹੇ ਹਨ ਅਤੇ ਉਹ ਕਿੱਥੇ ਦਿਖਾਈ ਦਿੰਦੇ ਹਨ ? ਮੁਸਲਮਾਨਾਂ 'ਤੇ ਹਮਲਿਆਂ ਦੇ ਵਿਰੁੱਧ ਸਾਡੇ ਨੇਤਾ ਕਿੱਥੇ ਹਨ ? ਕੌਣ ਹੈ ਉਨ੍ਹਾਂ ਮਨੁੱਖਾਂ ਦੇ ਨੇੜੇ ਜੋ ਭੁੱਖੇ, ਪਿਆਸੇ, ਰੇਲ ਦੇ ਹੇਠਾਂ ਤੁਰਦੇ, ਮਰ ਰਹੇ ਹਨ। ਉਨ੍ਹਾਂ ਦਾ ਹੌਂਸਲਾ ਤੋੜਿਆ ਜਾ ਰਿਹਾ ਹੈ। ਪਰ ਸਾਡੇ ਨੇਤਾ ਕਿੱਥੇ ਹਨ ?

ਦੋ ਮਹੀਨਿਆਂ ਦੌਰਾਨ ਕੋਰੋਨਾ ਦੀ ਲਾਗ ਦੀ ਦਹਿਸ਼ਤ ਕਾਰਨ ਭਾਰਤੀ ਸਮਾਜ ਪਹਿਲਾਂ ਨਾਲੋਂ ਵਧੇਰੇ ਡਰਾਉਣਾ ਹੋ ਗਿਆ ਹੈ। ਇਸ ਲਈ ਉਹ ਵਧੇਰੇ ਸੁਆਰਥੀ, ਵਧੇਰੇ ਸ਼ੱਕੀ, ਦੂਜਿਆਂ ਨਾਲੋਂ ਵਧੇਰੇ ਦੂਰ ਹੈ ਅਤੇ ਇਨ੍ਹਾਂ ਕਾਰਨਾਂ ਕਰਕੇ ਵਧੇਰੇ ਹਿੰਸਕ ਅਤੇ ਜ਼ਾਲਮ ਹੈ। ਇਸ ਲਈ ਨਫ਼ਰਤ ਫੈਲਾ ਰਿਹਾ ਹੈ। ਸਾਨੂੰ ਉਨ੍ਹਾਂ ਨਾਲ ਗੱਲ ਨਹੀਂ ਕਰਨੀ ਚਾਹੀਦੀ ਜੋ ਇਸ ਵਾਰ ਮਨੁੱਖਤਾ ਦੀ ਯਾਦ ਨੂੰ ਕਾਇਮ ਰੱਖਣ ਲਈ ਭੱਜੇ ਭੁੱਖੇ ਪਿਆਸੇ ਲੋਕਾਂ ਨੂੰ ਕੁਝ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਜੋ ਲੋਕਾਂ ਲਈ ਖੜ੍ਹੇ ਹਨ ਤੇ ਸੰਘਰਸ਼ ਕਰ ਰਹੇ ਹਨ। ਚਾਹੇ ਉਹ ਪੱਤਰਕਾਰ ਹਨ, ਬੁੱਧੀਜੀਵੀ ਹਨ ਜਾਂ ਮਨੁੱਖੀ ਅਧਿਕਾਰ ਸੰਗਠਨਾਂ ਦੇ ਆਗੂ ਹਨ। ਇਹ ਸਰਕਾਰ ਦੀ ਅਕਲ ਹੈ ਜੋ ਉਨ੍ਹਾਂ 'ਤੇ ਨਜ਼ਰ ਰੱਖ ਰਹੀ ਹੈ, ਅਤੇ ਉਨ੍ਹਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੀ ਹੈ। ਕਿਤੇ ਸਾਡਾ ਸਮਾਜ ਕਾਇਰਤਾਪੂਰਣ ਸਮਾਜ ਦੀ ਸਿਰਜਣਾ ਵਲ ਤਾਂ ਨਹੀਂ ਵੱਧ ਰਿਹਾ ?

## ਫੈਨ ਨੇ ਰਵੀਨਾ ਟੰਡਨ ਨੂੰ ਕੀਤਾ ਪ੍ਰਪੋਜ਼, ਅਦਾਕਾਰਾ ਨੇ ਦਿੱਤਾ ਮਜ਼ੇਦਾਰ ਜਵਾਬ



ਮੁੰਬਈ-ਬਾਲੀਵੁੱਡ ਅਦਾਕਾਰਾ ਰਵੀਨਾ ਟੰਡਨ ਨੇ ਆਪਣੀਆਂ ਬਹੁਤ ਸਾਰੀਆਂ ਖੂਬਸੂਰਤ ਤਸਵੀਰਾਂ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀਆਂ ਹਨ। ਇਹ ਉਨ੍ਹਾਂ ਦੀਆਂ ਛੁੱਟੀਆਂ ਦੀਆਂ ਤਸਵੀਰਾਂ ਹਨ, ਜਿਸ ਵਿਚ ਉਹ ਆਪਣੇ ਪਤੀ ਨਾਲ ਨਜ਼ਰ ਆ ਰਹੀ ਹੈ। ਤਸਵੀਰਾਂ ਸ਼ੇਅਰ ਕਰਨ ਦੇ ਨਾਲ ਰਵੀਨਾ ਟੰਡਨ ਨੇ ਲਿਖਿਆ, "ਜਦੋਂ ਗਰਮੀ ਬਰਦਾਸ਼ਤ ਨਾ ਹੋਵੇ ਤਾਂ ਤਾਂ ਮੇਰਾ ਦਿਲ ਬਰਫੀਲੀ ਛੁੱਟੀਆਂ ਦੇ ਸੁਪਨੇ ਵੇਖਣਾ ਸ਼ੁਰੂ ਕਰ ਦਿੰਦਾ ਹੈ।"

ਇਨ੍ਹਾਂ ਵਿੱਚੋਂ ਇੱਕ ਤਸਵੀਰ 'ਤੇ ਟਿੱਪਣੀ ਕਰਦਿਆਂ ਫੈਨ ਨੇ ਰਵੀਨਾ ਨੂੰ ਆਪਣੇ ਨਾਲ ਵਿਆਹ ਲਈ ਪ੍ਰਪੋਜ਼ ਕਰ ਦਿੱਤਾ। ਉਸ ਨੇ ਲਿਖਿਆ, "ਰਵੀਨਾ ਮੈਮ, ਕੀ ਅਗਲੇ ਜਨਮ ਵਿਚ ਤੁਸੀਂ ਮੇਰੇ ਨਾਲ ਵਿਆਹ ਕਰੋਗੇ ?" ਰਵੀਨਾ ਨੇ ਇਸ ਫੈਨ ਦੇ ਸਵਾਲ ਦਾ ਜਵਾਬ ਦੇ ਕੇ ਸਾਰਿਆਂ ਦਾ ਦਿਲ ਜਿੱਤ ਲਿਆ। ਉਨ੍ਹਾਂ ਨੇ ਜਵਾਬ ਵਿਚ ਲਿਖਿਆ, "ਸੌਰੀ ਸੱਤ ਜਨਮਾਂ ਦੀ ਪਹਿਲਾਂ ਹੀ ਬੁਕਿੰਗ ਹੈ।"

## ਪਰਿਣੀਤੀ 4000 ਦਿਹਾੜੀਦਾਰ ਪਰਿਵਾਰਾਂ ਲਈ ਭੋਜਨ ਦਾ ਕਰੇਗੀ ਪ੍ਰਬੰਧ

ਮੁੰਬਈ-ਬਾਲੀਵੁੱਡ ਅਭਿਨੇਤਰੀ ਪਰਿਣੀਤੀ ਚੋਪੜਾ ਕੋਰੋਨਾ ਵਾਇਰਸ ਸੰਕਟ ਦੇ ਦੌਰਾਨ ਰੋਜ਼ਾਨਾ ਇਕ ਹਜ਼ਾਰ ਮਜ਼ਦੂਰਾਂ ਦੇ ਪਰਿਵਾਰ ਦੀ ਮਦਦ ਲਈ ਅੱਗੇ ਆਈ ਹੈ। ਕੋਰੋਨਾ ਦੀ ਤਬਾਹੀ ਕਾਰਨ ਉਨ੍ਹਾਂ ਲੋਕਾਂ ਦੇ ਸਾਹਮਣੇ ਰੋਜ਼ਮਰ੍ਹਾ ਦੀ ਜ਼ਰੂਰਤ ਨੂੰ ਪੂਰਾ ਕਰਨਾ ਵੀ ਮੁਸ਼ਕਲ ਹੈ ਜੋ ਰੋਜ਼ਾਨਾ ਮਜ਼ਦੂਰੀ ਕਰਕੇ ਪੈਸੇ ਕਮਾਉਂਦੇ ਹਨ। ਬਹੁਤ ਸਾਰੇ ਮਸ਼ਹੂਰ ਲੋਕਾਂ ਨੇ ਬਹੁਤ ਸਾਰੀਆਂ ਮੁਹਿੰਮਾਂ ਚਲਾ ਕੇ ਉਨ੍ਹਾਂ ਜ਼ਰੂਰਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ।



ਹੁਣ ਇਸ ਸੂਚੀ ਵਿਚ ਪਰਿਣੀਤੀ ਚੋਪੜਾ ਦਾ ਨਾਮ ਵੀ ਸ਼ਾਮਲ ਹੋ ਗਿਆ ਹੈ। ਪਰਿਣੀਤੀ ਚੋਪੜਾ ਰੋਜ਼ਾਨਾ ਦਿਹਾੜੀਦਾਰ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ ਹੈ। ਪਰਿਣੀਤੀ ਇੱਕ ਮੁਹਿੰਮ ਨਾਲ ਜੁੜੀ ਹੋਈ ਹੈ ਜਿਸਦਾ ਉਦੇਸ਼ ਲੋੜਵੰਦਾਂ ਨੂੰ ਰਾਸ਼ਨ ਸਮੱਗਰੀ ਪ੍ਰਦਾਨ ਕਰਨਾ ਹੈ। ਪਰਿਣੀਤੀ 1000 ਦਿਹਾੜੀਦਾਰ ਕਾਮਿਆਂ ਦੇ 4000 ਪਰਿਵਾਰਕ ਮੈਂਬਰਾਂ ਨੂੰ ਭੋਜਨ ਦਾ ਪ੍ਰਬੰਧ ਕਰ ਰਹੀ ਹੈ ਜੋ ਮਹਾਰਾਸ਼ਟਰ, ਰਾਜਸਥਾਨ, ਬਿਹਾਰ ਅਤੇ ਤਾਮਿਲਨਾਡੂ ਦੇ ਪਰਿਵਾਰਾਂ ਨੂੰ ਵੰਡਿਆ ਜਾਵੇਗਾ। ਮਦਦ ਕਰਨ ਵਾਲਿਆਂ ਵਿੱਚ ਪੰਜ ਖੁਸ਼ਕਿਸਮਤ ਜੇਤੂਆਂ ਦੇ ਨਾਲ ਪਰਿਣੀਤੀ ਇੱਕ ਵਰਚੁਅਲ ਕੌਫੀ ਡੇਟ ਤੇ ਜਾਏਗੀ।

## ਛੋਟੀ ਉਮਰ 'ਚ ਵਜ਼ਨ ਵੱਧਣ ਨਾਲ ਬੱਚੇ ਹੋ ਸਕਦੇ ਨੇ ਅਸਥਮਾ ਤੋਂ ਪੀੜਤ

ਤਿੰਨ ਸਾਲ ਦੀ ਉਮਰ ਤੱਕ ਬੱਚਿਆਂ ਦਾ ਵਜ਼ਨ ਬਹੁਤ ਜ਼ਿਆਦਾ ਵੱਧਣ ਨਾਲ ਅੱਗੇ ਚੱਲ ਕੇ ਉਨ੍ਹਾਂ ਦੇ ਫੇਫੜੇ ਪ੍ਰਭਾਵਿਤ ਹੋ ਜਾਂਦੇ ਹਨ। ਦੱਸ ਸਾਲ ਦੀ ਉਮਰ 'ਚ ਉਨ੍ਹਾਂ ਨੂੰ ਅਸਥਮਾ ਦਾ ਖਤਰਾ ਵੀ ਹੋ ਸਕਦਾ ਹੈ। ਨੀਦਰਲੈਂਡਸ ਸਥਿਤ ਇਰਾਸਮਸ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਪਹਿਲੀ ਵਾਰ ਫੇਫੜਿਆਂ 'ਤੇ ਬਾਡੀ ਮਾਸ ਇੰਡੈਕਸ (ਬੀਐੱਮਆਈ) ਦੇ ਪ੍ਰਭਾਵ ਦਾ ਪਤਾ ਲਗਾਇਆ। ਬੀਐੱਮਆਈ ਲੰਬਾਈ ਤੇ ਵਜ਼ਨ ਦੇ ਅਨੁਪਾਤ ਦੇ ਆਧਾਰ 'ਤੇ ਕੱਢਿਆ ਜਾਂਦਾ ਹੈ। ਸ਼ੋਧ ਮੁਤਾਬਕ ਤਿੰਨ ਸਾਲ ਦੀ ਉਮਰ 'ਚ ਬੱਚਿਆਂ ਦਾ ਬੀਐੱਮਆਈ ਵੱਧਣ ਨਾਲ ਸਾਹ ਨਲੀ ਵੀ ਪ੍ਰਭਾਵਿਤ ਹੁੰਦੀ ਹੈ। ਬੱਚਿਆਂ 'ਚ ਮੋਟਾਪਾ ਵੱਧਣ ਦੀ ਰਫਤਾਰ ਜਿੰਨੀ ਘੱਟ ਹੁੰਦੀ ਹੈ, ਉਨ੍ਹਾਂ ਦੇ ਫੇਫੜੇ ਓਨਾ ਹੀ ਬਿਹਤਰ ਕੰਮ ਕਰਦੇ ਹਨ। ਸ਼ੋਧਕਰਤਾ 4435 ਬੱਚਿਆਂ 'ਤੇ ਸ਼ੋਧ ਕਰਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚੇ। ਦੱਸ ਸਾਲ ਤੱਕ ਇਨ੍ਹਾਂ ਬੱਚਿਆਂ ਦੇ ਵਜ਼ਨ ਤੇ ਲੰਬਾਈ ਦਾ ਮਾਪ ਲੈ ਕੇ ਉਸ ਦਾ ਵਿਸ਼ਲੇਸ਼ਣ ਕੀਤਾ ਗਿਆ। ਵਿਗਿਆਨਕ ਮੈਰੀਬਲ ਕਸਾਸ ਨੇ ਕਿਹਾ ਕਿ ਇਸ ਸ਼ੋਧ ਤੋਂ ਸਪੱਸ਼ਟ ਹੈ ਕਿ ਬਚਪਨ 'ਚ ਵਜ਼ਨ ਦਾ ਵੱਧਣਾ ਫੇਫੜੇ ਦੀ ਕ੍ਰਿਆ ਨੂੰ ਪ੍ਰਭਾਵਿਤ ਕਰਦਾ ਹੈ।

## ਲੌਕਡਾਊਨ ਦੀ ਉਲੰਘਣਾ ਕਾਰਨ ਬੁਆਏਫਰੈਂਡ ਨਾਲ ਪੂਨਮ ਪਾਂਡੇ ਗ੍ਰਿਫਤਾਰ



ਨਵੀਂ ਦਿੱਲੀ-ਅਦਾਕਾਰਾ ਤੇ ਮਾਡਲ ਪੂਨਮ ਪਾਂਡੇ ਨੂੰ ਮੁੰਬਈ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਮਾਡਲ ਨੂੰ ਬੁਆਏਫ੍ਰੈਂਡ ਸੈਮ ਅਹਿਮਦ ਨਾਲ ਮਰੀਨ ਡਰਾਈਵ ਕੋਲੋਂ ਗ੍ਰਿਫਤਾਰ ਕੀਤਾ। ਪੁਲਿਸ ਨੇ ਪੂਨਮ ਪਾਂਡੇ ਤੇ ਉਸ ਦੇ ਬੁਆਏਫ੍ਰੈਂਡ ਨੂੰ ਕੋਰੋਨਾਵਾਇਰਸ ਕਾਰਨ ਲਾਗੂ ਲੌਕਡਾਊਨ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਲੌਕਡਾਊਨ ਤੋਂ ਬਾਅਦ ਵੀ ਆਪਣੀ ਕਾਰ ਵਿਚ ਘੁੰਮਣ ਨਿਕਲੇ। ਦੋਵਾਂ ਖਿਲਾਫ ਰਾਸ਼ਟਰੀ ਆਫ਼ਤ ਪ੍ਰਬੰਧਨ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੱਸ ਦਈਏ ਕਿ ਪੂਨਮ ਪਾਂਡੇ ਦੀ ਪਛਾਣ ਉਨ੍ਹਾਂ ਦੇ ਬੋਲਡ ਵੀਡੀਓ ਤੇ ਫੋਟੋਆਂ ਕਾਰਨ ਹੈ।

ਵਿਸ਼ੇਸ਼ ਲੇਖ

ਸੁੱਚਾ ਸਿੰਘ ਗਿੱਲ



# ਕੋਰੋਨਾ ਵਾਇਰਸ ਸੰਕਟ ਦੌਰਾਨ ਸਰਕਾਰ ਜ਼ਿੰਮੇਵਾਰੀ ਨਿਭਾਏ

ਭਾਰਤ ਵਿਚ ਕੋਵਿਡ-19 ਦੇ ਸੰਕਟ ਦਾ ਸਾਹਮਣਾ ਕਰਨ ਦੇ ਅਨੁਭਵ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਇਹ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦਾ ਹੀ ਕੰਮ ਹੈ। ਸਰੀਰਕ ਦੂਰੀ ਰੱਖਣਾ, ਰਾਜਾਂ ਦੀਆਂ ਹੱਦਾਂ ਬੰਦ ਕਰਨਾ, ਪਾਸ ਜਾਰੀ ਕਰਨੇ, ਪੀੜਤਾਂ ਦੀ ਪਛਾਣ ਕਰਨੀ, ਸ਼ੱਕੀਆਂ ਨੂੰ ਇਕਾਂਤਵਾਸ ਵਿਚ ਰੱਖਣਾ ਅਤੇ ਪੀੜਤਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਨ ਦਾ ਕੰਮ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਜਨਤਕ ਖੇਤਰ ਵਿਚ ਮੈਡੀਕਲ ਸੇਵਾਵਾਂ ਨਾਲ ਜੁੜੇ ਅਦਾਰਿਆਂ ਦਾ ਹੈ। ਕੋਵਿਡ-19 ਦੇ ਡਰ ਕਾਰਨ ਨਿੱਜੀ ਕਲੀਨਿਕ, ਹਸਪਤਾਲ ਤੇ ਪੰਜ ਤਾਰਾ ਨਿੱਜੀ ਹਸਪਤਾਲ ਬੰਦ ਹਨ। ਗ਼ਰੀਬਾਂ ਅਤੇ ਲੋੜਵੰਦਾਂ ਨੂੰ ਰੋਟੀ ਦੇਣ ਦਾ ਕੰਮ ਸ਼ੁਰੂ ਵਿਚ ਕੁਝ ਧਾਰਮਿਕ ਸਮਾਜਿਕ ਸੰਸਥਾਵਾਂ ਨੇ ਕੀਤਾ ਸੀ। ਬਹੁਤ ਸਾਰੀਆਂ ਥਾਵਾਂ 'ਤੇ ਲੋੜਵੰਦਾਂ ਅਤੇ ਗ਼ਰੀਬਾਂ ਤੱਕ ਮੁਫ਼ਤ ਰਾਸ਼ਨ ਪਹੁੰਚਾਉਣ ਦੇ ਕੰਮ ਵਿਚ ਪੰਚਾਇਤ ਜਾਂ ਨਗਰ ਨਿਗਮਾਂ ਦੇ ਪ੍ਰਬੰਧਕ ਅਤੇ ਪੁਲਿਸ ਵੀ ਸ਼ਾਮਿਲ ਰਹੀ ਹੈ। ਬਹੁਤ ਸਾਰੇ ਛੋਟੇ-ਵੱਡੇ ਅਦਾਰਿਆਂ ਨੇ ਤਾਲਾਬੰਦੀ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਦੀ, ਕੰਪਨੀਆਂ ਨੂੰ ਆਪਣੇ ਕਿਸੇ ਵੀ ਮੁਲਾਜ਼ਮ ਦੀ ਛਾਂਟੀ ਨਾ ਕਰਨ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਕੇ ਬਹੁਤ ਸਾਰੀਆਂ ਕੰਪਨੀਆਂ ਨੇ ਆਪਣੇ ਕੁਝ ਮੁਲਾਜ਼ਮਾਂ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਕੁਝ ਹਵਾਈ ਕੰਪਨੀਆਂ, ਅਖ਼ਬਾਰਾਂ ਤੇ ਬਿਜਲਈ ਮੀਡੀਆ ਵੀ ਸ਼ਾਮਿਲ ਹੈ। ਵਿਸਥਾਰ ਵਿਚ ਜਾਣ ਤੋਂ ਬਿਨਾਂ ਹੀ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਅਤੇ ਜਨਤਕ ਖੇਤਰ ਦੇ ਮੁਲਾਜ਼ਮਾਂ ਨੂੰ ਬੱਝਵੀਆਂ ਤਨਖ਼ਾਹਾਂ ਮਿਲ ਰਹੀਆਂ ਹਨ। ਪਰ ਕਾਰਪੋਰੇਟ ਖੇਤਰ ਅਤੇ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਕਾਮਿਆਂ ਨੂੰ ਬੇਰੁਜ਼ਗਾਰੀ ਅਤੇ ਆਮਦਨੀ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਤਜਰਬਾ ਦੱਸਦਾ ਹੈ ਕਿ ਕੋਵਿਡ-19 ਵਰਗੇ ਸੰਕਟਕਾਲ ਜਾਂ ਭਵਿੱਖ ਵਿਚ ਇਸ ਵਰਗੀਆਂ ਮਹਾਂਮਾਰੀਆਂ ਦੌਰਾਨ ਜਨਤਕ ਖੇਤਰ, ਸਰਕਾਰ, ਸਟੇਟ ਦਾ ਸਹਾਰਾ ਵੀ ਲੋਕਾਂ ਦੇ ਨਾਲ ਨਹੀਂ ਹੈ। ਇਹ ਵੀ ਧਿਆਨ ਰੱਖਣਯੋਗ ਗੱਲ ਹੈ ਕਿ ਰਾਸ਼ਟਰ ਰਾਜ ਦੀ ਇਕਲੌਤੀ ਚਿੰਤਾ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਕਰਨ ਦੀ ਹੁੰਦੀ ਹੈ। ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਦਾ ਕੰਮ ਉਨ੍ਹਾਂ ਦੇ ਦੇਸ਼ਾਂ ਦੀਆਂ ਸਰਕਾਰਾਂ ਦਾ ਹੁੰਦਾ ਹੈ, ਮੇਜ਼ਬਾਨ ਦੇਸ਼ਾਂ ਦਾ ਨਹੀਂ। ਮੌਜੂਦਾ ਸਮੇਂ ਵਿਚ ਮਨੁੱਖਤਾਵਾਦੀ ਚਿੰਤਨ ਵੀ ਗਾਇਬ ਹੋ ਗਿਆ ਜਾਪਦਾ ਹੈ।

ਦੇਸ਼ਾਂ ਦੀਆਂ ਸਰਹੱਦਾਂ ਬੰਦ ਹੋ ਜਾਣ ਨਾਲ ਆਲਮੀ ਸਹਿਯੋਗ ਵੀ ਗਾਇਬ ਹੋ ਗਿਆ ਲਗਦਾ ਹੈ। ਇਸ ਕਾਰਨ ਅੰਤਰਰਾਸ਼ਟਰੀ ਉਡਾਣਾਂ ਵੀ ਰੱਦ ਹੋ ਗਈਆਂ ਹਨ ਤੇ ਕੋਰੋਨਾ ਲਾਗ ਦੇ ਖ਼ਤਰੇ ਦੇ ਕਾਰਨ ਕੰਪਨੀਆਂ ਦਾ ਮਾਲ ਬਰਾਮਦ ਨਹੀਂ ਹੋ ਰਿਹਾ। ਮੌਜੂਦਾ ਸਥਿਤੀ ਦੀ ਅਨਿਸ਼ਚਿਤਤਾ ਲੰਬੇ ਸਮੇਂ ਤੱਕ ਜਾਰੀ ਰਹਿ ਸਕਦੀ ਹੈ ਅਤੇ ਵਿਸ਼ਵ ਨੂੰ ਭਵਿੱਖ ਵਿਚ ਅਜਿਹੀਆਂ ਕੁਝ ਨਵੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ, ਇਸ ਲਈ ਰਾਸ਼ਟਰੀ ਰਾਜ ਨੂੰ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਵਿਸ਼ਵ ਵਿਚ 1980ਵਿਆਂ ਦੀ ਵਿਸ਼ਵੀਕਰਨ ਸਬੰਧੀ ਵਾਸ਼ਿੰਗਟਨ ਸਹਿਮਤੀ ਤੋਂ ਬਾਅਦ ਰਾਸ਼ਟਰੀ ਸਟੇਟ ਦੀ ਭੂਮਿਕਾ ਘੱਟ ਹੋਣ ਲੱਗੀ ਸੀ ਤੇ ਭਾਰਤ ਵਿਚ ਇਹ ਕੰਮ 1991 ਤੋਂ ਬਾਅਦ ਸ਼ੁਰੂ ਹੋਇਆ ਜਦੋਂ ਉਦਾਰਵਾਦ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਨੂੰ ਅਪਣਾਇਆ ਗਿਆ ਸੀ। ਇਸ ਤੋਂ ਬਾਅਦ ਰਾਸ਼ਟਰੀ ਰਾਜ ਬਹੁਤ ਕਮਜ਼ੋਰ ਹੋ ਗਿਆ ਸੀ। ਇਸ ਨਾਲ ਬਾਜ਼ਾਰੀ ਤਾਕਤਾਂ ਦੀ ਉਨ੍ਹਾਂ ਖੇਤਰਾਂ ਵਿਚ ਬਹੁਤ ਭੂਮਿਕਾ ਵਧ ਗਈ ਜੋ ਪਹਿਲਾਂ ਸਰਕਾਰਾਂ ਅਤੇ ਜਨਤਕ ਖੇਤਰ ਕੋਲ ਹੁੰਦੇ ਸਨ। ਇਸ ਪ੍ਰਕਿਰਿਆ ਨਾਲ ਸੰਕਟ ਦੀ ਘੜੀ ਵਿਚ ਸਰਕਾਰਾਂ ਅਤੇ ਜਨਤਕ ਖੇਤਰ ਦੀ ਕੰਮ ਕਰਨ ਦੀ ਸਮਰੱਥਾ ਘੱਟ ਹੋ ਗਈ। ਆਪਣੇ ਨਾਗਰਿਕਾਂ ਨੂੰ ਸਿਹਤ, ਵਿੱਦਿਆ, ਰੁਜ਼ਗਾਰ ਅਤੇ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਕਰਨ ਵਿਚ ਰਾਜ ਦੀ ਕਮਜ਼ੋਰੀ ਅਤੇ ਅਸਮਰੱਥਾ ਮੌਜੂਦਾ ਸੰਕਟ ਵਿਚ ਪ੍ਰਤੱਖ ਜ਼ਾਹਰ ਹੋ ਗਈ ਹੈ। ਇਸ ਸਬੰਧੀ ਵਿਚਾਰ-ਚਰਚਾ ਦੀਆਂ ਸ਼ਰਤਾਂ ਸਰਕਾਰੀ ਪ੍ਰਸ਼ਾਸਨ ਤੇ ਸਟੇਟ ਦੇ ਪੱਖ ਵਿਚ ਤਬਦੀਲ ਹੋਣੀਆਂ ਚਾਹੀਦੀਆਂ ਹਨ ਅਤੇ ਰਾਜ ਨੂੰ ਕੇਂਦਰੀ ਮੰਚ 'ਤੇ ਲਿਆਉਣ ਦੀ ਲੋੜ ਹੈ। ਵਿਕਸਿਤ ਦੇਸ਼ਾਂ ਵਲੋਂ ਆਪਣੀਆਂ ਸਰਹੱਦਾਂ ਨੂੰ ਬੰਦ ਕਰ ਲੈਣਾ ਅਤੇ ਸਿਰਫ ਆਪਣੇ ਨਾਗਰਿਕਾਂ ਬਾਰੇ ਹੀ ਚਿੰਤਤ ਹੋਣ ਦੇ ਉਨ੍ਹਾਂ ਦੇ ਯਤਨ ਇਹ ਰੇਖਾਂਕਿਤ ਕਰਦੇ ਹਨ ਕਿ ਪੱਲੜਾ ਰਾਸ਼ਟਰੀ ਰਾਜ ਦੇ ਪੱਖ ਵਿਚ ਹੋਣਾ ਚਾਹੀਦਾ ਹੈ।

ਇਹ ਗੱਲ ਇਸ ਪਾਸੇ ਵੀ ਧਿਆਨ ਦਿਵਾਉਂਦੀ ਹੈ ਕਿ ਆਪਣੇ ਨਾਗਰਿਕਾਂ ਦੀ ਜਾਨ ਮਾਲ ਦੀ ਰਾਖੀ ਕਰਨੀ, ਉਨ੍ਹਾਂ ਨੂੰ ਚੰਗੀ ਸਿਹਤ ਤੇ ਉੱਚ ਵਿਦਿਆ ਮੁਹੱਈਆ ਕਰਾਉਣੀ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇਣਾ, ਇਹ ਰਾਸ਼ਟਰੀ ਸਰਕਾਰ ਦੀਆਂ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ। ਨਿੱਜੀ ਖੇਤਰ ਨੂੰ ਨਿਯਮਿਤ ਕਰਨਾ ਬੇਹੱਦ ਜ਼ਰੂਰੀ ਹੈ। ਰਾਜ ਨੂੰ ਲੋਕਾਂ ਦੀ ਸਿਹਤ ਅਤੇ ਰੁਜ਼ਗਾਰ ਦੀ ਰਾਖੀ ਕਰਨ ਅਤੇ ਸਮਾਜਿਕ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਤਾਲਾਬੰਦੀ ਦੇ ਦੌਰਾਨ ਹਵਾ ਗੁਣਵੱਤਾ ਵਿਚ ਸੁਧਾਰ ਆਇਆ ਅਤੇ ਨਦੀਆਂ ਨਾਲੇ ਵੀ ਸਾਫ਼ ਹੋ ਗਏ ਹਨ। ਹਾਲਾਂਕਿ ਅਜੇ ਵੀ ਨਦੀਆਂ ਵਿਚ ਪੈਣ ਵਾਲੇ ਸੀਵਰੇਜ ਦੇ ਪਾਣੀ ਦੇ ਵਹਾਅ ਨੂੰ ਜਾਂਚਣ ਲਈ ਕੁਝ ਨਹੀਂ ਕੀਤਾ ਗਿਆ। ਇਸ ਲਈ ਇਹ ਸਪੱਸ਼ਟ ਹੈ ਕਿ ਕਾਰਖਾਨਿਆਂ ਦੇ ਬੰਦ ਹੋਣ ਕਰਕੇ ਤੇ ਮੋਟਰ ਵਾਹਨਾਂ ਦੇ ਰੁਕਣ ਕਾਰਨ ਹਵਾ ਪ੍ਰਦੂਸ਼ਣ ਸਾਫ਼ ਹੋਇਆ ਹੈ।

ਨਦੀਆਂ ਦੇ ਪਾਣੀ ਦੀ ਗੁਣਵੱਤਾ ਵਿਚ ਸੁਧਾਰ ਇਸ ਲਈ ਆਇਆ ਹੈ ਕਿਉਂਕਿ ਹੁਣ ਕਾਰਖਾਨਿਆਂ ਦੀ ਗੰਦਗੀ ਨਦੀਆਂ ਵਿਚ ਨਹੀਂ ਸੁੱਟੀ ਜਾ ਰਹੀ। ਹਵਾ ਅਤੇ ਜਲ ਪ੍ਰਦੂਸ਼ਣ ਦੇ ਇਨ੍ਹਾਂ ਦੋ ਪ੍ਰਮੁੱਖ ਕਾਰਨਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਰਾਸ਼ਟਰੀ ਰਾਜ/ਸਰਕਾਰ ਲੋਕਾਂ ਦੀ ਜਾਨ ਬਚਾਉਣ ਲਈ ਇਨ੍ਹਾਂ ਦੋ ਕਾਰਨਾਂ ਨੂੰ ਵੀ ਕਾਬੂ ਵਿਚ ਨਹੀਂ ਲਿਆ ਸਕਿਆ ਹੈ। ਕੋਵਿਡ-19 ਤੋਂ ਬਾਅਦ ਦੇ ਦੌਰ ਵਿਚ ਨੁਕਸਾਨ ਦੀ ਭਰਪਾਈ ਕੀਤੀ ਜਾ ਰਹੀ ਹੋਵੇਗੀ ਤਾਂ ਮੋਟਰ ਵਾਹਨਾਂ ਦੇ ਮਾਲਕਾਂ ਅਤੇ ਕਾਰਖਾਨਿਆਂ ਦੇ ਮਾਲਕਾਂ ਕੋਲੋਂ ਵਾਤਾਵਰਨ ਟੈਕਸ ਦੇ ਰੂਪ ਵਿਚ ਹਵਾ ਤੇ ਜਲ ਪ੍ਰਦੂਸ਼ਣ ਫੈਲਾਉਣ ਦੀ ਕੀਮਤ ਵਸੂਲਣੀ ਚਾਹੀਦੀ ਹੈ। ਵਾਤਾਵਰਨ ਟੈਕਸ ਰਾਹੀਂ ਇਕੱਠੇ ਕੀਤੇ ਟੈਕਸ ਦੀ ਵਰਤੋਂ ਵਾਤਾਵਰਨ, ਜੀਵ ਵਿਭਿੰਨਤਾ, ਹਵਾ ਨੂੰ ਸਾਫ਼ ਕਰਨ ਲਈ ਸਾਜ਼ੋ-ਸਾਮਾਨ ਤਿਆਰ ਕਰਨ ਅਤੇ ਤਾਜ਼ਾ ਪਾਣੀ ਦੀਆਂ ਨਦੀਆਂ ਵਿਚ ਕਾਰਖਾਨਿਆਂ ਦਾ ਗੰਦਾ ਪਾਣੀ ਪਾਉਣ ਤੋਂ ਪਹਿਲਾਂ ਉਸ ਨੂੰ ਸਾਫ਼ ਕਰਨ ਆਦਿ ਦੇ ਕੰਮਾਂ ਲਈ ਕੀਤੀ ਜਾਣੀ ਚਾਹੀਦੀ ਹੈ।

# ★ ਮਿੰਨੀ ਕਹਾਣੀਆਂ ★

## ਹਮਦਰਦ

ਦੀਪਕ ਬਾਹਰ ਨਿਕਲ ਕੇ ਸਕੂਟਰ ਸਟਾਰਟ ਕਰਨ ਲੱਗਿਆ ਤਾਂ ਸਾਹਮਣੇ ਕੋਠੀ ਵਿੱਚ ਕੰਮ ਕਰ ਰਿਹਾ ਨੌਕਰ ਦੌੜ ਕੇ ਆਇਆ। ਦੀਪਕ ਦੇ ਗੋਡੀ ਹੱਥ ਲਾਉਂਦਿਆਂ ਬੋਲਿਆ, "ਗੱਡੀ ਕਿੱਥੇ ਹੈ ਸਾਬ੍ਹ ਜੀ ਅੱਜ?" ਉਸ ਦਾ ਭਾਵ ਕਾਰ ਤੋਂ ਸੀ। "ਅੰਦਰ ਖੜ੍ਹੀ ਹੈ।" "ਗੱਡੀ ਧੋਣ ਲਈ ਕਿਸੇ ਦੀ ਲੋੜ ਹੋਵੇ ਤਾਂ ਮੇਰੇ ਪਿਤਾ ਜੀ ਹਨ," ਇੰਨੇ ਵਿੱਚ ਉਹ ਬਜ਼ੁਰਗ ਵੀ ਸਾਹਮਣੀ ਕੋਠੀ ਦੇ ਗੇਟ ਵਿੱਚ ਆ ਚੁੱਕਾ ਸੀ।

"ਓ ਨਹੀਂ, ਅਜਿਹੇ ਕੰਮ ਨਹੀਂ ਕਰਵਾਈਦੇ ਬਜ਼ੁਰਗਾਂ ਤੋਂ," ਦੀਪਕ ਨੇ ਸਕੂਟਰ ਨੂੰ ਕਿੱਕ ਮਾਰਨ ਦੀ ਤਿਆਰੀ ਕਰਦਿਆਂ ਕਿਹਾ। "ਨਹੀਂ ਜੀ, ਅਜਿਹੀ ਗੱਲ ਨਹੀਂ ਹੈ। ਡਰਾਈਵਰ ਰਿਟਾਇਰ ਹੋਏ ਹਨ।" ਨੌਕਰ ਨੇ ਜਵਾਬ ਦਿੱਤਾ। "ਉਹ ਤਾਂ ਠੀਕ ਹੈ। ਤੇਰੇ ਬਜ਼ੁਰਗਾਂ ਵਰਗਾ ਮੇਰਾ ਬਾਪੂ ਵੀ ਹੈ ਘਰ। ਅਸੀਂ ਤਾਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਉੱਠ ਕੇ ਪਾਣੀ ਵੀ ਨਹੀਂ ਪੀਣਾ। ਇਨ੍ਹਾਂ ਬਜ਼ੁਰਗਾਂ ਤੋਂ ਨਹੀਂ ਕੰਮ ਕਰਵਾਉਣਾ ਆਪਾਂ।" ਦੀਪਕ ਨੇ ਆਪਣੀ ਸੋਚ ਮੁਤਾਬਿਕ ਕਿਹਾ। "ਉਹ ਤਾਂ ਠੀਕ ਹੈ ਜੀ" ਤੇ ਫਿਰ ਥੋੜ੍ਹਾ ਰੁਕ ਕੇ ਕਿਹਾ, "ਬਜ਼ੁਰਗ ਹੀ ਨਹੀਂ ਮੰਨਦੇ, ਇੱਛਾ ਤਾਂ ਸਾਡੀ ਵੀ ਇਹੀ ਹੈ ਜੀ, ਤੇ ਕੁਝ ਮਜਬੂਰੀ।" ਇੰਨੇ ਵਿੱਚ ਬਜ਼ੁਰਗ ਨੇੜੇ ਆ ਗਿਆ ਸੀ।

"ਜੀ, ਤੁਸੀਂ ਇਹ ਸਮਝਦੇ ਹੋਵੋਗੇ ਕਿ ਮੈਥੋਂ ਕੀ ਕੰਮ ਹੋਣਾ, ਤੁਸੀਂ ਕੰਮ ਕਰਵਾ ਕੇ ਦੇਖੋ। ਜੇ ਪਸੰਦ ਨਹੀਂ ਆਵੇਗਾ ਤਾਂ" ਬਜ਼ੁਰਗ ਨੇ ਆਪਣੇ ਵੱਲੋਂ ਗੁਜ਼ਾਰਿਸ਼ ਕੀਤੀ।

"ਨਹੀਂ ਬਾਪੂ ਜੀ, ਇਹ ਗੱਲ ਨਹੀਂ। ਦਰਅਸਲ ਮੈਂ ਕਾਰ ਕੱਢਦਾ ਹੀ ਬਹੁਤ ਘੱਟ ਹਾਂ।" ਦੀਪਕ ਨੇ ਗੱਲ ਨੂੰ ਬਦਲਦਿਆਂ ਕਿਹਾ।

ਇੱਕ ਅਣਜਾਣ ਆਦਮੀ ਦੇ ਮੂੰਹੋਂ 'ਬਾਪੂ' ਸ਼ਬਦ ਸੁਣ ਕੇ ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਉਹ ਬੋਲਿਆ, "ਕੋਈ ਨੀਂ, ਫਿਰ ਵੀ ਤੁਹਾਡੀ ਬਹੁਤ-ਬਹੁਤ ਮਿਹਰਬਾਨੀ।"

- ਡਾ. ਸ਼ਿਆਮ ਸੁੰਦਰ ਦੀਪਤੀ



## ਕਿਹੜੀ ਉਮਰੇ

ਨੇਕ ਚੰਦ ਆਪਣੀ ਕੋਠੀ ਉੱਪਰ ਚੁਬਾਰਾ ਪਵਾ ਰਿਹਾ ਸੀ। ਮਜ਼ਦੂਰਾਂ ਵਿੱਚੋਂ ਇੱਕ ਬਾਰਾਂ-ਤੇਰਾਂ ਸਾਲ ਦਾ ਮੁੰਡਾ ਸੀ, ਪਰ ਕੰਮ ਉਹ ਵੱਡੀ ਉਮਰ ਦੇ ਮਜ਼ਦੂਰਾਂ ਤੋਂ ਵੀ ਜ਼ਿਆਦਾ ਫੁਰਤੀ ਨਾਲ ਕਰ ਰਿਹਾ ਸੀ। ਮਿਸਤਰੀ ਨੇ ਦੱਸਿਆ ਕਿ ਉਸ ਦੀ ਦਿਹਾੜੀ ਸੌ ਰੁਪਏ ਘੱਟ ਹੈ ਕਿਉਂਕਿ ਉਹ ਬੱਚਾ ਹੈ।

ਦੁਪਹਿਰੇ ਰੋਟੀ ਦਾ ਸਮਾਂ ਹੋ ਗਿਆ ਤਾਂ ਮਿਸਤਰੀ ਤੇ ਮਜ਼ਦੂਰ ਨੇ ਚਾਦਰ ਜਿਹੀ ਵਿਛਾ ਕੇ ਆਪੋ ਆਪਣੇ ਡੱਬੇ ਖੋਲ੍ਹ ਲਏ, ਪਰ ਉਹ ਮੁੰਡਾ ਪਰ੍ਹੇ ਇੱਕ ਨੁੱਕਰੇ ਬਹਿ ਗਿਆ। ਆਪਣੀ ਜੇਬ 'ਚੋਂ ਕੁਝ ਕੱਢ ਕੇ ਲੁਕਾਉਣ ਜਿਹਾ ਲੱਗਿਆ। ਇੰਨੇ ਨੂੰ ਨੇਕ ਚੰਦ ਦੇ ਅੱਠ ਕੁ ਸਾਲ ਦੇ ਬੇਟੇ ਦੀ ਸਕੂਲ ਵੈਨ ਆ ਗਈ। ਉਸ ਦਾ ਧਿਆਨ ਬੱਚਿਆਂ ਵੱਲ ਹੋ ਗਿਆ। ਉਸ ਦਾ ਪੁੱਤਰ ਦੌੜ ਕੇ ਅੰਦਰ ਆਇਆ। ਉਸ ਨੇ ਬਿਨਾਂ ਕਿਸੇ ਨਾਲ ਗੱਲ ਕੀਤੇ ਬੈਗ ਪਰ੍ਹੇ ਵਗਾਹ ਮਾਰਿਆ। ਉਸ ਦੀ ਮਾਂ ਨੇ ਸਭ ਤੋਂ ਪਹਿਲਾਂ ਉਸ ਦੇ ਬੈਗ 'ਚੋਂ ਟਿਫਨ ਕੱਢਿਆ। ਸਵੇਰ ਦਾ ਪਾਇਆ ਪਰੌਂਠਾ ਤੇ ਸਬਜ਼ੀ ਉਵੇਂ ਦੀ ਉਵੇਂ ਪਈ ਸੀ ਜਿਵੇਂ ਹੱਥ ਵੀ ਨਾ ਲਾਇਆ ਹੋਵੇ। ਮਾਂ ਨੇ ਪੁੱਛਿਆ, "ਹਾਏ, ਮੇਰੇ ਬੱਚੇ ਅੱਜ ਤੂੰ ਖਾਣਾ ਕਿਉਂ ਨਹੀਂ ਖਾਧਾ?" "ਤੁਸੀਂ ਨਾਲ ਚੌਕਲੇਟ ਕਿਉਂ ਨਹੀਂ ਪਾਈ? ਰੋਜ਼ ਤਾਂ ਰੱਖਦੇ ਹੋ।" "ਓ! ਮੈਂ ਭੁੱਲ ਗਈ ਬੇਟੇ। ਕੱਲ੍ਹ ਨੂੰ ਦੋ ਪਾ ਦਿਆਂਗੀ।" ਉਹ ਰਸੋਈ 'ਚ ਜਾ ਕੇ ਪੁੱਤਰ ਲਈ ਤਾਜ਼ੀ ਰੋਟੀ ਬਣਾਉਣ ਲੱਗ ਪਈ। ਨੇਕ ਚੰਦ ਦਾ ਧਿਆਨ ਫਿਰ ਉਸ ਨਿੱਕੇ ਮਜ਼ਦੂਰ ਵੱਲ ਚਲਿਆ ਗਿਆ। ਉਸ ਨੇ ਦੇਖਿਆ ਕਿ ਉਹ ਨੁੱਕਰ 'ਚ ਬੈਠਾ ਲੁਕ ਕੇ ਕੁਝ ਖਾ ਰਿਹਾ ਹੈ ਤਾਂ ਉਸ ਦੀ ਜਗਿਆਸਾ ਹੋਰ ਵੀ ਵਧ ਗਈ। ਉਸ ਦੇ ਹੱਥ ਵਿੱਚ ਮੋਮੀ ਕਾਗਜ਼ 'ਚ ਲਪੇਟਿਆ ਕੁਝ ਦੇਖਿਆ ਤਾਂ ਉਸ ਨੂੰ ਯਕੀਨ ਹੋ ਗਿਆ ਕਿ ਇਹ ਵੀ ਛੋਟੀ ਉਮਰੇ ਕੋਈ 'ਚਿੱਟਾ ਜਾਂ ਕਾਲਾ' ਖਾ ਰਿਹਾ ਹੈ। ਜਦੋਂ ਉਹ ਪੋਲੇ ਪੈਰੀਂ ਉਸ ਦੇ ਸਿਰ 'ਤੇ ਜਾ ਖਲੋਇਆ ਤਾਂ ਉਸ ਦੀਆਂ ਅੱਖਾਂ ਨਮ ਹੋ ਗਈਆਂ। ਉਹ ਕਾਗਜ਼ 'ਚੋਂ ਇੱਕ-ਇੱਕ ਕਰਕੇ ਸਸਤੀਆਂ ਜਿਹੀਆਂ ਸੰਤਰੇ ਦੀਆਂ ਖਟ-ਮਿੱਠੀਆਂ ਗੋਲੀਆਂ ਖਾ ਰਿਹਾ ਸੀ। ਨੇਕ ਚੰਦ ਫਟਾਫਟ ਅੰਦਰ ਗਿਆ ਤੇ ਬੀਵੀ ਨੂੰ ਉਸ ਲਈ ਵੀ ਰੋਟੀ ਬਣਾਉਣ ਲਈ ਆਖ ਆਇਆ।

- ਕਰਮਵੀਰ ਸਿੰਘ ਸੂਰੀ

## ਮਿਹਨਤ ਦੀ ਰੋਟੀ

ਗਰਮੀਆਂ ਦੇ ਦਿਨ ਸਨ। ਕਿਸੇ ਦੋਸਤ ਕੋਲ ਕੁਝ ਘਰੇਲੂ ਕੰਮ ਸੀ। ਉਸ ਨੂੰ ਫੋਨ ਕੀਤਾ ਤਾਂ ਉਹ ਕਹਿੰਦਾ ਕਿ ਘੰਟਾ ਕੁ ਉਡੀਕ ਕਰੋ; ਮੈਂ ਚੱਲ ਪਿਆ ਹਾਂ। ਮੈਂ ਉਸ ਦੀ ਉਡੀਕ ਕਰਨ ਲਈ ਗੱਡੀ ਇੱਕ ਦਰਖ਼ੱਤ ਹੇਠ ਰੋਕ ਲਈ। ਬਾਰੀਆਂ ਖੋਲ੍ਹ ਕੇ ਮੈਂ ਲੰਮਾ ਪੈ ਗਿਆ ਤਾਂ ਮੇਰੀ ਨਿਗ੍ਹਾ ਸਾਹਮਣੇ ਟੋਇਆਂ ਵਿੱਚ ਇੱਕ ਲੜਕੇ 'ਤੇ ਗਈ। ਉਹ 14-15 ਸਾਲ ਦੀ ਉਮਰ ਦਾ ਹੋਵੇਗਾ। ਉਸ ਦੇ ਹੱਥ ਵਿੱਚ ਇੱਕ ਸੋਟੀ ਜਿਹੀ ਸੀ ਤੇ ਉਸ ਨੇ ਪਿੱਛੇ ਇੱਕ ਬੋਰੀ ਲਮਕਾਈ ਹੋਈ ਸੀ। ਸੋਟੀ ਨਾਲ ਕੂੜਾ ਫਰੋਲ ਕੇ ਉਸ ਵਿੱਚੋਂ ਲਿਫ਼ਾਫ਼ੇ ਚੁੱਕ ਕੇ ਪਿੱਛੇ ਬੋਰੀ ਵਿੱਚ ਪਾ ਰਿਹਾ ਸੀ। ਗਰਮੀ ਵੀ ਕਹਿਰ ਦੀ ਪੈ ਰਹੀ ਸੀ। ਮੈਂ ਕੁਝ ਦੇਰ ਉਸ ਨੂੰ ਦੇਖਦਾ ਰਿਹਾ, ਮੈਥੋਂ ਰਿਹਾ ਨਾ ਗਿਆ। ਮੈਂ ਉਸ ਨੂੰ ਆਵਾਜ਼ ਮਾਰ ਕੇ ਕੋਲ ਸੱਦਿਆ। ਪੰਜ ਕੁ ਮਿੰਟ ਬਾਅਦ ਉਸ ਨੇ ਟੋਏ ਵਿੱਚੋਂ ਨਿਕਲ ਕੇ ਆਪਣੀ ਬੋਰੀ ਤੇ ਸੋਟੀ ਰੱਖੀ ਤੇ ਆਪਣੇ ਕੱਪੜਿਆਂ ਨਾਲ ਹੱਥ ਸਾਫ਼ ਕਰਦਾ ਹੋਇਆ ਮੇਰੇ ਵੱਲ ਆ ਗਿਆ। ਮੇਰੇ ਕੋਲ ਆ ਕੇ ਉਸ ਨੇ ਚੁੱਪ ਕੀਤੇ ਸਿਰ ਝੁਕਾਇਆ। ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਰਹਿੰਦਾ ਹੈਂ। ਉਸ ਨੇ ਕਿਹਾ ਕਿ ਥੋੜ੍ਹੀ ਦੂਰ ਝੁੱਗੀਆਂ ਵਿੱਚ। ਮੈਂ ਉਸ ਨੂੰ ਪੁੱਛਿਆ, "ਪੜ੍ਹਿਆ ਨਹੀਂ?" ਉਸ ਨੇ ਨਾਂਹ ਵਿੱਚ ਸਿਰ ਮਾਰ ਦਿੱਤਾ। ਮੈਂ ਉਸ ਨੂੰ ਕਿਹਾ, "ਇਹ ਕੀ ਕੰਮ ਚੁਣਿਆ ਹੈ ਕੂੜਾ ਫਰੋਲਣਾ?"

ਉਸ ਨੇ ਕਿਹਾ, "ਜੀ, ਮੰਗਣ ਤੇ ਚੋਰੀ ਨਾਲੋਂ ਮੈਨੂੰ ਇਹ ਕੰਮ ਵਧੀਆ ਲੱਗਿਆ। ਮੈਂ ਮੰਗ ਨਹੀਂ ਸਕਦਾ। ਹੋਰ ਕੀ ਕੰਮ ਕਰਾਂ?" ਮੈਂ ਉਸ ਦੀ ਸੋਚ ਜਾਣ ਕੇ ਨਿਰੁੱਤਰ ਹੋ ਗਿਆ।

ਮੈਂ ਉਸ ਨੂੰ ਪੰਜਾਹ ਰੁਪਏ ਦਾ ਨੋਟ ਦੇਣਾ ਚਾਹਿਆ ਤਾਂ ਉਸ ਨੇ ਮਨ੍ਹਾਂ ਕਰ ਦਿੱਤਾ। ਮੈਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਇਹ ਆਦਤ ਨਾ ਪਾਓ, ਮੈਨੂੰ ਲਾਲਚ ਪੈ ਜਾਵੇਗਾ ਤੇ ਮੈਂ ਮਿਹਨਤ ਕਰਨੀ ਛੱਡ ਜਾਵਾਂਗਾ। ਇਸ ਲਈ ਮੈਂ ਇਹ ਰੁਪਏ ਨਹੀਂ ਲੈਣੇ।" ਇੰਨਾ ਕਹਿ ਕੇ ਉਹ ਆਪਣੀ ਬੋਰੀ ਤੇ ਸੋਟੀ ਵੱਲ ਭੱਜ ਤੁਰਿਆ ਜਿਵੇਂ ਉਹ ਕਿਸੇ ਡਿਊਟੀ ਤੋਂ ਲੇਟ ਹੋ ਰਿਹਾ ਹੋਵੇ।

- ਜਸਵਿੰਦਰ ਸਿੰਘ ਪੰਨੂੰ

# ਪਹਿਲਾ ਸਿੱਖ ਹੁਕਮਰਾਨ - ਬਾਬਾ ਬੰਦਾ ਸਿੰਘ ਬਹਾਦਰ

ਖਾਲਸਾ ਰਾਜ ਦਿਵਸ 'ਤੇ

ਕਿਰਪਾਲ ਸਿੰਘ ਹਿਸਟੋਰੀਅਨ



ਆਪਣੀ ਦੱਖਣ ਦੀ ਯਾਤਰਾ ਸਮੇਂ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ 1708 ਈ. ਵਿਚ ਨਾਂਦੇੜ ਪਹੁੰਚੇ। ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਵਾਂ ਨਾਮ ਗੁਰਬਖ਼ਸ਼ ਸਿੰਘ ਤਥਾ ਬੰਦਾ ਸਿੰਘ ਬਹਾਦਰ ਰੱਖ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜਦ 1708 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈਣ ਉਪਰੰਤ ਪੰਜਾਬ ਨੂੰ ਤੁਰਿਆ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਜ਼ੁਲਮ ਅਤੇ ਜ਼ਾਲਮਾਂ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਪੰਜਾਬ ਆਇਆ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ। 'ਪੰਥ ਪ੍ਰਕਾਸ਼' ਅਨੁਸਾਰ:-

ਬੰਦੇ ਗੁਰ ਖੰਡਾ ਦਯੋ,
ਲਯੋ ਉਨੇਂ ਗਲ ਪਾਇ।
ਖਾਲਸੋ ਦੇਖ ਸੁ ਵਿਟਰਿਓ
ਤਿਨ ਖੰਡੋ ਲਯੋ ਛਿਨਾਇ।।11।।

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਸੰਭਾਵੀ ਸੰਘਰਸ਼ ਵਿਚ ਬਾਬਾ ਬੰਦਾ ਸਿੰਘ ਜੀ ਦਾ ਸਾਥ ਦੇਣ ਲਈ ਨਾਲ ਤੋਰੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ, ਸਿੱਖ ਸੰਗਤਾਂ ਵਿਚ ਅਜੇ ਤਾਜ਼ਾ ਸਨ। ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ। ਮੁਸਲਮਾਨ ਲਿਖਾਰੀ ਖ਼ਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ-ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲ਼ੇ। ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਅੰਤ 40,000 ਤਕ ਪਹੁੰਚ ਗਈ। ਬਾਬਾ ਬੰਦਾ ਸਿੰਘ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁ਼ਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਅੰਮ੍ਰਿਤ ਛਕਣ ਦੇ ਬਾਅਦ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਈਆਂ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ ''ਸਿੱਖਾਂ ਤੇ ਮੁ਼ਗਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।'' ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਹਨੀਂ ਦਿਨੀਂ ਇਹ ਸ਼ਹਿਰ ਮੁ਼ਗਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬ਼ਗਾਵਤ ਕਰ ਦਿੱਤੀ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ।

ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ (ਚੱਪੜਚਿੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। 12 ਮਈ, 1710 ਈ: ਨੂੰ ਚੱਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹੰਦ ਫਤਹਿ ਹੋ ਗਈ। ਅਗਲੇ ਦਿਨ ਸਿੱਖ ਫੌਜਾਂ 13 ਮਈ, 1710 ਈ. ਨੂੰ ਸਰਹਿੰਦ ਵਿਚ ਦਾਖਲ ਹੋਈਆਂ। ਦੇਖਦੇ-ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਅਗਲੇ ਦਿਨ 14 ਮਈ 1710 ਨੂੰ ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਬਾਬਾ ਆਲੀ ਸਿੰਘ ਸਲੌਦੀ ਨੂੰ ਡਿਪਟੀ ਗਵਰਨਰ ਥਾਪਿਆ ਗਿਆ। ਸਮਾਣੇ ਦਾ ਗਵਰਨਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ। ਸਰਹਿੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਮਾਲੇਰਕੋਟਲੇ ਵੱਲ ਵਧਿਆ। ਨਵਾਬ ਦੇ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਨੇ ਸਰਹਿੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤੇ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ 'ਲੋਹਗੜ੍ਹ' ਰੱਖਿਆ ਗਿਆ। ਸਰਹਿੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾ਼ਫ਼ੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾ਼ਫ਼ੀ ਸੁਰੱਖਿਅਤ ਸੀ। ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ: 'ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ' ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ' ਜਿਸ ਦਾ ਅਰਥ ਹੈ: ਸਿੱਕਾ ਮਾਰਿਆ ਦੋ ਜਹਾਨ ਉੱਤੇ, ਬ਼ਖ਼ਸ਼ਾਂ ਬ਼ਖ਼ਸ਼ੀਆਂ ਨਾਨਕ ਦੀ ਤੇਗ ਨੇ ਜੀ। ਫਤਹਿ ਸ਼ਾਹਿ ਸ਼ਾਹਾਨ



ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ। ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ: ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜੀਨਤੁ-ਤਖ਼ਤੁ, ਮੁਬਾਰਕ ਬ਼ਖ਼ਤ। ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿੱਥੇ-ਕਿੱਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-

ਦੇਗੋ ਤੇਗ਼ੋ ਫ਼ਤਹਿ ਓ ਨੁਸਰਤਿ ਬੇ-ਦਿਰੰਗ ਯਾ਼ਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ

ਅਰਥਾਤ- ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁ਼ਗਲ ਬਾਦਸ਼ਾਹਾਂ ਦੇ ਸੰਨਿ-ਜਲੂਸ ਦੀ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਨੇ ਭੀ ਸਰਹਿੰਦ ਦੀ ਫ਼ਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਅਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਉਸ ਨੇ ਇਹ ਸਭ ਕੁਝ ਮੁ਼ਗਲ ਬਾਦਸ਼ਾਹ ਦੀ ਨਕਲ ਦੇ ਤੌਰ 'ਤੇ ਇਸ ਲਈ ਕੀਤਾ ਕਿ ਸਿੰਘਾਂ ਵਿਚ ਮੁ਼ਗਲਾਂ ਦੀ ਬਰਾਬਰੀ ਦੀ ਸਪਿਰਟ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਫ਼ਰਕ ਇੰਨਾ ਹੈ ਕਿ ਮੁ਼ਗਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ 'ਤੇ ਚੱਲਦੇ ਸਨ ਪਰ ਖਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਆਪਣੇ ਨਿੱਜੀ ਨਾਂ 'ਤੇ ਕੁਝ ਨਹੀਂ ਕਰਦਾ ਸੀ। ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇ਼ਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਫਤਹਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ। ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਨੇ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ।

ਅਕਤੂਬਰ 1710 ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਆ ਟਿਕੇ। ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਬਾ ਬੰਦਾ ਸਿੰਘ ਪਿੱਛੇ ਹਟ ਕੇ ਪਹਾੜਾਂ ਵੱਲ ਚਲਾ ਗਿਆ। ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ।

18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫ਼ਰੁੱਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ਦਾ ਲਾਭ ਉਠਾਇਆ ਤੇ ਬਾਬਾ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁ਼ਗਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਨਾਲ ਮਰਨ ਲੱਗੇ। ਬੰਦਾ ਸਿੰਘ ਨੂੰ ਲੱਗਭਗ 737 ਸਾਥੀਆਂ ਸਮੇਤ ਗ੍ਰਿ਼ਫ਼ਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ 5 ਮਾਰਚ, 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ ਤਕਰੀਬਨ 100 ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਤਕਰੀਬਨ ਤਿੰਨ ਮਹੀਨੇ ਤਕ ਅੰਤਾਂ ਦਾ ਜਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ 9 ਜੂਨ, 1716 ਈ ਨੂੰ ਬਾਬਾ ਬੰਦਾ ਸਿੰਘ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬਾਬਾ ਬੰਦਾ ਸਿੰਘ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਉਸ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਦੇ ਗਲ ਵਿਚ ਪਾਇਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸ਼ਹੀਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਇਸ ਸਾਰੇ ਜ਼ੁਲਮ-ਸਿਤਮ ਦੌਰਾਨ ਪੂਰੀ ਤਰ੍ਹਾਂ ਅਡੋਲ ਰਹੇ। ਇਸ ਤਰ੍ਹਾਂ ਉਨ੍ਹਾਂ ਸਿੱਖ ਸ਼ਹੀਦੀ ਵਿਰਾਸਤ ਉੱਤੇ ਪੂਰਾ ਪਹਿਰਾ ਦਿੱਤਾ।

ਅੰਗਰੇਜ਼ ਇਤਿਹਾਸਕਾਰ ਮੈਗਰੇਗਰ ਲਿਖਦਾ ਹੈ, ''ਬੰਦਾ ਸਿੰਘ ਬਹਾਦਰ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚੱਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜਾਰੇ ਤੇ ਕਿਸਾਨਾਂ ਨੂੰ ਜ਼ਿਮੀਂਦਾਰਾਂ ਤੇ ਸਿੱਖ ਸਰਦਾਰ ਬਣਾ ਦਿੱਤਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਜ਼ਾਦ ਲੋਕ-ਰਾਜ ਦੀ ਸਥਾਪਨਾ ਕੀਤੀ। ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ। ਉਹ ਪ੍ਰਬੰਧਕ ਬਹੁਤ ਦੱਬੇ-ਕੁਚਲੇ ਲੋਕਾਂ ਵਿੱਚੋਂ ਹੀ ਹੁੰਦਾ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਆਜ਼ਾਦੀ ਦਾ ਅਨੰਦ ਮਾਣਿਆ।

ਪੰਜਾਬ ਟਾਈਮਜ਼ ਵਿਚ ਚਾਰ (4) ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ, 65 ਪੌਂਡ ਮੋਟੇ ਅੱਖਰਾਂ ਵਿੱਚ ਛਪਵਾਉਣ ਲਈ



**MATRIMONIAL**

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



Matrimonial advert is only £60 for 4 weeks (£65 for Boxed)

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jat Sikh family seek match for their daughter, 30 years old, 5'4" tall, graduate in criminology law, and employed as police officer in UK, The boy should be from Jat Sikh family and permanent British citizen, degree holder with good job. Please contact on mobile 07957-472477 or reply to ref. 838 (9027)

ਪੰਜਾਬੀ ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੇ 35 ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਉਹ ਯੂ ਕੇ ਵਿੱਚ 13 ਸਾਲਾਂ ਤੋਂ ਪੱਕੇ ਤੋਰ ਤੇ ਰਹਿ ਰਿਹਾ ਹੈ। ਜਾਤ ਪਾਤ ਦਾ ਕੋਈ ਫ਼ਰਕ ਨਹੀਂ ਹੈ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਕੋਈ ਦਾਜ ਦਹੇਜ ਨਹੀਂ ਅਤੇ ਵਿਆਹ ਲੈਣ ਦੇਣ ਤੋਂ ਬਿਨਾ ਕੀਤਾ ਜਾਵੇਗਾ। ਚਾਹਵਾਨ ਲੜਕੀ ਦੇ ਪਰਿਵਾਰ ਵਾਲੇ ਲੜਕੇ ਦੇ ਚਾਚੇ ਨਾਲ 07970 674379 ਨੰਬਰ ਤੇ ਗੱਲਬਾਤ ਕਰ ਸਕਦੇ ਹਨ, ਜਾਂ ਦਿੱਤੇ ਹੋਏ ਰੈਫਰੈਂਸ ਤੇ ਜਵਾਬ ਦਿਓ reply to ref. 844 (9022)

Respectable family Seek Match for Panjabi Hindu Girl, aged 37 years, 5ft 2in tall, slim, Beautiful, Study level 12th pass. She is deaf and dumb impaired hearing, speaks very little. She can comunicate by sign language. The boy should be permanent British citizen, divorcee can be considered. Please contact on 07846-908297 or reply to ref: No. 843 (9022)

Respectable Arora Sikh family seeking a suitable match for their British born son, he is a doctor (GP), 41 years old, 5'10" tall, clean-shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (9020)

**3 FOR 1 ADVERTISING**
YOUR ADVERT WILL APPEAR IN
*SOLD EDITION *FREE EDITION *ONLINE
Tel: 01332-372851

**CHANGE OF NAME**

Please one tick box
☐ £25 Publication in U.K. only
☐ £25 Publication in India only
☐ £45 Publication in U.K. & India

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

SUBJECT TO THE APPROVAL OF THE HIGH COMMISSION OF INDIA, LONDON.

Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com

TO PAY BY CREDIT CARD TEL: 01332-372851


# ਅਮਰੀਕਾ ਦੇ 12 ਤੋਂ ਵਧ ਰਾਜਾਂ ਨੇ 'ਸਟੇਅ ਐਟ ਹੋਮ' ਦੇ ਹੁਕਮ ਵਾਪਿਸ ਲਏ

## * ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ, ਕੁਲ ਮੌਤਾਂ 83425,



ਵਾਸ਼ਿੰਗਟਨ 13 ਮਈ (ਹੁਸਨ ਲੜੋਆ ਬੰਗਾ)— ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ ਹੋਈਆਂ ਹਨ ਜਿਨਾਂ ਨਾਲ ਮ੍ਰਿਤਕਾਂ ਦੀ ਕੁਲ ਗਿਣਤੀ 83425 ਹੋ ਗਈ ਹੈ। ਨਵੇਂ ਮਰੀਜ਼ ਆਉਣ ਦੀ ਰਫ਼ਤਾਰ ਪਹਿਲਾਂ ਵਾਂਗ ਹੀ ਜਾਰੀ ਹੈ ਤੇ 22802 ਨਵੇਂ ਮਰੀਜ਼ ਸਾਹਮਣੇ ਆਏ ਹਨ। ਮਰੀਜ਼ਾਂ ਦੀ ਕੁਲ ਗਿਣਤੀ 14,08,636 ਹੋ ਗਈ ਹੈ। ਇਹ ਇਕ ਰਾਹਤ ਦੇਣ ਵਾਲੀ ਖਬਰ ਹੈ ਕਿ ਮੌਤ ਦਰ ਨਿਰੰਤਰ ਘਟ ਰਹੀ ਹੈ ਤੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਧ ਰਹੀ ਹੈ। ਕੁਲ 3,80,171 ਮਰੀਜ਼ਾਂ ਵਿਚੋਂ 2,96,746 ਮਰੀਜ਼ ਠੀਕ ਹੋਏ ਹਨ ਜਿਨਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸ ਤਰਾਂ ਠੀਕ ਹੋਣ ਦੀ ਦਰ 78% ਹੈ ਜਦ ਕਿ ਮੌਤ ਦਰ 22% ਹੈ। ਇਸੇ ਦੌਰਾਨ 'ਸਟੇਅ ਐਟ ਹੋਮ' ਦੇ ਹੁਕਮਾਂ ਵਿਚ ਢਿੱਲ ਦੇਣ ਦਾ ਅਮਲ ਜਾਰੀ ਹੈ ਤੇ 12 ਤੋਂ ਵਧ ਰਾਜ ਇਹ ਹੁਕਮ ਵਾਪਿਸ ਲੈ ਚੁੱਕੇ ਹਨ।

**ਵੈਕਸੀਨ ਦੀ ਖੋਜ਼ ਸੰਭਵ–**

ਚੋਟੀ ਦੇ ਸਿਹਤ ਅਧਿਕਾਰੀ ਡਾ ਐਨਥਨੀ ਫੌਕੀ ਨੇ ਕਿਹਾ ਹੈ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਵੈਕਸੀਨ ਦੀ ਖੋਜ਼ ਸੰਭਵ ਹੈ ਪਰ ਇਹ ਖੋਜ਼ ਅਗਸਤ ਵਿਚ ਸਕੂਲ ਖੁਲਣ ਤੋਂ ਪਹਿਲਾਂ ਸੰਭਵ ਨਹੀਂ ਹੈ। ਸੈਨੇਟ ਦੇ ਇਕ ਪੈਨਲ ਨੂੰ ਡਾ ਫੌਕੀ ਨੇ ਕਿਹਾ ਕਿ 'ਸਟੇਅ ਐਟ ਹੋਮ' ਪਾਬੰਦੀਆਂ ਵਿਚ ਢਿੱਲ ਬਹੁਤ ਹੀ ਸੋਚ ਸਮਝਕੇ ਦੇਣੀ ਪਵੇਗੀ ਐਲਰਜੀ ਤੇ ਲਾਗ ਦੀਆਂ ਬਿਮਾਰੀਆਂ ਬਾਰੇ ਕੇਂਦਰ ਦੇ ਮੁੱਖੀ ਡਾ ਫੌਕੀ ਚੋਟੀ ਦੇ ਉਨਾਂ 4 ਸਿਹਤ ਅਧਿਕਾਰੀਆਂ ਵਿਚ ਸ਼ਾਮਿਲ ਹਨ ਜਿਨਾਂ ਨੇ ਸਿਹਤ, ਸਿੱਖਿਆ ਤੇ ਲੇਬਰ ਲਈ ਅਰਥਵਿਵਸਥਾ ਖੋਲਣ ਬਾਰੇ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ। ਉਨਾਂ ਕਿਹਾ ਕਿ ਸੰਘੀ ਦਿਸ਼ਾ ਨਿਰਦੇਸ਼ਾਂ 'ਤੇ ਚਲਦਿਆਂ ਲੋਕਾਂ ਦੇ ਟੈਸਟ ਕਰਨ, ਮਰੀਜ਼ ਦੇ ਸੰਪਰਕ ਵਿਚ ਆਏ ਲੋਕਾਂ ਦਾ ਪਤਾ ਲਾਉਣ ਤੇ ਉਨਾਂਨੂੰ ਇਕਾਂਤਵਾਸ ਵਿਚ ਰਖਣ ਨਾਲ ਕੁਝ ਦੁੱਖ ਝਲਣਾ ਪੈ ਸਕਦਾ ਹੈ ਪਰ ਇਸ ਨਾਲ ਮੌਤਾਂ ਰੋਕੀਆਂ ਜਾ ਸਕਦੀਆਂ ਹਨ।

**ਦਰਜ਼ਨ ਤੋਂ ਵਧ ਰਾਜਾਂ ਨੇ ਪਾਬੰਦੀਆਂ ਹਟਾਈਆਂ--**

ਦਰਜ਼ਨ ਤੋਂ ਵਧ ਰਾਜਾਂ ਦੇ ਗਵਰਨਰਾਂ ਨੇ ਅਰਥਵਿਵਸਥਾ ਉਪਰ ਲੱਗੀਆਂ ਪਾਬੰਦੀਆਂ ਹਟਾ ਲਈਆਂ ਹਨ ਤੇ ਕਾਰੋਬਾਰਾਂ ਨੂੰ ਆਮ ਵਾਂਗ ਕਰਨ ਦੇ ਯਤਨ ਹੋ ਰਹੇ ਹਨ। ਇਨਾਂ ਰਾਜਾਂ ਵਿਚ ਸਟੇਅ ਐਟ ਹੋਮ ਦੇ ਹੁਕਮ ਵਾਪਿਸ ਲੈ ਲਏ ਗਏ ਹਨ। ਹਾਲਾਂ ਕਿ ਨਿਊਯਾਰਕ ਵਰਗੇ ਰਾਜ ਜਿਥੇ ਸਭ ਤੋਂ ਵਧ ਮੌਤਾਂ ਹੋਈਆਂ ਹਨ, ਵਿਚ ਪਾਬੰਦੀਆਂ ਹਟਾਉਣ ਨੂੰ ਲੈ ਕੇ ਚੋਟੀ ਦੇ ਸਿਹਤ ਅਧਿਕਾਰੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਪਰ ਉਥੇ ਵੀ ਪਾਬੰਦੀਆਂ ਵਿਚ ਢਿੱਲ ਦੇਣ ਦੀ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ। ਅਰਕਾਨਸਸ,ਲੋਵਾ, ਨੈਬਰਸਕਾ, ਉਤਰੀ ਡਕੋਤਾ ਤੇ ਦੱਖਣੀ ਡਕੋਤਾ ਅਜਿਹੇ 5 ਰਾਜ ਹਨ ਜਿਥੇ ਨਾ ਰਾਜ ਪੱਧਰ ਤੇ ਨਾ ਸਥਾਨਕ ਪੱਧਰ ਉਪਰ ਪਾਬੰਦੀਆਂ ਲਾਈਆਂ ਗਈਆਂ ਸਨ। ਇਨਾਂ ਰਾਜਾਂ ਵਿਚ ਕਾਰੋਬਾਰੀ ਗਤੀਵਿਧੀਆਂ ਤੇ ਲੋਕਾਂ ਦੀ ਆਵਾਜਾਈ ਆਮ ਵਾਂਗ ਜਾਰੀ ਰਹੀ ਹੈ। ਜਿਨਾਂ ਰਾਜਾਂ ਵਿਚ ਪਾਬੰਦੀਆਂ ਵਾਪਿਸ ਲਈਆਂ ਗਈਆਂ ਹਨ ਉਨਾਂ ਵਿਚ ਅਲਾਬਮਾ,ਅਲਾਸਕਾ, ਫਲੋਰੀਡਾ, ਜਾਰਜੀਆ, ਇੰਡਿਆਨਾ, ਕਨਸਾਸਾ, ਮਿਸੀਸਿਪੀ, ਮਿਸੋਰੀ, ਮੋਨਟਾਨਾ, ਸਾਊਥ ਕੈਰੋਲੀਨਾ, ਟੈਨੇਸੀ, ਟੈਕਸਾਸ, ਤੇ ਉਟਾਹ ਸ਼ਾਮਿਲ ਹਨ।

# ਕੋਰੋਨਾ ਵਾਇਰਸ ਦੀ ਵੈਕਸੀਨ ਦਾ ਮਿਲਣਾ ਜਰੂਰੀ ਨਹੀਂ - ਬੌਰਿਸ ਜੌਹਨਸਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੁਨੀਆ ਭਰ ਦੇ ਵਿਗਿਆਨੀ ਕੋਵਿਡ-19 ਮਹਾਮਾਰੀ ਦੇ ਇਲਾਜ ਦਾ ਕੋਈ ਟੀਕਾ ਜਾਂ ਦਵਾਈ ਲੱਭਣ ਵਿਚ ਲੱਗੇ ਹੋਏ ਹਨ। ਇਸ ਸੰਬੰਧੀ ਬਰਤਾਨੀਆਂ ਅਤੇ ਅਮਰੀਕਾ 'ਤੇ ਵਿਸ਼ਵ ਦੀ ਖਾਸ ਨਜ਼ਰ ਹੈ। ਭਾਵੇਂ ਯੂ ਕੇ ਦੀ ਆਕਸਫੋਰਡ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਵੈਕਸੀਨ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਸਤੰਬਰ ਤੱਕ ਲੱਖਾਂ ਟੀਕੇ ਬਣ ਕੇ ਤਿਆਰ ਹੋ ਜਾਣਗੇ। ਪਰ ਇਸ ਦਾ ਪ੍ਰਯੋਗ ਅਜੇ ਜਾਰੀ ਹੈ ਸ਼ੁਰੂਆਤੀ ਨਤੀਜਿਆਂ ਦੇ ਅਧਾਰ 'ਤੇ ਉਤਪਾਦਨ ਸ਼ੁਰੂ ਕੀਤਾ ਹੋਇਆ ਹੈ। ਇਹਨਾਂ ਕੁਝ ਹੋਣ ਦੇ ਬਾਵਜੂਦ ਵੀ ਯੂ ਕੇ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਕਿਹਾ ਹੈ ਕਿ ਕੋਰੋਨਾ ਦੀ ਵੈਕਸੀਨ ਮਿਲ ਜਾਵੇ ਇਸ ਦੀ ਕੋਈ ਗਾਰੰਟੀ ਨਹੀਂ ਹੈ।ਉਹਨਾ ਕਿਹਾ ਕਿ ਹੋ ਸਕਦਾ ਹੈ ਕਿ ਸਾਨੂੰ ਇਸ ਬੀਮਾਰੀ ਦੇ ਨਾਲ ਲੰਬੇ ਸਮੇਂ ਤੱਕ ਰਹਿਣਾ ਪਵੇ। ਭਾਵੇਂਕਿ ਬ੍ਰਿਟੇਨ ਵਿਚ ਕਈ ਵੱਖ-ਵੱਖ ਸੰਸਥਾਵਾਂ ਕੋਰੋਨਾ ਦੀ ਵੈਕਸੀਨ ਬਣਾਉਣ 'ਤੇ ਕੰਮ ਕਰ ਰਹੀਆਂ ਹਨ। ਜੌਹਨਸਨ ਨੇ ਕਿਹਾ,''ਮੈਂ ਆਸ, ਆਸ ਅਤੇ ਆਸ ਕਰਦਾ ਹਾਂ ਕਿ ਅਸੀਂ ਅਜਿਹੀ ਵੈਕਸੀਨ ਬਣਾ ਲਵਾਂਗੇ ਜਿਸ ਨਾਲ ਵਾਇਰਸ ਨੂੰ ਹਰਾਉਣ ਵਿਚ ਸਫਲ ਹੋਵਾਂਗੇ। ਆਕਸਫੋਰਡ ਵਿਚ ਜੋ ਹੋ ਰਿਹਾ ਹੈ ਉਸ ਨਾਲ ਸਾਨੂੰ ਹੌਂਸਲਾ ਵਧਾਉਣ ਵਾਲੀ ਚੀਜ਼ਾਂ ਸੁਣਨ ਨੂੰ ਮਿਲ ਰਹੀਆਂ ਹਨ।''ਉਹਨਾ ਇਹ ਵੀ ਕਿਹਾ ਕਿ 18 ਸਾਲ ਬਾਅਦ ਵੀ ਸਾਰਸ ਲਈ ਸਾਡੇ ਕੋਲ ਕੋਈ ਵੈਕਸੀਨ ਨਹੀਂ ਹੈ। ਯੂ ਕੇ ਚੀਫ ਵਿਗਿਆਨੀ ਸਲਾਹਕਾਰ ਸਰ ਪੈਟ੍ਰਿਕ ਕਲਾਂਸ ਕੋਰੋਨਾ 'ਤੇ ਆਸ਼ਾਵਾਦੀ ਗੱਲਾਂ ਕਰ ਰਹੇ ਹਨ।

# ਭਾਰਤ ਤੋਂ 13500 ਬਰਤਾਨਵੀ ਨਾਗਰਿਕ ਆਏ ਵਾਪਿਸ-ਰਾਬ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੋਰੋਨਾ ਵਾਇਰਸ ਕਾਰਨ ਲਾਕ ਡਾਊਨ ਦੇ ਚੱਲਦਿਆਂ ਭਾਰਤ ਵਿਚ ਫਸੇ ਤਕਰੀਬਨ 13,500 ਬ੍ਰਿਟਿਸ਼ ਨਾਗਰਿਕਾਂ ਨੂੰ ਵਤਨ ਵਾਪਸ ਲਿਆਂਦਾ ਗਿਆ ਹੈ। ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ (ਐਫ਼ਸੀ੍ਓ) ਨੇ ਨੇ ਕਿਹਾ ਕਿ ਕੋਰੋਨਾ ਵਾਇਰਸ ਦੇ ਫੈਲਣ ਤੋਂ ਬਾਅਦ ਤੋਂ 27 ਵੱਖ-ਵੱਖ ਦੇਸ਼ਾਂ ਅਤੇ ਖੇਤਰਾਂ ਤੋਂ ਬਰਤਾਨਵੀ ਸਰਕਾਰ ਦੀਆਂ 142 ਚਾਰਟਰ ਫਲਾਈਟਾਂ ਰਾਹੀਂ ਹੁਣ ਤੱਕ 30,000 ਤੋਂ ਜ਼ਿਆਦਾ ਬਰਤਾਨਵੀ ਯਾਤਰੀ ਯੂ ਕੇ ਪਰਤ ਚੁੱਕੇ ਹਨ। ਸ਼ਨੀਵਾਰ ਸ਼ਾਮ ਨੂੰ ਅੰਮ੍ਰਿਤਸਰ ਤੋਂ 30,000ਵਾਂ ਯਾਤਰੀ ਯੂ ਕੇ ਪਰਤਿਆ ਹੈ। ਬਰਤਾਨੀਆਂ ਦੇ ਵਿਦੇਸ਼ ਮੰਤਰੀ ਡੌਮਨਿਕ ਰਾਬ ਨੇ ਕਿਹਾ ਕਿ ਅਸੀਂ 27 ਦੇਸ਼ਾਂ ਤੋਂ 30,000 ਬਰਤਾਨਵੀ ਯਾਤਰੀਆਂ ਨੂੰ ਵਾਪਸ ਲਿਆਂਦਾ ਹੈ। ਅਸੀਂ ਦੁਨੀਆ ਭਰ ਵਿਚ ਫਸੇ ਹੋਏ ਬਰਤਾਨਵੀ ਨਾਗਰਿਕਾਂ ਨੂੰ ਸੁਰੱਖਿਅਤ ਘਰ ਲਿਆਉਣ ਲਈ ਦਿਨ ਰਾਤ ਲੱਗੇ ਹੋਏ ਹਾਂ।

# ਲੋੜਵੰਦਾਂ ਦੀ ਮਦਦ ਲਈ ਫਿਰ ਅੱਗੇ ਆਏ ਸਲਮਾਨ ਖ਼ਾਨ



ਮੁੰਬਈ-ਲੌਕਡਾਊਨ ਨੇ ਲੋਕਾਂ ਨੂੰ ਘਰਾਂ ਵਿਚ ਕੈਦ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ ਸਭ ਤੋਂ ਪ੍ਰੇਸ਼ਾਨ ਮਜ਼ਦੂਰ ਵਰਗ ਹੈ, ਜੋ ਰੋਜ਼ ਕਮਾਉਂਦਾ ਹੈ ਤੇ ਖਾਂਦਾ ਹੈ। ਬਾਲੀਵੁੱਡ ਕਲਾਕਾਰ ਅਜਿਹੇ ਲੋਕਾਂ ਦੀ ਮਦਦ ਲਈ ਲਗਾਤਾਰ ਅੱਗੇ ਆ ਰਹੇ ਹਨ। ਸਲਮਾਨ ਖ਼ਾਨ ਵੀ ਉਨ੍ਹਾਂ ਸੈਲੇਬ੍ਰਿਟੀਜ਼ ਵਿਚ ਸ਼ਾਮਲ ਹਨ, ਜੋ ਹਰ ਸੰਭਵ ਤਰੀਕੇ ਨਾਲ ਲੋਕਾਂ ਦੀ ਮਦਦ ਕਰ ਰਹੇ ਹਨ।

ਫ਼ਿਲਮ ਇੰਡਸਟਰੀ ਦੇ 25 ਹਜ਼ਾਰ ਦਿਹਾੜੀ ਮਜ਼ਦੂਰਾਂ ਦੀ ਮਦਦ ਹੋਵੇ ਜਾਂ ਭੁੱਖਿਆਂ ਨੂੰ ਭੋਜਨ ਦੇਣ ਲਈ ਰਾਸ਼ਨ ਦੇ ਪ੍ਰਬੰਧ ਕਰਨਾ ਹੋਵੇ। ਬਾਲੀਵੁੱਡ ਦੇ ਮੋਸਟ ਵਾਂਟੇਡ ਭਾਈ ਸਲਮਾਨ ਖਾਨ ਇਸ ਮੁਸ਼ਕਲ ਸਮੇਂ ਵਿੱਚ ਲੋਕਾਂ ਦੀ ਲਗਾਤਾਰ ਮਦਦ ਕਰ ਰਹੇ ਹਨ। ਇੱਕ ਵਾਰ ਫਿਰ ਸਲਮਾਨ ਖ਼ਾਨ ਗਰੀਬਾਂ ਲਈ ਮਸੀਹਾ ਬਣ ਕੇ ਆਏ। ਉਨ੍ਹਾਂ ਨੇ ਹੁਣ ਕੋਰੋਨਾ ਮਰੀਜ਼ਾਂ ਤੇ ਲੋੜਵੰਦਾਂ ਲਈ ਇੱਕ ਫੂਡ ਟਰੱਕ ਸ਼ੁਰੂ ਕੀਤਾ ਹੈ, ਜੋ ਉਨ੍ਹਾਂ ਤਕ ਰਾਸ਼ਨ ਆਦਿ ਪਹੁੰਚਾਏਗਾ। ਲੋਕ ਸੋਸ਼ਲ ਮੀਡੀਆ 'ਤੇ ਸਲਮਾਨ ਦੇ ਇਸ ਕਦਮ ਦੀ ਸ਼ਲਾਘਾ ਕਰ ਰਹੇ ਹਨ।




## ਕਾਰਟੂਨ ਕੋਨਾ

ਤੇਜਿੰਦਰ ਮਨਚੰਦਾ, ਪੈਰਿਸ
Email:manchanda-arts@live.fr












# CORONAVIRUS TESTS NOW AVAILABLE FOR MILLIONS MORE

It's easy to book a test at **gov.uk/coronavirus** if you or anyone in your household has symptoms

**This applies to:**

- Essential workers
- Anyone who must leave home for work
- People over 65

**STAY ALERT ▸ CONTROL THE VIRUS ▸ SAVE LIVES**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.